
ਸਿੱਖੀ ਦੀਆਂ ਵਾਟਾਂ







ਚਰਨ ਸਿੰਘ 'ਸ਼ਫ਼ਰੀ'



ਕਵੀਸ਼ਰੀ ਦੀਆਂ ਕੁਝ ਉੱਤਮ ਪੁਸਤਕਾਂ :

- ਸਿੱਖੀ ਦੀਆਂ ਵਾਟਾਂ : ਲੇਖਕ ਚਰਨ ਸਿੰਘ ਸਫ਼ਰੀ
- ਲਹੂ ਦੀਆਂ ਵਾਟਾਂ : ਲੇਖਕ ਚਰਨ ਸਿੰਘ ਸਫ਼ਰੀ
- ਅੰਮ੍ਰਿਤ ਭਿੱਜੇ ਬੋਲ : ਲੇਖਕ ਚਰਨ ਸਿੰਘ ਸਫ਼ਰੀ
- ਅਣਿਆਲੇ ਤੀਰ : ਵਿਧਾਤਾ ਸਿੰਘ ਤੀਰ
- ਨਵੇਂ ਨਿਸ਼ਾਨੇ : ਵਿਧਾਤਾ ਸਿੰਘ ਤੀਰ
- ਚਮਕਣ ਤਾਰੇ : ਗੁਰਦਿੱਤ ਸਿੰਘ ਕੁੰਦਨ

ਸਿੱਖੀ ਦੀਆਂ ਵਾਟਾਂ

(ਦਸ ਗੁਰੂ ਸਾਹਿਬਾਨ ਦੇ ਨਿਰਾਲੇ ਕੌਤਕ ਤੇ ਸ਼ਹੀਦਾਂ ਦੇ ਕਾਰਨਾਮੇ)

ਚਰਨ ਸਿੰਘ 'ਸਫ਼ਰੀ'

ਸੁਖਜੀਵਨ ਸਿੰਘ ਸਫ਼ਰੀ

01883-286695

285695

98154-40453

94653-26562

ਨਿਊ ਬੁੱਕ ਕੰਪਨੀ

ਮਾਈ ਹੀਰਾਂ ਗੇਟ, ਜਲੰਧਰ।

ਆਪਣੇ ਜਜ਼ਬਾਤ ਭਰਪੂਰ ਸ਼ੇਅਰਾਂ ਨੂੰ ਬਿਆਨ ਕਰਨ ਦਾ ਢੰਗ, ਹਰ ਇਕ ਸ਼ੇਅਰ ਵਿਚ ਨਵੀਂ ਨਵੇਲੀ ਤਸਵੀਰ ਬਣਾਉਣ ਦਾ ਹੁਨਰ, ਰੂਪਕਾਂ, ਉਪਮਾਵਾਂ ਤੇ ਅਲੰਕਾਰਾਂ ਨਾਲ ਸ਼ੇਅਰਾਂ ਨੂੰ ਸੁਣਾਉਣ, ਸੰਵਾਰਨ ਤੇ ਸ਼ਿੰਗਾਰਨ ਦੀ ਸਮਰੱਥਾ, ਢੁਕਵੇਂ ਸ਼ਬਦ, ਮੁਹਾਵਰੇਦਾਰ ਦਿਲ ਖਿੱਚਵੀਂ ਜ਼ੁਬਾਨ ਅਤੇ ਕਲਾ ਪੱਖ ਵਿਚ ਸੰਪੂਰਨ ਕਲਾਮ, ਉਹਨਾਂ ਦੇ ਕੁਦਰਤੀ ਕਵੀ ਹੋਣ ਦੇ ਨਾਲ-ਨਾਲ ਲੰਮੇ ਅਭਿਆਸ ਦਾ ਸਿੱਟਾ ਹਨ। ਇਹੋ ਜਿਹੀਆਂ ਸੁੰਦਰ ਕਵਿਤਾਵਾਂ ਰਚਣ ਵਿਚ ਉਨ੍ਹਾਂ ਦੀ ਆਪਣੇ ਸਰਵ-ਸ੍ਰੇਸ਼ਟ ਧਰਮ ਅਤੇ ਸ਼ਹੀਦਾਂ ਦੇ ਪਵਿੱਤਰ ਲਹੂ ਨਾਲ ਰੰਗੇ ਹੋਏ ਸਿੱਖ ਇਤਿਹਾਸ ਦੀ ਭਰਪੂਰ ਵਾਕਫ਼ੀਅਤ ਦਾ ਕਾਫ਼ੀ ਹੱਥ ਹੈ।

ਮੈਨੂੰ ਪੂਰਨ ਆਸ ਹੈ ਕਿ ਪੰਜਾਬੀ ਦੇ ਇਸ ਹਰਮਨ ਪਿਆਰੇ ਸ਼੍ਰੋਮਣੀ ਕਵੀ ਦੀਆਂ ਇਸ ਪੁਸਤਕ ਵਿਚਲੀਆਂ ਕਵਿਤਾਵਾਂ ਧਾਰਮਿਕ ਸਾਹਿਤ ਦਾ ਸ਼ਿੰਗਾਰ ਬਣਨਗੀਆਂ। ਜਿੱਥੇ ਅਜੋਕੀ ਪੀੜ੍ਹੀ ਇਹਨਾਂ ਕਵਿਤਾਵਾਂ ਨੂੰ ਪੜ੍ਹ ਕੇ, ਸੁਣ ਕੇ ਸਿੱਖੀ ਕੇਸਾਂ ਸੁਆਸਾਂ ਸੰਗ ਨਿਭਾਉਣ ਦੀ ਰੀਤ ਨੂੰ ਪ੍ਰਵਾਨ ਚੜ੍ਹਾ ਰਹੀ ਹੈ, ਉੱਥੇ ਸਫ਼ਰੀ ਜੀ ਦੀਆਂ ਕਵਿਤਾਵਾਂ ਦੇ ਇਹ ਮੋਤੀ ਨਵੀਂ ਪਨੀਰੀ ਨੂੰ ਨਵਾਂ ਉਤਸ਼ਾਹ, ਨਵੇਂ ਜਜ਼ਬੇ, ਨਵਾਂ ਸਾਹਸ ਤੇ ਨਵੀਂ ਰੌਸ਼ਨੀ ਦੇਣਗੇ।

ਮੈਂ ਜਾਣ ਬੁੱਝ ਕੇ ਸਫ਼ਰੀ ਜੀ ਦੇ ਚੋਣਵੇਂ ਸ਼ੇਅਰ ਨਹੀਂ ਦੇ ਰਿਹਾ। ਕਿਉਂਕਿ ਮੈਂ ਚਾਹੁੰਦਾ ਹਾਂ ਕਿ ਪਾਠਕ ਆਪ ਸਾਰੀ ਪੁਸਤਕ ਦਾ ਅਧਿਐਨ ਕਰਨ, ਕਵੀ ਦੇ ਅਨੁਭਵ, ਉਸ ਦੀ ਕਲਪਨਾ ਤੇ ਸੋਚ ਉਡਾਰੀ ਨੂੰ ਪਰਖਣ। ਉਸ ਦੇ ਰਸੀਲੇ ਤੇ ਨਸ਼ੀਲੇ ਸ਼ੇਅਰਾਂ ਦਾ ਅਨੰਦ ਮਾਨਣ, ਤਾਂ ਜੋ ਆਪਣੇ ਆਪ ਉਨ੍ਹਾਂ ਦੇ ਦਿਲਾਂ ਦੀਆਂ ਡੂੰਘਾਈਆਂ 'ਚੋਂ ਕਵੀ ਦੀ ਕਿਰਤ ਲਈ ਸ਼ੁੱਭ ਅਸੀਸਾਂ ਤੇ ਸ਼ੁੱਭ ਕਾਮਨਾਵਾਂ ਝਰਨੇ ਵਾਂਗੂੰ ਨਿਕਲਣ।

ਸੋ ਅੰਤ ਵਿਚ ਜਿਥੇ ਮੈਂ ਪੰਜਾਬੀ ਕਵਿਤਾ ਦੇ ਪ੍ਰੇਮੀਆਂ ਅਤੇ ਸਿੱਖੀ ਸਿਦਕ ਦੀ ਸ਼ਮ੍ਹਾ 'ਤੇ ਸੜਨ ਵਾਲੇ ਪ੍ਰਵਾਨਿਆਂ ਨੂੰ ਇਸ ਪੁਸਤਕ ਨੂੰ ਪੜ੍ਹਨ ਤੇ ਵਿਚਾਰਨ ਲਈ ਬੇਨਤੀ ਕਰਦਾ ਹਾਂ, ਉੱਥੇ ਆਪਣੇ ਮਿੱਤਰ, ਬਹੁਤ ਹੀ ਪਿਆਰੇ ਤੇ ਨਿੱਘੇ ਦੋਸਤ ਸਫ਼ਰੀ ਜੀ ਨੂੰ ਕਾਵਿ-ਕਲੀਆਂ ਦੇ ਇਸ ਅਤੀ ਸੁੰਦਰ ਗੁਲਦਸਤੇ ਨੂੰ ਪੰਜਾਬੀ ਸਾਹਿਤ ਦੀ ਭੇਟਾ ਕਰਨ 'ਤੇ ਮੁਬਾਰਕਬਾਦ ਪੇਸ਼ ਕਰਦਾ ਹੋਇਆ ਦੇਸ਼ ਤੇ ਪੰਥ ਦਾ 'ਕਾਸਦ' ਹੋਣ ਦੇ ਨਾਤੇ ਗੁਜ਼ਾਰਿਸ਼ ਕਰਦਾ ਹਾਂ ਕਿ ਅਜੇ ਪੰਜਾਬੀ ਮਾਂ-ਬੋਲੀ, ਪੰਜਾਬੀ ਕਵਿਤਾ ਦੇ ਅਣਥੱਕ ਤੇ ਸੁਹਿਰਦ 'ਸਫ਼ਰੀ' ਪਾਸੋਂ ਬਹੁਤ ਆਸ਼ਾ ਰੱਖਦੀ ਹੈ ਕਿਉਂਕਿ ਮਾਤ-ਭਾਸ਼ਾ ਦੇ ਖ਼ਜ਼ਾਨੇ ਨੂੰ ਭਰਪੂਰ ਕਰਨਾ ਹੀ ਇਕ ਚੰਗੇ ਸਫ਼ਰੀ ਦੀ ਸਰਵ-ਸ੍ਰੇਸ਼ਟ ਮੰਜ਼ਿਲ ਹੈ ਅਤੇ ਮੰਜ਼ਿਲ ਤੇ ਅੱਪੜਨਾ ਸਫ਼ਰੀ ਜੈਸੇ ਅਨੁਭਵੀ ਕਵੀ ਲਈ ਕੋਈ ਮੁਸ਼ਕਲ ਨਹੀਂ। ਭਾਵੇਂ ਸਫ਼ਰੀ ਟੱਪਰੀਵਾਸਾਂ ਵਾਲਾ ਜੀਵਨ ਜੀਵੇ ਜਾਂ ਫ਼ਕੀਰਾਂ ਵਾਲਾ, ਕਾਵਿ-ਸਾਹਿਤ ਨੂੰ ਅਮੀਰ ਕਰਨਾ ਉਸ ਦੀ ਜ਼ਿੰਦਗੀ ਦਾ ਪਹਿਲਾ ਫਰਜ਼ ਹੈ।

—ਪ੍ਰੀਤਮ ਸਿੰਘ "ਕਾਸਦ"

ਜੀ-12, ਕੀਰਤੀ ਨਗਰ,
ਨਵੀਂ ਦਿੱਲੀ-110015

ਤਤਕਰਾ

ਲੇਖਕ
ਚਰਨ ਸਿੰਘ 'ਸ.ਫ਼ਰੀ'
ਪਿੰਡ ਬੋਦਲਾਂ (ਗਰਨਾ ਸਾਹਿਬ)

ISBN 81-87476-10-9

ਤੀਜੀ ਵਾਰ	2002
ਮੁੱਲ	70.00 ਰੁਪਏ

✪ ਪ੍ਰਕਾਸ਼ਕ : ਮਹਿਤਾਬ ਸਿੰਘ, ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ।
ਫ਼ੋਨ : (S) 280045, 284325 (R) 234081
E-mail : newbookco@glide.net.in

✪ ਛਾਪਕ : ਸਰਤਾਜ ਪ੍ਰਿੰਟਿੰਗ ਪ੍ਰੈੱਸ, ਜੋਸ਼ੀ ਅਸਟੇਟ, ਸੋਢਲ ਰੋਡ, ਜਲੰਧਰ।
ਫ਼ੋਨ : 291035

✪ ਟਾਈਪ ਸੈਟਿੰਗ : ਸੁਰਜੀਤ ਕੰਪਿਊਟਰਜ਼, ਮਨਜੀਤ ਨਗਰ, ਬਸਤੀ ਸ਼ੇਖ਼, ਜਲੰਧਰ।
ਫ਼ੋਨ : 203346

ਮੇਰੇ ਵੱਲੋਂ

"ਸਿੱਖੀ ਦੀਆਂ ਵਾਟਾਂ" ਮੇਰਾ ਨਿਰੋਲ ਧਾਰਮਿਕ ਕਵਿਤਾਵਾਂ ਦਾ ਸੰਗ੍ਰਹਿ ਮੇਰੀ ਪੰਜਵੀਂ ਰਚਨਾ ਹੈ।

ਇਸ ਪੁਸਤਕ ਵਿਚ ਮੈਂ ਪਹਿਲੀ ਪਾਤਸ਼ਾਹੀ ਤੋਂ ਲੈ ਕੇ ਦਸਵੀਂ ਪਾਤਸ਼ਾਹੀ ਤੱਕ ਦੇ ਸੁਨਹਿਰੀ ਜੀਵਨ ਦੀਆਂ ਵਿਸ਼ੇਸ਼ ਝਲਕੀਆਂ ਤੇ ਸਿੱਖ ਸ਼ਹੀਦਾਂ ਦੇ ਸੁੰਦਰ ਕਾਰਨਾਮੇ ਆਪਣੀ ਕਵਿਤਾ ਵਿਚ ਲਿਖਣ ਦਾ ਜਤਨ ਕੀਤਾ ਹੈ।

ਮੈਂ ਆਪਣੀ ਤੁੱਛ ਬੁੱਧੀ ਅਨੁਸਾਰ ਹਰ ਕਵਿਤਾ ਨੂੰ ਸਵਾਰਨ ਤੇ ਨਿਖਾਰਨ ਦਾ ਪੂਰਾ-ਪੂਰਾ ਜਤਨ ਕੀਤਾ ਹੈ ਪਰੰਤੂ ਫੇਰ ਵੀ ਮੈਂ ਮਹਿਸੂਸ ਕਰਦਾ ਹਾਂ ਕਿ ਕਿਤੇ-ਕਿਤੇ ਮਾਪ ਤੋਲ ਜਾਂ ਖਿਆਲਾਂ ਦੀ ਗੋਂਦ ਦੀਆਂ ਕੁਝ ਗ਼ਲਤੀਆਂ ਰਹਿ ਗਈਆਂ ਹੋਣਗੀਆਂ। ਪਾਠਕ ਮੈਨੂੰ ਖ਼ਿਮਾਂ ਕਰਨਗੇ।

ਭਾਰਤ ਦੇ ਹਰ ਪ੍ਰਾਂਤ ਵਿਚ ਜਿੱਥੇ-ਜਿੱਥੇ ਵੀ ਪੰਜਾਬੀ ਬੋਲਣ ਵਾਲੀਆਂ ਗੁਰੂ ਦੀਆਂ ਸੰਗਤਾਂ ਨਿਵਾਸ ਰੱਖਦੀਆਂ ਹਨ ਉਨ੍ਹਾਂ ਵੱਲੋਂ ਮੈਨੂੰ ਧਾਰਮਿਕ ਸਮਾਗਮਾਂ ਉੱਤੇ ਬਾਕੀ ਕਵੀਆਂ ਦੇ ਨਾਲ-ਨਾਲ ਸੱਦੇ ਆਉਂਦੇ ਰਹਿੰਦੇ ਹਨ। ਕਵੀ ਦਰਬਾਰ ਦੀ ਸਮਾਪਤੀ ਉਪਰੰਤ ਬਹੁਤ ਸਾਰੇ ਗੁਰਮੁਖ ਕਿਤਾਬ ਦੀ ਮੰਗ ਕਰਦੇ ਹਨ ਪਰੰਤੂ ਕਿਤਾਬ ਨਾ ਛਪਣ ਕਰਕੇ ਕਿਤਾਬ ਦੇ ਚਾਹਵਾਨਾਂ ਨੂੰ ਵੀ ਮਾਯੂਸੀ ਹੁੰਦੀ ਸੀ ਤੇ ਮੈਨੂੰ ਵੀ।

ਹੁਣ ਉਹ ਗੱਲ ਨਹੀਂ ਰਹੀ। ਸਤਿਗੁਰੂ ਨਾਨਕ ਦੇਵ ਜੀ ਦੇ ਅਨਨ ਪੁਜਾਰੀ ਮਹਾਨ ਆਤਮਾ ਪਰਮ ਸੰਤ ਬਾਬਾ ਨਰਿੰਦਰ ਸਿੰਘ ਜੀ ਸੱਚ ਖੰਡ ਵਾਸੀ ਦੇ ਨਿਸ਼ਕਾਮ ਸੇਵਕ ਚੌਧਰੀ ਕਰਤਾਰ ਚੰਦ ਐੱਸ. ਈ. ਥੀਨ ਡੈਮ ਅਤੇ ਪੂਰਨ ਗੁਰਸਿੱਖ ਸ. ਅਮਰਜੀਤ ਸਿੰਘ ਬਾਜਵਾ ਤੇ ਮਦਨ ਲਾਲ ਖੋਸਲਾ ਦੇ ਵਿਸ਼ੇਸ ਉਦਾਰ ਚਿੱਤ ਤੇ ਹੌਸਲਾ ਅਫਜ਼ਾਈ ਸਦਕਾ ਇਹ ਪੁਸਤਕ ਛਪ ਕੇ ਤਿਆਰ ਹੋਈ ਏ। ਬਾਬਾ ਜੀ ਦੇ ਪਰਿਵਾਰ ਅਤੇ ਸ਼ਰਧਾਲੂਆਂ ਦੀ ਵੀ ਕਾਫ਼ੀ ਚਿਰ ਤੋਂ ਇਹ ਖ਼ਾਹਿਸ਼ ਸੀ ਕਿ ਸਫ਼ਰੀ ਦੀਆਂ ਸਾਰੀਆਂ ਧਾਰਮਿਕ ਕਵਿਤਾਵਾਂ ਇਕ ਪੁਸਤਕ ਦੇ ਰੂਪ ਵਿਚ ਛਪ ਜਾਣੀਆਂ ਚਾਹੀਦੀਆਂ ਹਨ। ਸੋ ਗੁਰੂ ਮਹਾਰਾਜ ਅਤੇ ਗੁਰੂ ਦੀਆਂ ਸੰਗਤਾਂ ਦਾ ਕੋਟਾਨ ਕੋਟ ਧੰਨਵਾਦ ਹੈ ਕਿ ਇਹ ਪੁਸਤਕ ਛਪ ਕੇ ਤਿਆਰ ਹੋਈ।

ਪਿਛਲੇ ਇਕ ਦੋ ਵਰ੍ਹੇ ਪਹਿਲਾਂ ਮੈਨੂੰ ਵਿਦੇਸ਼ ਜਾਣ ਦਾ ਸੁਭਾਗ ਪ੍ਰਾਪਤ ਹੋਇਆ।

ਕੈਨੇਡਾ ਵਿਚ ਸ੍ਰੀ ਗੁਰੂ ਸਿੰਘ ਸਭਾ ਟੋਰਾਂਟੋ, ਔਨਟੇਰੀਓ ਖ਼ਾਲਸਾ ਦਰਬਾਰ, ਡੈਕਸੀ ਅਤੇ ਵੈਨਕੂਵਰ ਦੀਆਂ ਗੁਰੂ ਸੰਗਤਾਂ ਨੇ ਮੇਰੀਆਂ ਕਵਿਤਾਵਾਂ ਉਚੇਚੇ ਤੌਰ 'ਤੇ ਸੁਣੀਆਂ ਤੇ ਹੌਸਲਾ-ਅਫਜ਼ਾਈ ਵੀ ਕੀਤੀ ਤੇ ਵਿਦੇਸ਼ ਦੀਆਂ ਸਿੰਘ ਸਭਾਵਾਂ ਨੇ ਮਾਣ-ਪੱਤਰ ਦੇ ਕੇ ਸਨਮਾਨਿਆ ਜਿਨ੍ਹਾਂ ਵਿਚ ਸ. ਰਣਯੋਧ ਸਿੰਘ ਪ੍ਰਧਾਨ ਔਨਟੇਰੀਓ ਖ਼ਾਲਸਾ ਦਰਬਾਰ ਕੈਨੇਡਾ (ਡੈਕਸੀ), ਸ. ਏ. ਐੱਸ. ਬਰਾੜ ਪ੍ਰਧਾਨ ਗੁਰਦੁਆਰਾ ਸਿੰਘ ਸਭਾ ਟੋਰਾਂਟੋ, ਸ. ਕਿਹਰ ਸਿੰਘ ਜਨਰਲ ਸਕੱਤਰ, ਸ. ਜੇ. ਐੱਸ. ਗਰੇਵਾਲ, ਸ. ਮਹਿੰਦਰ ਸਿੰਘ ਧਾਲੀਵਾਲ, ਸ. ਨਛੱਤਰ ਸਿੰਘ, ਸ. ਪ੍ਰੀਤਮ ਸਿੰਘ ਚੌਹਾਨ, ਸ. ਜਰਨੈਲ ਸਿੰਘ ਕਾਮਰੇਡ, ਸ. ਹਰਭਜਨ ਸਿੰਘ ਮੁਛਿਆਣਾ, ਬੀਬੀ ਕੁਲਦੀਪ ਕੌਰ ਅਤੇ ਮਸ਼ਹੂਰ ਗਾਇਕ ਦਲਜੀਤ ਕਲਿਆਣਪੁਰੀ ਆਦਿਕ ਸ਼ਾਮਲ ਹਨ।

ਟੋਰਾਂਟੋ ਤਿੰਨ ਮਹੀਨੇ ਦਾ ਸਮਾਂ ਕੱਟ ਕੇ ਮੈਨੂੰ ਸ. ਮਹਿੰਦਰ ਸਿੰਘ ਧਾਲੀਵਾਲ ਤੇ ਕੇਵਲ ਸਿੰਘ ਗਿੱਲ ਨੇ ਵੈਨਕੂਵਰ ਵਿਚ ਰਹਿਣ ਵਾਲੀਆ ਸੰਗਤਾਂ ਦੇ ਦਰਸ਼ਨਾਂ ਲਈ ਭੇਜਿਆ। ਮੈਂ ਉਸ ਮਹਾਨ ਗੁਰਦੁਆਰੇ ਦੇ ਵੀ ਦਰਸ਼ਨ ਕੀਤੇ ਜਿੱਥੇ ਕਨੇਡੀਅਨ ਸਰਕਾਰ ਨੇ ਗਦਰੀ ਬਾਬਿਆਂ ਦਾ ਜਹਾਜ਼ ਇੱਕੀ ਦਿਨ ਰੋਕੀ ਰੱਖਿਆ। ਹਰ ਗੁਰਦੁਆਰੇ ਦੇ ਪ੍ਰਬੰਧਕਾਂ ਵੱਲੋਂ ਮੈਨੂੰ ਮਾਣ-ਪੱਤਰ ਪ੍ਰਾਪਤ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਅਤੇ ਬਹੁਤ ਸਾਰੇ ਗੁਰਸਿੱਖਾਂ ਦੇ ਘਰੀਂ ਅਖੰਡ ਪਾਠਾਂ ਦੇ ਸਮੇਂ ਮੈਨੂੰ ਧਾਰਮਿਕ ਕਵਿਤਾਵਾਂ ਸੁਣਾਉਣ ਦਾ ਮੌਕਾ ਮਿਲਿਆ ਜਿਨ੍ਹਾਂ ਨੇ ਮੈਨੂੰ ਕਾਫ਼ੀ ਮਾਣ ਬਖ਼ਸ਼ਿਆ। ਸ. ਚੰਚਲ ਸਿੰਘ ਜੀ, ਸ. ਸ਼ਿਵਰਾਜ ਸਿੰਘ ਫਰਾਲਾ ਦੇ ਕੁੜਮ ਨੇ ਤਾਂ ਸੇਵਾ ਤੇ ਹੌਸਲਾ-ਅਫਜ਼ਾਈ ਵੱਲੋਂ ਕਮਾਲ ਹੀ ਕਰ ਛੱਡੀ। ਸ੍ਰੀ ਕੁਲਦੀਪ ਪ੍ਰਦੇਸੀ ਤੇ ਸ੍ਰੀ ਸੁਰਜੀਤ ਸਿੰਘ ਪੱਢਾ ਨੇ ਵੀ ਮੇਰੀ ਸੇਵਾ ਅਤੇ ਹੌਸਲਾ-ਅਫਜ਼ਾਈ ਵਿਚ ਕੋਈ ਕਸਰ ਨਾ ਛੱਡੀ।

ਯੂ. ਕੇ. ਦੀਆਂ ਗੁਰਸਿੱਖ ਸੰਗਤਾਂ ਨੇ ਵੀ ਮੇਰੀ ਹਰ ਧਾਰਮਿਕ ਕਵਿਤਾ ਨੂੰ ਬੜੇ ਪਿਆਰ ਨਾਲ ਸੁਣਿਆ ਤੇ ਮੈਨੂੰ ਸਨਮਾਨਿਆ। ਸ੍ਰੀ ਗੁਰੂ ਸਿੰਘ ਸਭਾ ਹੈਵੇਲੁਕਰੋਡ ਸਾਊਥਹਾਲ ਦੇ ਪ੍ਰਧਾਨ ਗਿਆਨੀ ਅਮੋਲਕ ਸਿੰਘ, ਸ. ਦਰਬਾਰਾ ਸਿੰਘ ਦਿਉਲ ਤੇ ਸ. ਹਰੀ ਸਿੰਘ ਬਿਲਗਾ ਰਜਿੰਦਰ ਸਿੰਘ, ਪੀ. ਟੀ. ਬੀ. ਐੱਸ. ਰੰਧਾਵਾ ਜੀ ਨੇ ਵੀ ਮੇਰੀ ਬੜੀ ਹੌਸਲਾ-ਅਫ਼ਜ਼ਾਈ ਕੀਤੀ। ਸਾਊਥ ਹਾਲ ਵੈਸਟਰਨ ਰੋਡ ਰਵੀਦਾਸ ਟੈਂਪਲ ਦੇ ਪ੍ਰਬੰਧਕਾਂ ਸ੍ਰੀਮਾਨ ਗੁਰਨਾਮ ਰਾਮ ਡੱਲੇਵਾਲਾ, ਸ੍ਰੀ ਗੁਰਨਾਮ ਪਵਾਰ ਤੇ ਸ੍ਰੀ ਬੀ. ਆਰ. ਬੱਧਣ ਨੇ ਮੈਨੂੰ ਹਰ ਧਾਰਮਿਕ ਸਥਾਨ 'ਤੇ ਲਿਜਾ ਕੇ ਸੰਗਤਾਂ ਦੇ ਦਰਸ਼ਨ ਕਰਾਏ। ਵੁਲਵਰਹੈਂਪਟਨ ਗੁਰਦੁਆਰਾ ਦੇ ਪ੍ਰਬੰਧਕਾਂ ਸ੍ਰੀ ਅਜੀਤ ਕੁਮਾਰ ਕੰਵਲ, ਸ੍ਰੀ ਪੀ. ਆਰ. ਹੀਰਾ, ਸ੍ਰੀ ਗੁਰਚਰਨ ਦਾਸ ਸੁਚੀ ਪਿੰਡੀਆ, ਸ੍ਰੀ ਹਰਨਾਮ ਦਾਸ ਲਾਖਾ, ਭੁਪਿੰਦਰ ਕੌਰ ਪ੍ਰਗਤੀ ਲਿਖਾਰੀ ਸਭਾ, ਸ੍ਰੀ ਭਗਤ ਰਾਮ ਸੋਹਪਾਲ ਤੇ ਗੁਰਮੀਤ ਹੋਰਾਂ ਵੀ ਮੇਰਾ ਕਾਫ਼ੀ ਹੌਸਲਾ ਵਧਾਇਆ।

ਡਾ. ਐੱਮ. ਐੱਸ. ਰੰਧਾਵਾ ਮੇਰੇ ਪਿੰਡ ਬੋਦਲਾਂ ਦੇ ਵਸਨੀਕ ਸਨ। ਉਹਨਾਂ ਨੇ ਮੇਰੀ ਸ਼ੁਰੂ ਤੋਂ ਹੀ ਬੜੀ ਹੌਸਲਾ-ਅਫਜ਼ਾਈ ਕੀਤੀ ਤੇ ਉਹਨਾਂ ਦੀ ਸਰਪ੍ਰਸਤੀ ਹੇਠਾਂ ਹੀ ਮੈਂ ਆਪਣੇ ਕਾਵਿ-ਸਫ਼ਰ ਵਿਚ ਕਾਮਯਾਬ ਹੋਇਆ।

ਮੈਂ ਉਹਨਾਂ ਗਾਇਕਾਂ ਦਾ ਵੀ ਅਤੀ ਧੰਨਵਾਦੀ ਹਾਂ ਜਿਹਨਾਂ ਨੇ ਮੇਰੀਆਂ ਕਵਿਤਾਵਾਂ

ਨੂੰ ਗਾ ਕੇ ਗੁਰਸਿੱਖ ਸੰਗਤਾਂ ਨਾਲ ਮੇਰੀ ਜਾਣਕਾਰੀ ਕਰਾਈ ਹੈ। ਉਹਨਾਂ ਵਿਚ ਸ੍ਰੀਮਤੀ ਨਰਿੰਦਰ ਬੀਬਾਂ, ਸਰੂਪ ਸਿੰਘ ਨਵਾਂ ਸ਼ਹਿਰ, ਕੁਮਾਰੀ ਊਸ਼ਾ ਰਾਣੀ, ਕ੍ਰਿਪਾਲ ਸਿੰਘ ਪਾਲ ਫਲੌਰ, ਸੁਰਿੰਦਰ ਰਮਤਾ, ਆਸਾ ਸਿੰਘ ਮਸਤਾਨਾ, ਸ੍ਰੀਮਤੀ ਜਗਮੋਹਨ ਕੌਰ, ਸ੍ਰੀਮਤੀ ਸੁਰਿੰਦਰ ਕੌਰ, ਸੁਰਜੀਤ ਕੌਰ ਆਦਿਕ ਦੇ ਨਾਮ ਜ਼ਿਕਰ ਕਰਨ ਯੋਗ ਹਨ।

ਮੈਨੂੰ ਪੂਰਨ ਆਸ ਹੈ ਕਿ ਮੇਰੀ ਇਹ ਪੁਸਤਕ ਵੀ ਗੁਰੂ ਦੀਆਂ ਸੰਗਤਾਂ ਬੜੇ ਪਿਆਰ ਤੇ ਉਤਸ਼ਾਂਹ ਨਾਲ ਪੜ੍ਹਨਗੀਆਂ ਤੇ ਅੱਗੇ ਤੋਂ ਮੈਨੂੰ ਹੋਰ ਰਚਨਾਵਾਂ ਰਚਨ ਦੀ ਪ੍ਰੇਰਣਾ ਦੇਣਗੀਆਂ।

—ਚਰਨ ਸਿੰਘ 'ਸਫ਼ਰੀ'

'ਕਾਵਿ-ਗਗਨ ਦਾ ਸਫ਼ਰੀ'

ਮੈਨੂੰ ਇਸ ਗੱਲ ਦੀ ਬਹੁਤ ਖੁਸ਼ੀ ਤੇ ਪ੍ਰਸੰਨਤਾ ਹੈ ਕਿ ਮੈਂ ਅਜੋਕੇ ਸਮੇਂ ਦੇ ਪੰਜਾਬੀ ਦੇ ਅਤੀ ਪਿਆਰੇ ਤੇ ਖ਼ੂਬਸੂਰਤ ਲੋਕ-ਕਵੀ ਚਰਨ ਸਿੰਘ 'ਸਫ਼ਰੀ' ਦੀ ਇਨਕਲਾਬੀ ਕਲਮ 'ਚੋਂ ਨਿਕਲੀਆਂ ਸਿੱਖੀ ਸਿਦਕ ਤੇ ਸਿੱਖੀ ਜਜ਼ਬਾਤ ਦੀਆਂ ਵਲਵਲਾ ਅੰਗੇਜ਼ ਕਵਿਤਾਵਾਂ ਬਾਰੇ ਆਪਣੇ ਜਜ਼ਬਾਤ ਪੰਜਾਬੀ ਕਵਿਤਾ ਦੇ ਪ੍ਰੇਮੀਆਂ ਤੇ ਉਪਾਸ਼ਕਾਂ ਨਾਲ ਸਾਂਝੇ ਕਰ ਰਿਹਾ ਹਾਂ।

'ਸਫ਼ਰੀ' ਪੰਜਾਬੀ ਦਾ ਉਹ ਲੋਕ ਕਵੀ ਹੈ, ਜਿਸ ਦੀਆਂ ਸਿੱਖ ਧਰਮ ਤੇ ਸਿੱਖ ਇਤਿਹਾਸ ਬਾਰੇ ਉਸਾਰੀਆਂ ਕਵਿਤਾਵਾਂ ਅਤੇ ਗੀਤਾਂ ਨੇ ਸੰਸਾਰ ਭਰ ਵਿਚ ਮਾਣ ਪ੍ਰਾਪਤ ਕੀਤਾ ਹੈ। ਇਸ ਵਿਚ ਕੋਈ ਸੰਦੇਹ ਨਹੀਂ ਕਿ ਨੰਦ ਲਾਲ ਨੂਰਪੁਰੀ ਨੇ ਬਹੁਤ ਹੀ ਪਿਆਰੇ ਤੇ ਦਿਲ ਟੁੰਬਵੇਂ ਗੀਤ ਸਿੱਖ ਜਗਤ ਨੂੰ ਦਿੱਤੇ ਹਨ। ਪਰ ਸਫ਼ਰੀ ਨੇ ਜਿਸ ਖ਼ੂਬਸੂਰਤੀ ਨਾਲ ਖ਼ਾਲਸਾ ਪੰਥ ਦੀ ਚੜ੍ਹਦੀ ਕਲਾ ਦੀ ਫ਼ਿਲਾਸਫ਼ੀ ਨੂੰ ਆਪਣੀਆਂ ਕਵਿਤਾਵਾਂ, ਗ਼ਜ਼ਲਾਂ ਅਤੇ ਗੀਤਾਂ ਵਿਚ ਸਿੱਖੀ ਸਿਦਕ ਨਿਭਾਉਂਦੇ ਅਣਖੀ ਸ਼ਹੀਦਾਂ ਦੀਆਂ ਦਰਦਨਾਕ ਝਾਕੀਆਂ ਨੂੰ ਚਿਤਰਨ ਵਿਚ ਕਮਾਲ ਹਾਸਲ ਕੀਤਾ ਹੈ, ਐਸੀ ਨਿਪੁੰਨਤਾ ਬਹੁਤ ਘੱਟ ਕਵੀਆਂ ਦੇ ਹਿੱਸੇ ਵਿਚ ਆਈ ਹੈ।

ਸਾਹਿਬ ਗੁਰੂ ਨਾਨਕ ਦੇਵ ਜੀ ਦੇ ਅਤਿਅੰਤ ਉਪਕਾਰਾਂ ਬਾਰੇ, ਕਲਯੁਗ ਦੇ ਪ੍ਰਭਾਵਾਂ ਹੇਠਾਂ ਸੜਦੇ ਜਗਤ ਨੂੰ ਇਕ ਅਕਾਲ ਪੁਰਖ ਦੀ ਉਪਾਸ਼ਨਾ ਦਾ ਸੰਦੇਸ਼ ਦੇਣ ਬਾਰੇ, ਨਾਮ ਜਪਣ, ਵੰਡ ਛਕਣ, ਹੱਕ ਹਲਾਲ ਦੀ ਕਿਰਤ ਕਰਨ ਤੇ ਲੋਕ-ਸੇਵਾ ਦੇ ਸਿੱਖ ਧਰਮ ਦੇ ਬੁਨਿਆਦੀ ਅਸੂਲਾਂ ਬਾਰੇ ਮਾਨਵ-ਧਰਮ ਦੀ ਸੁਰੱਖਿਅਤਾ ਲਈ ਰੱਬੀ ਰਜ਼ਾ ਦੀ ਮੂਰਤੀ ਗੁਰੂ ਅਰਜਨ ਦੇਵ ਜੀ ਦੀ ਮਹਾਨ ਸ਼ਹਾਦਤ ਬਾਰੇ, ਤਿਲਕ ਜੰਞੂ ਤੇ ਚੋਟੀ ਦੇ ਰਾਖੇ, ਹਿੰਦ ਦੀ ਚਾਦਰ ਗੁਰੂ ਤੇਗ਼ ਬਹਾਦਰ ਜੀ ਦੀ ਅਲੌਕਿਕ ਤੇ ਅਦੁੱਤੀ ਸ਼ਹੀਦੀ ਬਾਰੇ, ਅੰਮ੍ਰਿਤ ਦੇ ਦਾਤੇ, ਖ਼ਾਲਸਾ ਪੰਥ ਦੇ ਸਿਰਜਣਹਾਰੇ, ਸਰਬੰਸਦਾਨੀ, ਮੰਨਸੂਰਾਂ ਦੇ ਜਨਮਦਾਤਾ ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ ਜੀ ਦੇ ਅਨੇਕ ਬਲੀਦਾਨਾਂ, ਰਹਿਮਤਾਂ ਤੇ ਬਖ਼ਸ਼ਿਸ਼ਾਂ ਬਾਰੇ, ਸਾਹਿਬਜ਼ਾਦਿਆਂ ਦੀਆਂ ਲਾਮਿਸਾਲ ਸ਼ਹੀਦੀਆਂ ਬਾਰੇ, ਦੀਵਾਰਾਂ ਵਿਚ ਚਿਣੇ ਜਾਣ ਦੇ ਸਰਹੰਦੀ ਸਾਕੇ ਬਾਰੇ, ਮਾਤਾ ਗੁਜਰੀ ਦੇ ਖਿੜੇ ਮੱਥੇ ਅਸਹਿ ਤੇ ਅਕਹਿ ਕਸ਼ਟ ਸਹਾਰਨ ਦੀ ਪ੍ਰਬਲ ਸ਼ਕਤੀ ਬਾਰੇ, ਆਰਿਆਂ ਨਾਲ ਚੀਰੇ ਜਾਣ, ਬੰਦ ਬੰਦ ਕਟਵਾਉਣ, ਖੋਪਰੀਆਂ ਉਤਰਵਾਉਣ, ਉਬਲਦੀਆਂ ਦੇਗਾਂ ਵਿਚ ਉਬਲਦੇ ਸਿੱਖੀ

ਸਿਦਕ ਨਿਭਾਉਂਦੇ ਸੂਰਬੀਰਾਂ ਬਾਰੇ, ਆਪਣੇ ਬੱਚਿਆਂ ਦੇ ਟੋਟੇ-ਟੋਟੇ ਕਰਵਾ ਕੇ ਝੋਲੀਆਂ ਵਿਚ ਪੁਆਉਣ ਵਾਲੀਆਂ ਬਹਾਦਰ ਸਿੰਘਣੀਆਂ ਦੇ ਸਿਦਕ ਬਾਰੇ ਅਤੇ ਅਨੇਕਾਂ ਤੀਰਾਂ ਤੇ ਗੋਲੀਆਂ ਨੂੰ ਆਪਣੇ ਸੀਨੇ ਵਿਚ ਮੜ੍ਹਨ ਵਾਲੇ, ਗੱਡੀਆਂ ਦਿਆਂ ਇੰਜਣਾਂ ਨੂੰ ਆਪਣੀਆਂ ਫੌਲਾਦੀ ਛਾਤੀਆਂ ਉੱਤੇ ਰੋਕਣ ਵਾਲੇ ਅਨੇਕਾਂ ਸਿੰਘਾਂ ਸੂਰਮਿਆਂ ਦੀਆਂ ਮਹਾਨ ਕੁਰਬਾਨੀਆਂ ਦੀਆਂ ਅਣਖੀਲੀਆਂ ਝਾਕੀਆਂ ਨੂੰ ਜਿਸ ਜਜ਼ਬੇ ਸਿਦਕ, ਸ਼ਰਧਾ ਤੇ ਦ੍ਰਿੜ੍ਹਤਾ ਨਾਲ ਸਫ਼ਰੀ ਜੀ ਨੇ ਆਪਣੀਆਂ ਰਚਨਾਵਾਂ ਰਾਹੀਂ ਸਾਕਾਰ ਕੀਤਾ ਹੈ ਉਸ ਲਈ ਸਫ਼ਰੀ ਜੀ ਵਧਾਈ ਦੇ ਪਾਤਰ ਹਨ ਅਤੇ ਸਮੂਹ ਸਿੱਖ ਜਗਤ ਉਨ੍ਹਾਂ ਦੀ ਕਲਮ ਦਾ ਸਦਾ ਸਤਿਕਾਰ ਕਰਦਾ ਰਹੇਗਾ।

ਸਫ਼ਰੀ ਜੀ ਦੀਆਂ ਕਾਵਿ ਰਚਨਾਵਾਂ ਦੀ ਪ੍ਰਸਿੱਧਤਾ ਹੁਣ ਕੇਵਲ ਆਪਣੇ ਦੇਸ਼ ਤੱਕ ਹੀ ਸੀਮਤ ਨਹੀਂ ਰਹੀ। ਇਕ ਤਾਂ ਸਫ਼ਰੀ ਜੀ ਆਪ ਆਪਣੇ ਮੁਖਾਰਬਿੰਦ ਤੋਂ ਕੈਨੇਡਾ, ਅਮਰੀਕਾ, ਇੰਗਲੈਂਡ ਆਦਿ ਦੇਸ਼ਾਂ ਵਿਚ ਵੱਸਦੇ ਪੰਜਾਬੀਆਂ ਨੂੰ ਆਪਣੀਆਂ ਕਵਿਤਾਵਾਂ ਸੁਣਾ ਕੇ ਆਏ ਹਨ। ਦੂਜਾ ਕਈ ਪੰਜਾਬੀ ਕਲਾਕਾਰ ਦੁਨੀਆਂ ਭਰ ਵਿਚ ਵੱਸਦੇ ਕਵਿਤਾ ਦੇ ਉਪਾਸ਼ਕਾਂ ਨੂੰ ਸਫ਼ਰੀ ਜੀ ਦੇ ਗੀਤਾਂ ਰਾਹੀਂ ਸਰਸ਼ਾਰ ਕਰ ਚੁੱਕੇ ਹਨ ਅਤੇ ਕਰੀ ਜਾ ਰਹੇ ਹਨ। ਮੈਂ ਕੋਈ ਸੁਣੀ ਸੁਣਾਈ ਗੱਲ ਨਹੀਂ ਕਰ ਰਿਹਾ। ਮੈਂ ਤਾਂ ਆਪਣੇ ਕੰਨੀਂ ਸਫ਼ਰੀ ਜੀ ਦੇ ਗੀਤ ਗਾਉਂਦੇ ਕਲਾਕਾਰਾਂ ਨੂੰ ਵਿਦੇਸ਼ਾਂ ਵਿਚ ਸੁਣਿਆ ਹੈ। ਟੋਰਾਂਟੋ, ਕੈਨੇਡਾ ਵਿਚ ਟੈਲੀਵੀਜ਼ਨ 'ਤੇ ਉਹਨਾਂ ਵੱਲੋਂ ਦਿੱਤਾ ਹੋਇਆ ਇੰਟਰਵਿਊ ਵੇਖ ਸੁਣ ਕੇ ਅਤੀ ਪ੍ਰਸੰਨਤਾ ਹੋਈ। ਇਸ ਟੈਲੀਵੀਜ਼ਨ 'ਤੇ ਇਕਬਾਲ ਮਾਹਲ ਨੇ ਮੇਰੇ ਅੱਧੇ-ਅੱਧੇ ਘੰਟੇ ਦੇ ਦੋ ਇੰਟਰਵਿਊ ਅਤੇ ਕਵਿਤਾਵਾਂ ਰਿਕਾਰਡ ਕੀਤੀਆਂ ਸਨ।

ਭਾਰਤ ਤੋਂ ਦੂਰ ਦੁਰੇਡੇ ਦੇਸ਼ਾਂ ਵਿਚ ਵੱਸਦੇ ਪੰਜਾਬੀ ਆਪਣੇ ਕਵੀਆਂ, ਕਲਾਕਾਰਾਂ, ਗੁਰਬਾਣੀ ਦਾ ਕੀਰਤਨ ਕਰਨ ਵਾਲੇ ਰਸੀਲੇ ਰਾਗੀ ਸਿੰਘਾਂ ਅਤੇ ਕਥਾ ਵਾਚਕਾਂ ਦਾ ਜੋ ਮਾਣ ਤੇ ਸਤਿਕਾਰ ਕਰਦੇ ਹਨ ਉਹ ਬਿਆਨ ਤੋਂ ਬਾਹਰ ਹੈ। 1981 ਵਿਚ ਅਪ੍ਰੈਲ ਤੋਂ ਸਤੰਬਰ ਤੀਕ ਛੇ ਮਹੀਨੇ ਲਈ ਮੈਂ ਅਤੇ ਮੇਰੀ ਸੁਪਤਨੀ ਨੇ ਜਾਪਾਨ, ਕੈਨੇਡਾ, ਅਮਰੀਕਾ, ਇੰਗਲੈਂਡ ਆਦਿ ਦੇਸ਼ਾਂ ਵਿਚ ਯਾਤਰਾ ਕੀਤੀ। ਇਸ ਯਾਤਰਾ ਵਿਚ ਮੈਨੂੰ ਆਪਣੀਆਂ ਕਵਿਤਾਵਾਂ ਸੁਣਾਉਣ ਦਾ ਅਵਸਰ ਵੀ ਪ੍ਰਾਪਤ ਹੋਇਆ ਅਤੇ ਇਸ ਦੌਰਾਨ ਮੈਂ ਅਟਾਵਾ ਯੂਨੀਵਰਸਿਟੀ ਕੈਨੇਡਾ ਵਿਚ ਹੋਈ ਦੂਜੀ ਵਿਸ਼ਵ ਪੰਜਾਬੀ ਕਾਨਫਰੰਸ ਵਿਚ ਭਾਗ ਲਿਆ ਅਤੇ ਕਵੀ ਦਰਬਾਰ ਵੀ ਪੜ੍ਹਿਆ। ਇਥੇ ਹੀ ਮੈਨੂੰ ਸਫ਼ਰੀ ਜੀ ਦੇ ਵਿਸ਼ਾਲ ਤੇ ਨਿਰਛਲ ਹਿਰਦੇ ਬਾਰੇ ਪਤਾ ਚੱਲਿਆ। ਉਹਨਾਂ ਨੇ ਆਪਣੇ ਇੰਟਰਵਿਊ ਵਿਚ ਪੰਜਾਬੀ ਦੇ ਚੰਗੇ ਕਵੀਆਂ ਦੀ ਰੱਜਵੀਂ ਪ੍ਰਸੰਸਾ ਕੀਤੀ ਸੀ। ਕਵੀਆਂ ਦੀ ਗ਼ੈਰ-ਹਾਜ਼ਰੀ ਵਿਚ ਦੂਜੇ ਦੇਸ਼ਾਂ ਵਿਚ ਜਾ ਕੇ ਉਹਨਾਂ ਦੀ ਕਵਿਤਾ ਦੀ ਦਾਦ ਦੇਣੀ, ਉਹਨਾਂ ਦੀਆਂ ਲਿਖਤਾਂ ਦੀ ਪ੍ਰਸੰਸਾ ਕਰਨੀ ਸਫ਼ਰੀ ਜੀ ਦੀ ਆਪਣੀ ਵਡਿੱਤਣ ਤੇ ਮਹਾਨਤਾ ਹੈ। ਵੈਸੇ ਤਿੰਨ ਚਾਰ ਦਹਾਕੇ ਕਵੀ ਦਰਬਾਰ ਪੜ੍ਹਦਿਆਂ ਹੋ ਚੁੱਕੇ ਹਨ ਪਰ ਮੈਨੂੰ ਬਹੁਤੇ ਕਵੀਆਂ ਵਿਚ ਚੰਗੀ ਕਵਿਤਾ ਨੂੰ ਦਾਦ ਦੇਣ ਦਾ ਗੁਣ ਨਾ-ਮਾਤਰ ਹੀ ਦਿਸਿਆ ਹੈ।

ਮੈਨੂੰ ਸਫ਼ਰੀ ਜੀ ਨਾਲ ਦੇਸ਼ ਭਰ ਵਿਚ ਬਹੁਤ ਵੱਡੇ-ਵੱਡੇ ਦੀਵਾਨਾਂ ਵਿਚ ਕਵਿਤਾ ਪੜ੍ਹਨ-ਸੁਣਨ ਦਾ ਅਵਸਰ ਮਿਲਿਆ ਹੈ। ਉਹ ਚੰਗੀ ਕਵਿਤਾ ਲਿਖਣ ਦੇ ਨਾਲ-ਨਾਲ ਕਵਿਤਾ ਨੂੰ ਸਟੇਜ 'ਤੇ ਬਿਆਨ ਕਰਨ ਵਿਚ ਵੀ ਕਮਾਲ ਹਨ। ਉਹਨਾਂ ਦਾ

☆ ☆ ☆

ਤੇਰਾ ਤੇਰਾ ਬੋਲ ਰਿਹਾ ਹੈ

ਧਰਮ ਤਰਾਜ਼ੂ ਫੜ ਕੇ ਨਾਨਕ ਤੇਰਾ ਤੇਰਾ ਬੋਲ ਰਿਹਾ ਹੈ।
ਕੁਲ ਧਰਤੀ ਦੀਆਂ ਗੁੱਝੀਆਂ ਪੀੜਾਂ ਦੋਂਹ ਨੈਣਾਂ ਵਿਚ ਤੋਲ ਰਿਹਾ ਹੈ।

ਇਸ ਹਟਵਾਣੀਏਂ ਪਾਇਆ ਹੈ ਸੁਲਤਾਨ ਪੁਰੇ ਵਿਚ ਹੱਟ ਨਿਆਰਾ।
ਜੱਤ ਦੀ ਤੱਕੜੀ, ਸੱਤ ਦੇ ਬਟੜੇ ਤੋਲੀ ਜਾਂਦੈ ਤੋਲਣਹਾਰਾ।

ਇਸ ਦੀ ਹਟੜੀ ਵਰਗੀ ਕਿਧਰੇ ਹੋਰ ਜਗਤ ਵਿਚ ਹਾਟ ਨਹੀਂ ਹੈ।
ਨਾ ਕੋਈ ਪਾਸਿੰਗ ਨਾ ਕੋਈ ਵਲ ਛਲ ਕੜੀ ਕਟੌਤੀ ਕਾਟ ਨਹੀਂ ਹੈ।

ਸਾਫ਼ ਦਿਲੇ ਦੀ ਕੀ ਕੀਮਤ ਹੈ ਇਸ ਦੁਨੀਆਂ ਦੀ ਮੰਡੀ ਅੰਦਰ।
ਹੰਝੂਆਂ ਦਾ ਮੁੱਲ ਪੈਂਦਾ ਆਖ਼ਿਰ ਨਾਨਕ ਦੀ ਤਲਵੰਡੀ ਅੰਦਰ।

ਚੰਨ ਤ੍ਰਿਪਤਾ ਮਾਤਾ ਦਾ ਇਹ ਥਾਂ ਥਾਂ ਨੂਰ ਖਿਲਾਰੀ ਜਾਂਦੈ।
ਸਤਿਨਾਮ ਦੀ ਛਹਿਬਰ ਲਾ ਕੇ ਜਗਤ ਜਲੰਦਾ ਠਾਰੀ ਜਾਂਦੈ।

ਜਿਉਂ ਜਿਉਂ ਇਹਦੇ ਨੂਰੀ ਮੁੱਖ 'ਤੇ ਪਿਤਾ ਚਪੇੜਾਂ ਮਾਰੀ ਜਾਂਦੈ।
ਤਿਉਂ ਤਿਉਂ ਦੌਲਤ ਇਹ ਭੁਖਿਆਂ ਦੇ ਰਾਹਾਂ ਵਿਚ ਖਿਲਾਰੀ ਜਾਂਦੈ।

ਤੇਰਾ ਤੇਰਾ ਬੋਲ ਰਿਹਾ ਹੈ ਕੁਲ ਧਰਤੀ ਦੀਆਂ ਗੁੱਝੀਆਂ ਪੀੜਾਂ......

ਤੋਲ ਰਿਹਾ ਹੈ ਏਸ ਜਗਤ ਵਿਚ ਹਰੀ ਨਾਮ ਦਾ ਜਾਪ ਕਿੰਨਾ ਹੈ।
ਸਬਰ ਕਿੰਨਾ ਹੈ ਜਬਰ ਕਿੰਨਾ ਹੈ ਪੁੰਨ ਕਿੰਨਾ ਹੈ ਪਾਪ ਕਿੰਨਾ ਹੈ।

ਤੋਲ ਰਿਹਾ ਹੈ ਉਸ ਚੋਜੀ ਦੇ ਕਿਤਨੇ ਕੂ ਨੇ ਚੋਜ ਨਿਆਰੇ।
ਕਿੰਨੀਆਂ ਧਰਤੀਆਂ ਕਿੰਨੇ ਅੰਬਰ ਕਿਤਨੇ ਸੂਰਜ ਚੰਨ ਸਿਤਾਰੇ।

ਇਕ ਭਿਖਾਰਨ ਦੀ ਪੱਤ ਲੁੱਟਣ ਕਿਤਨੇ ਪੋਪ ਸ਼ਰਾਬੀ ਹੋਏ।
ਉਸ ਦੇ ਬੇ-ਬਸ ਨੈਣਾਂ ਵਿਚੋਂ ਕਿਤਨੇ ਅੱਥਰੂ ਡਿੱਗ ਡਿੱਗ ਮੋਏ।

ਇਕ ਲਾਲੋ ਦੇ ਲਹੂ 'ਚ ਹਾਏ ਕਿਤਨੇ ਭਾਗੋ ਪਲ ਜਾਂਦੇ ਨੇ।
ਕਿਤਨੇ ਕੂ ਮਜ਼ਦੂਰ ਹਉਕੇ ਰੋਜ਼ ਹਵਾ ਵਿਚ ਰਲ ਜਾਂਦੇ ਨੇ।

ਕਿੰਨੀਆਂ ਕੂ ਨੇ ਧਰਮੀ ਰੂਹਾਂ ਏਸ ਜਗਤ ਵਿਚ ਹੋ ਹੋ ਗਈਆਂ।
ਕਿੰਨੇ ਕੂ ਬੰਦਿਆਂ ਦੀਆਂ ਹੱਡੀਆਂ ਸੱਜਣ ਠੱਗ ਦੇ ਖੂਹ ਵਿਚ ਪਈਆਂ।

ਤੋਲ ਰਿਹਾ ਹੈ ਅੱਜ ਬੰਦੇ ਦਾ ਬੰਦੇ ਦੇ ਨਾਲ ਪਿਆਰ ਕਿੰਨਾ ਹੈ।
ਧਰਮ ਧੌਲ ਦੇ ਸਿੰਗਾਂ 'ਤੇ ਆਕਿਰਤ ਘਣਾਂ ਦਾ ਭਾਰ ਕਿੰਨਾ ਹੈ।
ਤੇਰਾ ਤੇਰਾ ਬੋਲ ਰਿਹਾ ਹੈ ਕੁਲ ਧਰਤੀ ਦੀਆਂ ਗੁੱਝੀਆਂ ਪੀੜਾਂ......

ਹੇ ਧਨਵਾਨੋਂ! ਕੀ ਪੁੱਛਦੇ ਹੋ ਇਸ ਦੇ ਹੱਟ ਵਿਚ ਕੀ ਵਿਕਦਾ ਹੈ।
ਲੂਣ ਤੇਲ ਨਾ ਆਟਾ ਵਿਕਦਾ ਨਾ ਸਬਜ਼ੀ ਨਾ ਘੀ ਵਿਕਦਾ ਹੈ।
ਨਾਨਕ ਦੇ ਦਰ ਮੁਕਤੀ ਵਿਕਦੀ ਰੱਬੀ ਬਾਣੀ ਰੱਬੀ ਬਾਤਾਂ।
ਕੂੜ ਕਪਟ ਦੀ ਕੀਮਤ ਕੁਝ ਨਾ ਓਥੇ ਵਿਕਦੀਆਂ ਨਾਮ ਸੁਗਾਤਾਂ।
ਓਥੇ ਵਿਕਦੀ ਸੁੰਨ ਸਮਾਧੀ ਓਥੇ ਵਿਕਦੀ ਨਾਮ ਖ਼ੁਮਾਰੀ।
ਭਗਤੀ ਵਿਕਦੀ ਸ਼ਕਤੀ ਵਿਕਦੀ ਕਰਾਮਾਤ ਵੀ ਵਿਕਦੀ ਭਾਰੀ।
ਓਥੇ ਵਿਕਦੇ ਸੱਚੇ ਸੌਦੇ ਓਥੇ ਵਿਕਦੀ ਕਿਰਤ ਨਿਆਰੀ।
ਨਾਨਕ ਇਕ ਵਪਾਰੀ ਉਤੋਂ ਵਾਰ ਦਿਆਂ ਮੈਂ ਲੱਖ ਵਪਾਰੀ।
ਓਥੇ ਵਿਕਦੀਆਂ ਗੁੱਝੀਆਂ ਰਮਜ਼ਾਂ ਓਥੇ ਵਿਕਦਾ ਭੇਤ ਅਲਾਹੀ।
ਓਥੇ ਵਿਕਦੇ ਸਿਦਕ ਖ਼ਜ਼ਾਨੇ ਓਥੇ ਵਿਕਦੀ ਬੇ-ਪਰਵਾਹੀ।
ਓਥੇ ਵਿਕਦਾ ਨੂਰ ਅੱਲਾ ਦਾ ਓਥੇ ਵਿਕਦੇ ਨਿਰਮਲ ਦੀਦੇ।
ਦਮਾਂ ਦੀ ਓਥੇ ਲੋੜ ਕੁਈ ਨੀਂ ਸਿਰ ਦੇਵੇ ਤੇ ਕੋਈ ਖ਼ਰੀਦੇ।
ਤੇਰਾ ਤੇਰਾ ਬੋਲ ਰਿਹਾ ਹੈ ਕੁਲ ਧਰਤੀ ਦੀਆਂ ਗੁੱਝੀਆਂ ਪੀੜਾਂ......

ਨਾਨਕ ਦਾ ਰੱਬ ਬੜਾ ਅਨੋਖਾ ਵਿਸਦਾ ਨੇਕ ਖ਼ਿਆਲਾਂ ਉੱਤੇ।
ਉਹ ਸੰਖਾਂ ਦਾ ਸ਼ੋਰ ਨੀ ਸੁਣਦਾ ਨਹੀਂ ਵਿਸਦਾ ਘੜਿਆਲਾਂ ਉੱਤੇ।
ਉਹ ਦੁਖੀਆਂ ਦੇ ਹੰਝੂਆਂ ਵਿਚੋਂ ਗ਼ਮ ਦੀਆਂ ਪੀੜਾਂ ਪੁਣ ਲੈਂਦਾ ਹੈ
ਉਹ ਬਾਂਗਾਂ ਦੇ ਬੋਲ ਨੀਂ ਸੁਣਦਾ ਪਰ ਗੁੰਗਿਆਂ ਦੀ ਸੁਣ ਲੈਂਦਾ ਹੈ।
ਨਾਨਕ ਦਾ ਰੱਬ ਦਰਯੋਧਨ ਵੱਲ ਤੱਕ ਕੇ ਕੰਡ ਵਲਾ ਜਾਂਦਾ ਹੈ।
ਪ੍ਰੇਮ 'ਚ ਆ ਕੇ ਬਿਦਰ ਦੇ ਘਰ ਦਾ ਸਾਗ ਅਲੂਣਾ ਖਾ ਜਾਂਦਾ ਹੈ।
ਸਿੱਧ ਵੀ ਉਥੇ ਸਿੱਧੇ ਹੋ ਗਏ ਵਲ ਛੱਡ ਗਏ ਵਲੀ ਕੰਧਾਰੀ।
ਰਾਕਸ਼ ਓਥੇ ਦੇਵਤੇ ਬਣ ਗਏ ਕੋਹੜੀਆਂ ਆਪਣੀ ਜੂਨ ਸੁਆਰੀ।
ਅੱਕ ਤਾਂ ਰੀਠੇ ਮਿੱਠੇ ਹੋ ਗਏ ਠੱਗਾਂ ਉਥੇ ਠੱਗੀ ਵਸਾਰੀ।
ਚਾਰ ਚੁਫੇਰੇ ਮੱਕਾ ਫਿਰਿਆ ਗੁਰ ਨਾਨਕ ਦੀ ਕਲਾ ਨਿਆਰੀ।
ਨਾਨਕ ਦਾ ਰੱਬ ਬੜਾ ਅਨੋਖਾ ਝੁੱਗੀਆਂ ਵਿਚ ਵੀ ਵੱਸ ਜਾਂਦਾ ਹੈ।
ਮੈਲ ਦਿਲਾਂ ਵਿਚ ਵਿੰਹਦਾ ਹੈ ਤਾਂ ਮਹਿਲ ਦੇਖ ਕੇ ਨੱਸ ਜਾਂਦਾ ਹੈ।
ਤੇਰਾ ਤੇਰਾ ਬੋਲ ਰਿਹਾ ਹੈ ਕੁਲ ਧਰਤੀ ਦੀਆਂ ਗੁੱਝੀਆਂ ਪੀੜਾਂ......

ਉਸ ਦਾ ਜੰਜੂ ਬੜਾ ਅਨੋਖਾ ਵਿਕਦਾ ਨਹੀਂ ਹਰ ਹੱਟ ਸੁਣੀ ਦਾ।
ਦਇਆ ਕਪਾਹ ਸੰਤੋਖ ਸੂਤ ਤੇ ਜਤ ਗੰਢੀ ਸਤ ਵੱਟ ਸੁਣੀ ਦਾ।
ਉਸ ਦੇ ਮੱਕੇ ਮਕਰ ਨਹੀਂ ਹੈ ਉਹਦਾ ਹੋਰ ਈਮਾਨ ਸੁਣੀ ਦਾ।
ਮਿਹਰ ਮਸੀਤ ਤੇ ਸਿਦਕ ਮੁਸੱਲਾ ਹੱਕ ਹਲਾਲ ਕੁਰਾਨ ਸੁਣੀ ਦਾ।
ਧਰਮ ਕਰਮ ਦੀਆਂ .ਬਾਤਾਂ ਓਥੇ ਧਾੜਵੀਆਂ ਦਾ ਧੜਾ ਨਹੀਂ ਹੈ।
ਸਭੇ ਸਾਂਝੀਵਾਲ ਸਦਾਇਣ ਕੋਈ ਛੋਟਾ ਕੋਈ ਬੜਾ ਨਹੀਂ ਹੈ।
ਸਾਫ਼ ਦਿਲਾਂ ਦੇ ਸੌਦੇ ਓਥੇ ਕੋਈ ਨੀ ਹੇਰਾ ਫੇਰੀ ਸਾਈਆਂ।
ਪ੍ਰੇਮ ਪਟੋਲਾ ਤੈਂ ਸੇ ਦਿੱਤਾ ਢਾਕਣ ਕੋ ਪੱਤ ਮੇਰੀ ਸਾਈਆਂ।
ਅਵਲ ਅੱਲਹ ਨੂਰ ਉਪਾਇਆ ਕੁਦਰਤ ਕੇ ਸਭ ਬੰਦੇ ਓਥੇ।
ਏਕ ਨੂਰ ਤੇ ਸਭ ਜਗ ਉਪਜਿਆ ਕੌਣ ਭਲੇ ਕੌਣ ਮੰਦੇ ਓਥੇ।
ਓਥੇ ਮਾੜਾ ਓਥੇ ਤਕੜਾ ਓਥੇ ਰੰਕ ਤੇ ਓਥੇ ਰਾਣਾ।
ਆਪੋ ਆਪਣਾ ਸਫ਼ਰ ਮੁਕਾ ਕੇ ਆਪੋ ਆਪਣੇ ਘਰ ਨੂੰ. ਜਾਣਾ।
ਤੇਰਾ ਤੇਰਾ ਬੋਲ ਰਿਹਾ ਹੈ ਕੁਲ ਦੁਨੀਆਂ ਦੀਆਂ ਗੁੱਝੀਆਂ ਪੀੜਾਂ......

***

ਸੱਚਾ ਸੌਦਾ

ਗੁਰੂ ਨਾਨਕ ਦੇ ਪੂਜ ਪਿਤਾ ਜੀ ਇਕ ਦਿਨ ਮਹਿਤਾ ਕਾਲੂ ਰਾਏ।
ਨਿਰੇ ਨੂਰ ਨੂੰ ਕੋਲ ਬੁਲਾ ਕੇ ਆਪਣੇ ਮੁਖੋਂ ਇੰਞ ਅਲਾਏ।

ਲਾਲ ਜੀਓ! ਇਹ ਕੀ ਕਾਰਨ ਹੈ ਕਿਉਂ ਰਹਿਨਾ ਏਂ ਚੁਪ ਚੁਪੀਤਾ।
ਘਰ ਦਾ ਧੰਦਾ ਹੋ ਚੁੱਕਾ ਤੂੰ ਨਈਂ ਕੌਡੀ ਦਾ ਧੰਦਾ ਕੀਤਾ।

ਪਾਂਧੇ ਤੈਨੂੰ ਸਬਕ ਪੜ੍ਹਾਇਆ ਉਹ ਵੀ ਬੀਬਾ ਪੜ੍ਹ ਨਾ ਸਕਿਉਂ।
ਅੰਬਰ ਉੱਤੇ ਚੜ੍ਹਨ ਵਾਲਿਆ ਕਿਸੇ ਜਮਾਤੇ ਚੜ੍ਹ ਨਾ ਸਕਿਉਂ।

ਮੱਝਾਂ ਚਾਰਨ ਤੈਨੂੰ ਲਾਇਆ ਉਹ ਵੀ ਨਾ ਤੂੰ ਪੂਰੀ ਪਾਈ।
ਧਾਨ ਉਜੜ ਗਏ ਜੱਟਾਂ ਦੇ ਪਰ ਧਨ ਧਨ ਕਰਦੀ ਫਿਰੇ ਲੁਕਾਈ।

ਰਾਏ ਬੁਲਾਰ ਵੀ ਭੋਲਾ ਭਾਲਾ ਵਾਰ ਦਿੱਤਾ ਜਿਨ ਜਿਊ ਤੇ ਜਾਮਾਂ।
ਇਕ ਬਾਲਕ ਨੂੰ ਰੱਬ ਸਮਝ ਕੇ ਝੁਕ ਝੁਕ ਕਰਦਾ ਫਿਰੇ ਸਲਾਮਾਂ।

ਕੀ ਹੋਇਆ ਜੇ ਫ਼ਨੀਅਰ ਸੱਪ ਨੇ ਛਾਂ ਕੀਤੀ ਏ ਮੁੱਖ 'ਤੇ ਤੇਰੇ।
ਮੈਂ ਡਿੱਠੇ ਐ ਜੰਗਲ ਦੇ ਵਿਚ ਸੱਪ ਕੀਲਦੇ ਕਈ ਸਪੇਰੇ।

ਭਾਵੇਂ ਤੇਰੇ ਉੱਤੇ ਬੀਬਾ ਸਾਰੀ ਦੁਨੀਆਂ ਲੱਟੂ ਹੋਵੇ।
ਓਸ ਪਿਤਾ ਦਾ ਕੀ ਜੀਣਾ ਹੈ ਜਿਸ ਦਾ ਪੁੱਤ ਨਿਖੱਟੂ ਹੋਵੇ।

ਦੌਲਤ ਵਾਲੇ ਦੌਲਤ ਬਾਝੋਂ ਉੱਚਾ ਕੋਈ ਨਈਂ ਕੂਕਣ ਦਿੰਦੇ।
ਬਿਨਾਂ ਪੈਸਿਓਂ ਮੜ੍ਹੀਆਂ ਦੇ ਵਿਚ ਮੁਰਦਾ ਤੱਕ ਨਈਂ ਫੂਕਣ ਦਿੰਦੇ।

ਹੋਂਠ ਯਾਕੂਤੀ ਆਖ਼ਿਰ ਖੁੱਲ੍ਹੇ ਅੰਬਰ ਤਕ ਖਿੰਡ ਗਈ ਖ਼ੁਸ਼ਬੋਈ।
ਪਰ ਅਫ਼ਸੋਸ ਕਿ ਓਸ ਪਿਤਾ ਨੂੰ ਹਾਲੀਂ ਤਿਕ ਵੀ ਖ਼ਬਰ ਨਾ ਹੋਈ।

ਸਤਿਨਾਮ ਤੇ ਵਾਹਿਗੁਰੂ ਦਾ ਮਿੱਠਾ ਜਿਹਾ ਅਵਾਜ਼ਾ ਆਇਆ।
ਨਾਨਕ ਜੀ ਨੇ ਪੂਜ ਪਿਤਾ ਦੇ ਚਰਨਾਂ ਉੱਤੇ ਸੀਸ ਨਿਵਾਇਆ।

ਬਾਪੂ ਮੈਂ ਕਿਰਸਾਣੀ ਕੀਤੀ ਤਨ ਆਪਣੇ ਦਾ ਖੇਤ ਬਣਾ ਕੇ।
ਰਾਮ ਨਾਮ ਦਾ ਬੀਜ ਬੀਜਿਆ ਹਰੀ ਨਾਮ ਦਾ ਹੱਲ ਚਲਾ ਕੇ।

ਮੈਂ ਨੇਕੀ ਦੀ ਫ਼ਸਲ ਦੇ ਵਿਚੋਂ ਤਾਲ ਬਦੀ ਦਾ ਕੱਢ ਰਿਹਾ ਹਾਂ।
ਪੂਰਬਲੇ ਜਨਮਾਂ ਦਾ ਸਦਕਾ ਜੋ ਬੀਜਿਆ ਸੋ ਵੱਢ ਰਿਹਾ ਹਾਂ।
ਭਜਨ ਵੱਲੋਂ ਮੈਂ ਹੱਟ ਨੀ ਸਕਦਾ ਨਾ ਹੀ ਤੁਸੀਂ ਹਟਾ ਸਕਦੇ ਹੋ।
ਹੋਰ ਜਿਹੜੇ ਕੰਮ ਲਾਉਣਾ ਚਾਹੋ ਬੜੀ ਖ਼ੁਸ਼ੀ ਨਾਲ ਲਾ ਸਕਦੇ ਹੋ।
ਮਹਿਤੇ ਕਾਲੂ ਵੀਹ ਰੁਪਈਏ ਗੁਰ ਨਾਨਕ ਦੇ ਬੋਝੇ ਪਾਏ।
ਵੀਹ ਤਾਕੀਦਾਂ ਕਰਕੇ ਅੱਗੋਂ ਵੀਹ ਵੀਹ ਕਰੜੇ ਸ਼ਬਦ ਸੁਣਾਏ।
ਸੱਚ ਸੁੱਚ ਜੇ ਪੱਲੇ ਹੈ ਤਾਂ ਕਰ ਕੋਈ ਜਾ ਕੇ ਸੱਚਾ ਸੌਦਾ।
ਕੱਚੀ ਤੈਥੋਂ ਪਾਸ ਨਾ ਹੋਈ ਕਰ ਨਾ ਆਵੀਂ ਕੱਚਾ ਸੌਦਾ।
ਖ਼ੱਤਰੀ ਪੁੱਤਰ ਹੋ ਕੇ ਬੀਬਾ ਖਰੀ ਖਰੀ ਕੋਈ ਬਾਤ ਬਣਾਵੀਂ।
ਦੇਖੀਂ ਕਿਧਰੇ ਘਾਟਾ ਪਾਉਂਦਾ ਖੱਟ ਕਮਾ ਕੇ ਘਰ ਨੂੰ ਆਵੀਂ।
ਨਿਰੰਕਾਰ ਨੂੰ ਜਪਦੇ ਹੋਏ ਚੱਲ ਪਏ ਨਾਨਕ ਨਰੰਕਾਰੀ।
ਨਾਨਕ ਇਕ ਵਪਾਰੀ ਉਤੋਂ ਵਾਰ ਦਿਆਂ ਮੈਂ ਲੱਖ ਵਪਾਰੀ।
ਬਾਲਾ ਕਹਿੰਦਾ ਧਨ ਖਟਣਾ ਤਾਂ ਮੰਡੀ ਵਿਚੋਂ ਧਾਨ ਖ਼ਰੀਦੋ।
ਸਤਿਗੁਰ ਬੋਲੇ ਏਸ ਜਗਤ ਚੋਂ ਨੇਕੀ ਦਾ ਸਾਮਾਨ ਖ਼ਰੀਦੋ।
ਚੌਣੀ ਕੀਮਤ ਵਟਣੀ ਹੈ ਤਾਂ ਬਾਲਾ ਕਹਿੰਦਾ ਚੌਲ ਖ਼ਰੀਦੋ।
ਸਤਿਗੁਰ ਬੋਲੇ ਜਨਤਾ ਭੁਖੀ ਨਾ ਧਰਤੀ ਦੇ ਹੌਲ ਖ਼ਰੀਦੋ।
ਬਾਲਾ ਕਹਿੰਦਾ ਖਟਣਾ ਈਂ ਤਾਂ ਬੜੇ ਬਜ਼ਾਰੋਂ ਖੰਡ ਖ਼ਰੀਦੋ।
ਸਤਿਗੁਰ ਬੋਲੇ ਏਸ ਜਗਤ 'ਚੋਂ ਨਾ ਪਾਪਾਂ ਦੀ ਪੰਡ ਖ਼ਰੀਦੋ।
ਬਾਲਾ ਕਹਿੰਦਾ ਮਾਲ ਦੇ ਵੱਟੇ ਹਰ ਮੰਡੀ 'ਚੋਂ ਮਾਲ ਖ਼ਰੀਦੋ।
ਜਾਂ ਚਾਂਦੀ ਦੇ ਕੌਲ ਖ਼ਰੀਦੋ ਤੇ ਸੋਨੇ ਦੇ ਥਾਲ ਖ਼ਰੀਦੋ।
ਚੰਦਰਮਾ ਦੀ ਕਿਰਨ ਖ਼ਰੀਦੋ ਹਰ ਤਾਰੇ ਦੀ ਲੋਅ ਖ਼ਰੀਦੋ।
ਕਲੀ ਕਲੀ ਦਾ ਰੂਪ ਖ਼ਰੀਦੋ ਫੁੱਲਾਂ ਦੀ ਖੁਸ਼ਬੋ ਖ਼ਰੀਦੋ।
ਪੰਡਤ ਜੀ ਦਾ ਧਰਮ ਖ਼ਰੀਦੋ ਮੁੱਲਾ ਦਾ ਈਮਾਨ ਖ਼ਰੀਦੋ।
ਮਨ-ਮਰਜ਼ੀ ਦਾ ਰੱਬ ਖ਼ਰੀਦੋ ਮਨ ਭਾਉਂਦਾ ਭਗਵਾਨ ਖ਼ਰੀਦੋ।
ਕਵਿਤਾ ਵਿਕਦੀ ਗੀਤ ਵੀ ਵਿਕਦੇ ਸੁਰ ਵਿਕਦੀ ਏ ਲੈ ਵਿਕਦੀ ਏ।
ਪੈਸੇ ਵਾਲਿਓ ਏਸ ਜਗਤ ਵਿਚ ਹਰ ਦੁਨੀਆਂ ਦੀ ਸ਼ੈਅ ਵਿਕਦੀ ਏ।

ਸਤਿਗੁਰ ਬੋਲੇ ਸੁਣ ਓ ਬਾਲੇ ਕੀ ਕਰਨਾ ਏ ਕੱਚਾ ਸੌਦਾ।
ਪੂਜ ਪਿਤਾ ਨੇ ਘੱਲਿਆ ਸਾਨੂੰ ਕਰਨ ਵਾਸਤੇ ਸੱਚਾ ਸੌਦਾ।
ਜਗ ਦੇ ਤਾਰਨ ਹਾਰੇ ਸਤਿਗੁਰ ਜੱਗੋਂ ਕੀਤੀ ਬਾਤ ਨਿਆਰੀ।
ਭੁਖਣ ਭਾਣੇ ਸਾਧਾਂ ਤਾਂਈਂ ਰਾਸ ਖੁਆ ਕੇ ਆ ਗਿਆ ਸਾਰੀ।
ਵੀਹਾਂ ਦੇ ਵੀਹ ਲੇਖੇ ਲੱਗ ਗਏ ਪੱਲੇ ਰਿਹਾ ਨਾ ਅੱਧਾ ਆਨਾ।
ਪਰ ਨਾਨਕ ਦਾ ਧਰਮ ਰਾਜ ਤੋਂ ਵੀ ਨਾ ਗਿਣਿਆ ਗਿਆ ਖ਼ਜ਼ਾਨਾ।

ਸੱਚਾ ਸੌਦਾ ਕਰਕੇ ਨਾਨਕ ਜਦ ਤਲਵੰਡੀ ਵਾਪਸ ਮੁੜਿਆ।
ਖ਼ਾਲੀ ਹੱਥ ਪੁੱਤਰ ਦੇ ਤੱਕ ਕੇ ਕਾਲੂ ਦਾ ਦਿਲ ਏਨਾ ਕੁੜ੍ਹਿਆ।
ਇਕ ਚਪੇੜ ਨੂਰਾਨੀ ਮੁੱਖ 'ਤੇ ਜਦੋਂ ਜੋਸ਼ ਵਿਚ ਆ ਕੇ ਮਾਰੀ।
ਧਰਮ ਧੌਲ ਨੂੰ ਤ੍ਰੇਲੀ ਆ ਗਈ ਸ਼ੇਸ਼ ਨਾਗ ਨੇ ਫਨ ਖਿਲਾਰੀ।
ਕਿਸ ਨੇ ਕੀਤੀ ਘੋਰ ਅਵੱਗਿਆ ਧਰਮ ਰਾਜ ਨੂੰ ਗ਼ੁੱਸਾ ਆਇਆ।
ਦੇਵਤਿਆਂ ਨੇ ਦੰਦ ਕਰੀਚੇ ਸ਼ਿਵਜੀ ਨੇ ਤਰਸ਼ੂਲ ਉਠਾਇਆ।
ਦੋਸ਼ੀ ਕਿਹੜਾ ਮੁਜਰਿਮ ਕਿਹੜਾ ਆਣ ਫ਼ਰਿਸ਼ਤੇ ਪੁੱਛਣ ਲੱਗੇ।
ਮਹਿਤੇ ਕਾਲੂ ਜੀ ਨੂੰ ਤੱਕ ਕੇ ਇਕ ਦਮ ਹੋ ਗਏ ਚਿਹਰੇ ਬੱਗੇ।
ਓਸੇ ਇਕ ਚੁਪੇੜ ਨਾਲ ਹੀ ਝੁਲਸ ਗਏ ਫੁੱਲਾਂ ਦੇ ਮੱਥੇ।
ਚੰਦਰਮਾ ਦੇ ਚਿਹਰੇ ਉਤੋਂ ਹਾਲੀ ਤੀਕ ਵੀ ਦਾਗ ਨੀ ਲੱਥੇ।
ਭੈਣ ਨਾਨਕੀ ਭੱਜੀ ਆਈ ਵੀਰੇ ਨੂੰ ਗਲਵਕੜੀ ਪਾਈ।
ਬਾਪੂ ਤੈਨੂੰ ਹਾਲੇ ਤੀਕ ਵੀ ਏਸ ਰਾਜ਼ ਦੀ ਸਮਝ ਨਾ ਆਈ।
ਜਿਹੜੇ ਭੁੱਖੇ ਸੰਤਾਂ ਤਾਈਂ ਨਾਨਕ ਆਇਆ ਅੰਨ ਛਕਾ ਕੇ।
ਸੰਤ ਨਹੀਂ ਪਰਮੇਸ਼ਵਰ ਹੀ ਕੋਈ ਬੈਠਾ ਹੋਣਾ ਰੂਪ ਵਟਾ ਕੇ।
ਜਾਂ ਉਥੇ ਕੋਈ ਭਗਤ ਰੱਬ ਦੇ ਭਗਤੀ ਵਿਚ ਮਖ਼ਮੂਰ ਹੋਣਗੇ।
ਜਾਂ ਕੋਈ ਲੂਲੇ ਲੰਗੜੇ ਸਾਧੂ ਮੰਗਣ 'ਤੇ ਮਜਬੂਰ ਹੋਣਗੇ।
ਭੁੱਖ ਦੇਸ਼ ਦੇ ਭੁੱਖੇ ਕਿਰਤੀ ਕੰਮ 'ਚ ਚਕਨਾ ਚੂਰ ਹੋਣਗੇ।
ਸੜਕ 'ਤੇ ਪੱਥਰ ਕੁੱਟਣ ਵਾਲੇ ਜਾਂ ਭੁੱਖੇ ਮਜ਼ਦੂਰ ਹੋਣਗੇ।
ਪਾਟੇ ਪੂਟੇ ਕਪੜੇ ਹੋਣੇ ਖਸਤਾ ਜੇਹਾ ਹਾਲ ਹੋਏਗਾ।
ਢਿੱਡੋਂ ਭੁੱਖਾ ਲਾਲੋ ਵਰਗਾ ਉਹਨਾਂ ਵਿਚ ਕੋਈ ਲਾਲ ਹੋਏਗਾ।

ਬਾਪੂ ਤੇਰੀ ਐਵੇਂ ਨਹੀਉਂ ਨਾਨਕ ਰਾਸ ਲੁਟਾ ਕੇ ਆਇਆ।
ਯਾਦ ਕਰੇਗੀ ਦੁਨੀਆਂ ਸਾਰੀ ਜਿਹੜੇ ਪੂਰਨੇ ਪਾ ਕੇ ਆਇਆ।
ਓ ਦੁਨੀਆਂ ਦੇ ਧਰਮੀ ਬੰਦਿਓ ਸਮਝ ਕਰੋ ਨਾ ਧਰਮੋਂ ਹਾਰੋ।
ਗੁਰ ਨਾਨਕ ਦੇ ਸੱਚੇ ਸੌਦੇ ਵਾਲੀ ਵੀ ਕੋਈ ਬਾਤ ਵਿਚਾਰੋ।
ਬੇ-ਸ਼ਕ ਦੌਲਤ ਕਰੋ ਇਕੱਠੀ ਤੇ ਸੋਨੇ ਦੇ ਮਹਿਲ ਉਸਾਰੋ।
ਨਾ ਪਾਪਾਂ ਦੀ ਕਰੋ ਕਮਾਈ ਨਾ ਤੱਕੜੀ ਨੂੰ ਠੂੰਗੇ ਮਾਰੋ।
ਨੇਕ ਕਮਾਈ ਵਾਲੇ ਸਫ਼ਰੀ ਤਰਦੇ ਤਰਦੇ ਤਰ ਜਾਵਣਗੇ।
ਇਸ ਦੁਨੀਆਂ ਦੇ ਲੋਟੂ ਬੰਦੇ ਮਰਦੇ ਮਰਦੇ ਮਰ ਜਾਵਣਗੇ।

***

ਲਾਲੋ ਤੇ ਮਲਕ ਭਾਗੋ

ਏਮਨਾਬਾਦ ਦੇਖੋ ਜੀ ਅਨੋਖਾ ਜਿਹਾ ਸ਼ਹਿਰ ਹੈ।
ਕਿਤੇ ਕਿਤੇ ਖੰਡ ਹੈ ਤੇ ਕਿਤੇ ਕਿਤੇ ਜ਼ਹਿਰ ਹੈ।

ਉੱਚੇ ਜਿਹੇ ਥਾਂ ਇਕ ਸੋਂਹਵਦੀ ਅਟਾਰੀ ਏ।
ਕਿਸੇ ਦੀਆਂ ਹੱਡੀਆਂ 'ਤੇ ਕਿਸੇ ਨੇ ਉਸਾਰੀ ਏ।

ਵਿਚਲੀ ਮੰਜ਼ਲੇ ਇਕ ਬੈਠਾ ਹੋਇਆ ਸੇਠ ਹੈ।
ਗਧੇਲਾ ਜਿਹਾ ਆਪ ਹੈ ਗਧੇਲਾ ਉਹਦੇ ਹੇਠ ਹੈ।

ਪੁੱਛਦਾ ਮੁਨੀਮ ਨੂੰ "ਕੀ ਵਿਕਰੀ ਦੀ ਡੌਲ ਹੈ।"
"ਦੂਣਿਆਂ ਦੀ ਦਾਲ ਹੈ ਜੀ ਚੌਣਿਆਂ ਦੇ ਚੌਲ ਹੈ।"

"ਗਹਿਣੇ ਜਿਹੜਾ ਗਹਿਣਾ ਸੀ ਉਏ ਉਹਦੀ ਕੀ ਮੁਕਾਈ ਹੈ।"
"ਇਕ ਜੀ ਚੁਆਨੀ ਮੈਂ ਰੁਪਈਏ ਪਿੱਛੇ ਲਾਈ ਹੈ।"

"ਅੱਛਾ ਫੇਰ ਤੇਲੀਆਂ ਦੀ ਕੁਰਕੀ ਕਰਾਈ ਹੈ?"
"ਉਥੋਂ ਜੀ ਪੁਲੀਸ ਕੋਹਲੂ ਪੁੱਟ ਕੇ ਲਿਆਈ ਹੈ।"

"ਘਰੋੜ ਦੇ ਮੁਜਾਰਿਆਂ ਦਾ ਪੇਟ ਵੀ ਘਰੋੜ ਦੇ।
ਪੇਟੀ ਵਿਚ ਪਾਉਣ ਲਈ ਰੁਪਈਏ ਮੈਨੂੰ ਜੋੜ ਦੇ।

"ਕੱਲ੍ਹ ਜਿਹੜਾ ਸੂਖ ਨਾ ਵਿਆਜ ਮੈਨੂੰ ਆਉਣਾ ਏ।
ਓਹਦੇ ਵਿਚੋਂ ਸੰਤਾਂ ਨੂੰ ਭੋਜਨ ਛਕਾਉਣਾ ਏ।"

ਦੇਖੋ ਜੀ ਇਹ ਕਿੱਦਾਂ ਦਾ ਕਠੋਰ ਇਨਸਾਨ ਏ।
ਮਲਕ ਭਾਗੋ ਨਾਂ ਏਂ ਧਨਠ ਖ਼ਾਨਦਾਨ ਏ।

ਦੂਜੇ ਬੰਨੇ ਦੇਖੋ ਇਕ ਸਾਦਾ ਜਿਹਾ ਘਰ ਹੈ।
ਇਕ ਤਰਖਾਣ ਓਥੇ ਰਹਿੰਦਾ ਕਾਰੀਗਰ ਹੈ।

ਫਟਾ ਫਟ ਲੱਕੜੀ ਦੇ ਫੱਟ ਜਿਵੇਂ ਚੀਰਦਾ।
ਹੋਰ ਖੁੱਲ੍ਹੀ ਜਾਂਦਾ ਸਗੋਂ ਫੱਟ ਤਕਦੀਰ ਦਾ।

ਇਹਦਾ ਅਤੇ ਉਹਦਾ ਨਹੀਂ ਵਿਹਾਰ ਕਾਰ ਮਿਲਦਾ।
ਛਿੱਲਦਾ ਇਹ ਲੱਕੜੀ ਉਹ ਬੰਦਿਆਂ ਨੂੰ ਛਿੱਲਦਾ।

ਇਹ ਲਹੂ ਦੇ ਕੇ ਆਪਣਾ ਹੈ ਟਕੇ ਚਾਰ ਵੱਟਦਾ।
ਉਹ ਟਕੇ ਦੇ ਕੇ ਰੱਤ ਹੈ ਮਨੁੱਖਤਾ ਦੀ ਚੱਟਦਾ।

ਇਹ ਆਸ਼ਕ ਹੈ ਰਵੀ ਦਾਸ ਧੰਨੇ ਤੇ ਫ਼ਰੀਦ ਦਾ।
ਉਹ ਪੈਸੇ ਨਾਲ ਸਾਰਿਆਂ ਦੇ ਰੱਬ ਨੂੰ ਖ਼ਰੀਦ ਦਾ।

ਇਹ ਉਠ ਕੇ ਸਵੇਰੇ ਜਦੋਂ ਜਪੁਜੀ ਨੂੰ ਜੱਪ ਦਾ।
ਉਹ ਵ਼ੀ ਹੁੰਦਾ ਕਿਸੇ ਨਾ ਕਿਸੇ ਦੀ ਸੰਘੀ ਨੱਪ ਦਾ।

ਇਹ ਕਰੇ ਪੁੰਨ ਇਹਦੇ ਪੁੰਨ ਦੀ ਵੀ ਨਿੰਦ ਏ।
ਉਹਦਾ ਲੋਕਾਂ ਪਾਪੀਆਂ ਨੂੰ ਪਾਪ ਵੀ ਪਸਿੰਦ ਏ।

ਏਹਦੀ ਘਰ ਵਾਲੀ ਸੋਚ ਸਹਿਮ ਨੇ ਸਮੇਟੀ ਏ।
ਹੱਡੀਆਂ ਦੀ ਮੁੱਠ ਜਿਵੇਂ ਲੀਰਾਂ 'ਚ ਲਪੇਟੀ ਏ।

ਉਹਦੇ ਘਰ ਵਾਲੀ ਇਕ ਨਗ ਜਿਹੀ ਨਾਰ ਹੈ।
ਕਠੋਰ ਜਿਹਾ ਚਿੱਤ ਹੈ ਹੰਕਾਰ ਹੀ ਹੰਕਾਰ ਹੈ।

ਸੁੱਚੀ ਜਿਹੀ ਸਾੜ੍ਹੀ ਉੱਤੇ ਕਾਲਾ ਕਾਲਾ ਲੱਪਾ ਏ।
ਸਰੂ ਨਾਲ ਜਿਵੇਂ ਕੋਈ ਝੂਲਦਾ ਖੜੱਪਾ ਏ।

ਛੱਡੋ ਉਹਦੀ ਗੱਲ ਨਈਂ ਕਲਮ ਜਿਹਨੂੰ ਲਿਖ ਦੀ।
ਇਥੇ ਮੈਂ ਕਹਾਣੀ ਕਹਿਣੀ ਨਾਨਕ ਦੇ ਸਿੱਖ ਦੀ।

ਸੁੱਖਾਂ ਦੀ ਕੀ ਗੱਲ ਇਥੇ ਦੁੱਖ ਦੇ ਵੀ ਹੁੰਦਿਆਂ।
ਕਹਿਰ ਦੀ ਗ਼ਰੀਬੀ ਨੰਗ ਭੁੱਖ ਦੇ ਵੀ ਹੁੰਦਿਆਂ।

ਨੰਗੇ ਲਈ ਕੱਪੜਾ ਤੇ ਭੁੱਖੇ ਲਈ ਅੰਨ ਹੈ।
ਧੰਨ ਗੁਰੂ ਨਾਨਕ ਦਾ ਸਿੱਖ ਭਾਈ ਧੰਨ ਹੈ।

ਜਿਥੇ ਹੈ ਵਸੇਰਾ ਉਹ ਸੁਭਾਗੀ ਜਿਹੀ ਥਾਂ ਏਂ।
ਚਿਹਰਾ ਲਾਲੋ ਲਾਲ ਹੈ ਤੇ ਲਾਲੋ ਇਹਦਾ ਨਾਂ ਏਂ।

ਕਹਿੰਦਾ ਮੇਰਾ ਹੱਥ ਮੇਰੇ ਬੱਚੇ ਨੇ ਵਟਾਇਆ ਏ।
ਉਠ ਕੇ ਬਲੂਰ ਜਿਹਾ ਕੰਮ ਉੱਤੇ ਆਇਆ ਏ।

ਚੀਰ ਚੀਰ ਦਿੱਲ ਚੀਰ ਲੱਕੜੀ ਨੂੰ ਪਾਇਆ ਏ।
ਅੱਜ ਜੋ ਰੁਪਈਆ ਬੱਧਾ ਦੋਹਾਂ ਨੇ ਕਮਾਇਆ ਏ।

ਸਾਂਭ ਸਾਂਭ ਰੱਖਣਾ ਏ ਸੀਨੇ ਨਾਲ ਲਾਉਣਾ ਏ।
ਇਹਦੇ ਵਿਚੋਂ ਸੰਤਾਂ ਨੂੰ ਭੋਜਨ ਛਕਾਉਣਾ ਏ।

ਦੇਖਿਆ ਕੀ ਦੋਵੇਂ ਪਾਸ ਨਾਨਕ ਦੇ ਖੜ੍ਹੇ ਨੇ।
ਦੋਹਾਂ ਦੇ ਭੋਜਨ ਦੋਹਾਂ ਹੱਥਾਂ ਵਿਚ ਫੜੇ ਨੇ।

ਪਾਪ ਤੇ ਧਰਮ ਹੈ ਸੀ ਵੱਖੋ ਵੱਖ ਤੁਲਦਾ।
ਕੋਧਰੇ ਦੀ ਰੋਟੀ 'ਚੋਂ ਸੀ ਦੁੱਧ ਪਿਆ ਡੁੱਲ੍ਹਦਾ।

ਭਾਗੋ ਦੀਆਂ ਪੂਰੀਆਂ ਗੁਰਾਂ ਨੇ ਜਦੋਂ ਘੁੱਟੀਆਂ।
ਉਨ੍ਹਾਂ 'ਚੋਂ ਹਜ਼ਾਰ ਧਾਰਾਂ ਲਹੂ ਦੀਆਂ ਫੁੱਟੀਆਂ।

ਬੋਲੇ ਸਤਿਗੁਰੂ ਇਹ ਤੂੰ ਪੂਰੀਆਂ ਨੇ ਭੇਜੀਆਂ।
ਕਿਹਨਾਂ ਦੀਆਂ ਕੱਢ ਕੇ ਲਿਆਇਆ ਏਂ ਕਲੇਜੀਆਂ।

ਤਲੀਆਂ ਨੇ ਜਿਹਦੇ 'ਚ ਉਹ ਕਿੱਦਾਂ ਦੀ ਕੜਾਹੀ ਏ।
ਖੋਪਰੀ ਸਬੂਤ ਕਿਹੜੇ ਕਿਰਤੀ ਦੀ ਲਾਹੀ ਏ।

ਤੇਰਾ ਨਹੀਂ ਹਲਕ ਮੇਰੇ ਅੰਨ ਪਾਣੀ ਲੰਘਦਾ।
ਫੋੜਾ ਹੈਂ ਬੇ-ਦਰਦਾ ਤੂੰ ਕਿਰਤੀ ਦੇ ਸੰਘ ਦਾ।

ਕੁਝ ਧੰਨਵਾਨ ਦੇ ਹੰਕਾਰ ਨੂੰ ਨਿਵਾ ਕੇ।
ਲਾਲੋ ਜਿਹੇ ਡਿੱਗਿਆਂ ਨੂੰ ਉੱਤੇ ਨੂੰ ਉਠਾ ਕੇ।

ਤੋੜ ਦੇਣਾ ਸਫ਼ਰੀ ਦਵੈਤ ਵਾਲੀ ਕਾਰ ਨੂੰ।
ਇਕੋ ਜਿਹਾ ਦੇਖਣਾ ਮੈਂ ਸਾਰੇ ਸੰਸਾਰ ਨੂੰ।

***

4

ਬਣਿਆ ਸਾਰਿਆਂ ਦਾ ਸਾਂਝੀਵਾਲ ਨਾਨਕ

ਉੱਚਾ ਬੜਾ ਇਕਬਾਲ ਹੈ ਤ੍ਰਿਪਤਾ ਦਾ
ਗੋਦੀ ਖੇਲ ਰਿਹਾ ਇਕ ਬਾਲ ਨਾਨਕ।

ਨਜ਼ਰਾਂ ਨਾਲ ਹੀ ਕਰੀ ਨਿਹਾਲ ਜਾਂਦਾ
ਕਾਲੂ ਰਾਏ ਦਾ ਨੌ-ਨਿਹਾਲ ਨਾਨਕ।

ਜੀਵਨ ਵਾਸਤੇ ਇਕ ਹੈ ਨਵਾਂ ਜੀਵਨ
ਕਾਲ ਵਾਸਤੇ ਇਕ ਹੈ ਕਾਲ ਨਾਨਕ।

ਤਾਰਾ-ਮੰਡਲੀ ਤੋਂ ਪੁੱਜਾ ਪਰੇ ਨਾਨਕ
ਪਰਤੀ ਪਲਕ ਤੇ ਗਿਆ ਪਾਤਾਲ ਨਾਨਕ।

ਨਾਨਕ ਬਿਨਾਂ ਜਹਾਨ ਦੀ ਦਿਸ਼ਾ ਕੁਈ ਨੀ
ਮਸ਼ਰਕ ਮਗ਼ਰਬ ਜਨੂਬ ਸ਼ਮਾਲ ਨਾਨਕ।

ਫਿਰ ਕੇ ਡਿੱਠਾ ਜਹਾਨ ਦੇ ਫ਼ਿਰਕਿਆਂ ਨੂੰ
ਬਣਿਆ ਸਾਰਿਆਂ ਦਾ ਸਾਂਝੀਵਾਲ ਨਾਨਕ।

ਪੱਟੀ ਲਿਖੀ ਨਹੀਂ ਸੀ ਪਾਂਧੇ ਵਾਲੜੀ ਤੂੰ
ਪੱਟੀ ਜੱਗ ਫ਼ਰੇਬ ਦੀ ਪੜ੍ਹ ਗਿਆ ਏ।

ਬਾਂਗ ਮੁੱਲਾਂ ਦੇ ਸੰਘ ਵਿਚਕਾਰ ਰਹਿ ਗਈ
ਪੰਡਤ ਰੱਬ ਦੇ ਹੁਕਮ ਤੋਂ ਅੜ ਗਿਆ ਏ।

ਜਤ ਸਤ ਦਾ ਵੱਟ ਨਹੀਂ ਜੰਜੂਆਂ ਨੂੰ
ਕੋਈ ਵੱਟ ਅਵੱਲੜਾ ਚੜ੍ਹ ਗਿਆ ਏ।

ਜਿਹੜੇ ਨਾਗ ਨੇ ਕੀਤੀ ਸੀ ਛਾਂ ਤੈਨੂੰ
ਉਹੀਓ ਨਾਗ ਜ਼ਮਾਨੇ ਨੂੰ ਲੜ ਗਿਆ ਏ।

ਭਾਈਆਂ ਪੰਡਤਾਂ ਅਤੇ ਮੁਲਾਣਿਆਂ ਦੀ
ਆਪੋ ਵਿਚ ਨਹੀਂ ਉ ਗਲਦੀ ਦਾਲ ਨਾਨਕ।

ਤੂੰ ਹੀ ਸਾਰਿਆਂ ਨਾਲ ਸੀ ਸਾਂਝ ਪਾਈ
ਤੂੰ ਹੈਂ ਸਾਰਿਆਂ ਦਾ ਸਾਂਝੀਵਾਲ ਨਾਨਕ।

ਕੀਨਾ ਮਜ਼੍ਹਬੀ ਤੁਅੱਸਬ ਤੇ ਈਰਖਾ ਦਾ
ਮੇਰਾ ਦੇਸ਼ ਨਾ ਹੋਣੋਂ ਨਿਸ਼ਾਨਾ ਬਚਿਆ।
ਤੇਰੀ ਮਿਹਰ ਸੇਤੀ ਜ਼ਾਲਮ ਬਿਜਲੀਆਂ ਤੋਂ
ਹਿੰਦੀ ਬੁਲਬੁਲਾਂ ਦਾ ਆਸ਼ੀਆਨਾ ਬਚਿਆ।
ਮਰਦਾ ਮਰਦਾ ਸੀ ਗੁਰਾਂ ਨੂੰ ਯਾਦ ਕਰਦਾ
ਮਸਾਂ ਰਾਕਸ਼ਾਂ ਕੋਲੋਂ ਮਰਦਾਨਾ ਬਚਿਆ।
ਬਚਦੇ ਲੋਕ ਜ਼ਮਾਨੇ ਦੇ ਆਸਰੇ ਪਰ
ਤੇਰੇ ਆਸਰੇ ਨਾਲ ਜ਼ਮਾਨਾ ਬਚਿਆ।
ਪੰਡਤ ਆਪਣੇ ਜ਼ਖ਼ਮ ਵਿਖਾਈ ਫਿਰਦਾ
ਹੋਇਆ ਮੋਮਨਾਂ ਦਾ ਮੰਦਾ ਹਾਲ ਨਾਨਕ।
ਕਰੀਂ ਸਾਂਝਾ ਇਲਾਜ ਕੁਈ ਔਕੜਾਂ ਦਾ
ਤੂੰ ਹੈਂ ਸਾਰਿਆਂ ਦਾ ਸਾਂਝੀਵਾਲ ਨਾਨਕ।

ਆਪਣੇ ਨੈਣਾਂ ਦੀ ਨੂਰੀ ਕਮਾਨ ਵਿਚੋਂ
ਤੀਰ ਨਜ਼ਰ ਦੇ ਜਿਧਰ ਨੂੰ ਸਿੰਨ੍ਹ ਦਿੱਤੇ।
ਬਾਬਰ ਵਰਗੇ ਸ਼ਹਿਨਸ਼ਾਹ ਸੂਤ ਕੀਤੇ
ਬਲੀ ਵਰਗਿਆਂ ਦੇ ਹਿਰਦੇ ਵਿੰਨ੍ਹ ਦਿੱਤੇ।
ਮਜ਼੍ਹਬੀ ਆਗੂਆਂ ਦੇ ਮੈਲੇ ਹਿਰਦਿਆਂ ਤੋਂ
ਮੇਟ ਦੂਈ ਦੂਵੈਖ ਦੇ ਚਿੰਨ੍ਹ ਦਿੱਤੇ।
ਗਾਲੀ ਦਾਲ ਪ੍ਰੇਮ ਦੀ ਚਾੜ੍ਹ ਹਾਂਡੀ
ਕਉੜੇ ਜਹੇ ਵੀ ਕੋੜਕੂ ਰਿੰਨ੍ਹ ਦਿੱਤੇ।
ਮਲਕ ਭਾਗੋ ਨੂੰ ਵਾਰ ਕੇ ਕੌਡੀਆਂ ਤੋਂ
ਲਾਲੋ ਜਹੇ ਸੀ ਲਭਦਾ ਲਾਲ ਨਾਨਕ।
ਪਾਇਆ ਮੰਦਰ ਮਸੀਤ ਦਾ ਵਿਤਕਰਾ ਨਹੀਂ
ਬਣਿਆ ਸਾਰਿਆਂ ਦਾ ਸਾਂਝੀਵਾਲ ਨਾਨਕ।
ਸਾਂਝੇ ਜਾਣਿਆ ਉਸ ਸਭਨਾਂ ਫ਼ਿਰਕਿਆਂ ਨੂੰ
ਲੈਣਾ ਕੀ ਸੀ ਪੱਖ ਅਪੱਖ ਵਿਚੋਂ।
ਉਹਦੀ ਬਾਣੀ ਦਾ ਜਿਹਨੇ ਵੀ ਪਾਠ ਕੀਤਾ
ਨਿਕਲ ਗਿਆ ਉਹ ਚੌਰਾਸੀ ਲੱਖ ਵਿਚੋਂ।

ਮੰਗੂ ਆਪਣਾ ਜਦੋਂ ਉਦਾਸ ਹੋ ਕੇ
ਗੁਰਾਂ ਹਿਕਿਆ ਜੱਟਾਂ ਦੀ ਰੱਖ ਵਿਚੋਂ।
ਭੁੱਖਣ-ਭਾਣੀਆਂ ਉਹਦੀਆਂ ਮੱਝੀਆਂ ਨੇ
ਕੰਡੇ ਚੁਣੇ ਸੰਸਾਰ ਦੀ ਅੱਖ ਵਿਚੋਂ।
ਸਾਰੇ ਬੇੜੀਆਂ ਰੋਹੜ ਮਲਾਹ ਟਕਰੇ
ਸਾਨੂੰ ਕੋਈ ਕਿਨਾਰਾ ਵਖਾਲ ਨਾਨਕ।
ਸਾਂਝਾਂ ਸਾਰੇ ਜ਼ਮਾਨੇ 'ਚ ਪਾਉਣ ਦੇ ਲਈ
ਬਣਿਆ ਸਾਰਿਆਂ ਦਾ ਸਾਂਝੀਵਾਲ ਨਾਨਕ।

***

5

ਨਨਕਾਣੇ ਸਾਹਿਬ ਦੇ ਸ਼ਹੀਦ

ਗੁਰੂ ਨਾਨਕ ਦੇ ਪਿਆਰ ਦੀ ਰਮਜ਼ ਗੁੱਝੀ
ਵਿਰਲਾ ਜਾਣਦਾ ਕੋਈ ਵਿਰਲਾ ਬੁੱਝਦਾ ਏ।
ਉਹਦੇ ਇਸ਼ਕ ਦੀ ਇਕ ਤਸਵੀਰ ਤੱਕ ਕੇ
ਨਾ ਕੁਝ ਔੜਦਾ ਏ ਨਾ ਕੁਝ ਸੁੱਝਦਾ ਏ।
ਜੰਡ ਨਾਲ ਤਮਾਸ਼ਾ ਕੀ ਹੋ ਰਿਹਾ ਏ
ਭੱਠੇ ਵਿਚ ਕੀ ਗੋਹਝ ਪਿਆ ਗੁੱਝਦਾ ਏ।
ਵੱਖੋ-ਵੱਖ ਸ਼ਹੀਦਾਂ ਦਾ ਮਾਸ ਉਜਲਾ
ਏਧਰ ਰਿੱਝਦਾ ਤੇ ਓਧਰ ਭੁਝਦਾ ਏ।
ਜਲਦੇ ਜੰਡ ਨੇ ਪੁੱਛਿਆ ਭੱਠ ਕੋਲੋਂ
ਸੜ ਕੇ ਮਰਨ ਵਾਲਾ ਸੜ ਕੇ ਮਰ ਗਿਆ ਏ।
ਭਖਦੇ ਭੱਠ ਨੇ ਅੱਗੋਂ ਜਵਾਬ ਦਿੱਤਾ
ਉਹ ਤਾਂ ਮੈਨੂੰ ਵੀ ਠੰਡਿਆਂ ਕਰ ਗਿਆ ਏ।

ਜਿਉਂ ਜਿਉਂ ਗੋਲੀਆਂ ਵਰ੍ਹਦੀਆਂ ਜਾਂਦੀਆਂ ਸਨ
ਜਥਾ ਹੋਰ ਅੱਗੇ ਵਧਦਾ ਜਾ ਰਿਹਾ ਸੀ।
ਪੱਥਰ ਦਿਲ ਮਹੰਤ ਵੀ ਤੜਫ ਰਹੀਆਂ
ਲਾਸ਼ਾਂ ਵੱਲ ਤੱਕ-ਤੱਕ ਮੁਸਕਰਾ ਰਿਹਾ ਸੀ।
ਉੱਛਲ ਉੱਛਲ ਸ਼ਹੀਦਾਂ ਦਾ ਖ਼ੂਨ ਹਾਏ
ਏਦਾਂ ਭੋਂ ਉੱਤੇ ਗੇੜੇ ਖਾ ਰਿਹਾ ਸੀ।
ਮੋਘਾ ਨਹਿਰ ਦਾ ਪੱਟ ਕੇ ਜੱਟ ਕੋਈ
ਜਿਵੇਂ ਪਾਣੀ ਮੁਰੱਬੇ ਨੂੰ ਲਾ ਰਿਹਾ ਸੀ।
ਇਕ ਅੰਬਰੋਂ ਆਈ ਆਵਾਜ਼ ਵੀਰਾ
ਜੰਡ ਵਾਲਿਆ ਪੁੱਠਾ ਕਿਉਂ ਲਟਕਿਆ ਏਂ।
ਸੜ ਕੇ ਮਾਸ ਸਰੀਰ ਦਾ ਡਿੱਗ ਪਿਆ ਏ
ਆ ਜਾ ਹੁਣ ਕਿਹਦੀ ਖ਼ਾਤਿਰ ਅਟਕਿਆ ਏਂ।

ਅੱਗੋਂ ਓਸ ਸ਼ਹੀਦ ਜਵਾਬ ਦਿੱਤਾ
ਕੌਣ ਕਹਿੰਦਾ ਮੈਂ ਸਮਾਂ ਗੁਆਉਣਾ ਚਾਹੁੰਨਾ।
ਮੇਰੀ ਰਾਖ ਤੱਕ ਵੀ ਕਾਹਲੀ ਪੈ ਰਹੀ ਹੈ
ਮੈਂ ਤਾਂ ਕੋਲ ਸ਼ਹੀਦਾਂ ਦੇ ਆਉਣਾ ਚਾਹੁੰਨਾ।
ਗੁਰੂ ਤੇਗ਼ ਬਹਾਦਰ ਦੇ ਚਰਨ ਕੰਵਲੀਂ
ਆ ਕੇ ਆਪਣਾ ਸੀਸ ਨਿਵਾਉਣਾ ਚਾਹੁੰਨਾ।
ਸਾਡਾ ਹਾਲ ਮੁਰੀਦਾਂ ਦਾ ਹਾਲ ਹਾਏ
ਮਿੱਤਰ ਪਿਆਰੇ ਨੂੰ ਹਾਲ ਸੁਨਾਉਣਾ ਚਾਹੁੰਨਾ।
ਮੈਨੂੰ ਦੇਰ ਹੋ ਗਈ ਬਲਦੀ ਅੱਗ 'ਚੋਂ ਮੈਂ
ਗੁਰੂ ਨਾਨਕ ਦੀ ਸਿੱਖੀ ਦਾ ਰਾਹ ਲੱਭਦਾਂ।
ਮਤਾਂ ਕੋਈ ਕੁਰਹਿਤੀਆ ਕਹੇ ਮੈਨੂੰ
ਆਪਣੇ ਕੇਸਾਂ ਦੀ ਫਿਰਦਾਂ ਸੁਆਹ ਲੱਭਦਾ।

ਨਾ ਰਹਿਣਾ ਨਰੈਣੂ ਨਾ ਬਾਜ਼ ਆਇਆ
ਉੱਤੇ ਅੰਬਰ ਦੇ ਬਾਜ਼ੀਆਂ ਪਾਉਣ ਲੱਗਾ।
ਡੁੱਲ੍ਹੇ ਹੋਏ ਸ਼ਹੀਦਾਂ ਦੇ ਖ਼ੂਨ ਉੱਤੇ
ਪਾਪੀ ਪਾਣੀ ਦੇ ਡੋਲ ਛਿੜਕਾਉਣ ਲੱਗਾ।
ਮੁਗ਼ਲ ਰਾਜ ਨਾ ਜਿਹਨੂੰ ਮਿਟਾ ਸਕਿਆ
ਉਹ ਸਿੱਖੀ ਦੇ ਚਿੰਨ੍ਹ ਮਿਟਾਉਣ ਲੱਗਾ।
ਡੁੱਲ੍ਹੀ ਹੋਈ ਦਲੀਪ ਦੀ ਰੱਤ ਵਿਚੋਂ
ਵਾਰ ਵਾਰ ਆਵਾਜ਼ਾ ਇਹ ਆਉਣ ਲੱਗਾ।
ਗੁਰੂ ਗ੍ਰੰਥ ਪਿਆਰੇ ਦੀ ਦਿਹ ਅੰਦਰ
ਜੋ ਤੂੰ ਪਾਪੀਆ ਗੋਲੀਆਂ ਮਾਰੀਆਂ ਨੇ।
ਗੁਰੂ ਨਾਨਕ ਨੇ ਮਸਾਂ ਕਸੀਕ ਵਟ ਕੇ
ਆਪਣੀ ਹਿੱਕ ਦੇ ਵਿਚ ਸਹਾਰੀਆਂ ਨੇ।

ਲਛਮਨ ਪੁੱਛਿਆ ਵੀਰਾ ਦਲੀਪ ਸਿੰਘਾ
ਸਿੰਘ ਪਾ ਹਮੇਸ਼ ਲਈ ਚਾਲੇ ਗਏ ਨੇ।
ਔਹ ਜੋ ਲੁਕ ਲੁਕ ਕੇ ਮੱਥਾ ਟੇਕ ਰਹੀ ਏ
ਇਹਨੂੰ ਛੱਡ ਕੇ ਕਿਹਦੇ ਹਵਾਲੇ ਗਏ ਨੇ।

ਪਟੜੀ ਰੇਲ ਦੀ ਤੋਂ ਉਠਦੇ ਨਹੀਂ ਸਨ ਜੋ
ਗੁਰੂ ਘਰ 'ਚੋਂ ਕਿੱਦਾਂ ਉਠਾਲੇ ਗਏ ਨੇ।

ਮੀਆਂ ਮੀਰ ਦੀ ਰੂਹ ਤੜਪਾਈ ਗਈ ਏ
ਛਿੱਲੇ ਪੰਜਵੇਂ ਗੁਰੂ ਦੇ ਛਾਲੇ ਗਏ ਨੇ।

ਸਦਾ ਆਊ ਸ਼ਹੀਦਾਂ ਦੀ ਯਾਦ ਸਾਨੂੰ
ਹੋਈਆਂ ਬੀਤੀਆਂ ਕਾਲਜੇ ਕੋਹਣਗੀਆਂ।

ਅੰਤ ਗੁਰੂ ਦਰਬਾਰ ਦੇ ਵਿਚ ਸਫ਼ਰੀ
ਗੱਲਾਂ ਸੱਚੀਆਂ ਸੁੱਚੀਆਂ ਹੋਣਗੀਆਂ।

***

6

ਸੱਜਣ ਠੱਗ

ਦੱਕਨ ਦੀ ਪਥਰੀਲੀ ਧਰਤੀ ਕਿਤਨਾ ਹੈ ਅਸਥਾਨ ਸੁਹਾਇਆ।
ਪਿਪਲਾਂ ਤੇ ਬੋਹੜਾਂ ਦੀ ਛਾਵੇਂ ਕਿਨ ਜੰਗਲ ਵਿਚ ਮੰਗਲ ਲਾਇਆ।
ਇਕ ਪਾਸੇ ਹੈ ਦਿਉਹਰਾ ਬਣਿਆ ਦੂਜੇ ਪਾਸੇ ਪਾਕ ਮਸੀਤ।
ਮਸਜਦ ਵਿਚ ਕੋਈ ਪੜ੍ਹੇ ਨਮਾਜ਼ਾਂ ਮੰਦਰ ਵਿਚ ਗੀਤਾ ਦੇ ਗੀਤ।
ਇਕ ਪਾਸੇ ਹੈ ਅੱਲਾ ਅੱਲਾ ਦੂਜੇ ਪਾਸੇ ਰਾਮੋ ਰਾਮ।
ਕੌਣ ਮੁਸਾਫ਼ਰ ਜਾਣ ਸਕੇ ਕਿ ਇਹ ਜ਼ਿੰਦਗੀ ਦੀ ਅੰਤਮ ਸ਼ਾਮ।
ਮੰਦਰ ਦੇ ਵਿਚ ਠਾਕਰ ਪੂਜਾ ਮਸਜਦ ਦੇ ਵਿਚ ਅੱਲ੍ਹਾ ਹੂ।
ਲਾਗੇ ਦੇ ਖੂਹੇ ਦੇ ਵਿਚੋਂ ਲਾਸ਼ਾਂ ਦੀ ਆਉਂਦੀ ਬਦਬੂ।
ਮੂੰਹ ਦਾ ਮਿੱਠਾ ਦਿਲ ਦਾ ਕੌੜਾ ਬਾਹਰੋਂ ਚਾਨਣ ਵਿਚੋਂ ਨ੍ਹੇਰਾ।
ਲੁੱਟੇ ਜਾਣ ਮੁਸਾਫ਼ਰ ਜਿੱਥੇ ਇਹ ਹੈ ਸੱਜਣ ਠੱਗ ਦਾ ਡੇਰਾ।
ਸਜਣੀ ਬੋਲੀ ਮੇਰੇ ਸੱਜਣਾ ਏਦਾਂ ਮੈਨੂੰ ਜਾਪ ਰਿਹਾ ਹੈ।
ਸਾਡੇ 'ਤੇ ਵੀ ਪਾਉਣ ਲਈ ਕੋਈ ਸਾਡਾ ਕੱਫ਼ਣ ਨਾਪ ਰਿਹਾ ਹੈ।
ਪਾਪਾਂ ਕਾਰਨ ਧਰਤੀ ਮੇਰੇ ਪੈਰਾਂ ਹੇਠੋਂ ਖਿਸਕ ਰਹੀ ਹੈ।
ਸੁਣੀ ਗਈ ਹੈ ਓਸ ਜਿੰਦ ਦੀ ਖੂਹ ਵਿਚ ਜਿਹੜੀ ਸਿਸਕ ਰਹੀ ਹੈ।
ਔਹ ਇਕ ਬੱਚਾ ਕਿਵੇਂ ਬਚ ਗਿਆ ਲਾਸ਼ ਦੇ ਲਾਗੇ ਊਂਘ ਰਿਹਾ ਹੈ।
ਮੋਈ ਮਾਂ ਦੀ ਛਾਤੀ ਵਿਚੋਂ ਜ਼ਹਿਰ ਦੇ ਤੁਪਕੇ ਚੁੰਘ ਰਿਹਾ ਹੈ।
ਧੀ ਦੇ ਘਰ ਨੂੰ ਜਾਂਦਾ ਜਾਂਦਾ ਔਹ ਇਕ ਬੁੱਢੜਾ ਅਟਕ ਗਿਆ ਹੈ।
ਘਿਉ ਦਾ ਭਾਂਡਾ ਕਿਤੇ ਰਹਿ ਗਿਆ ਜੀਵਨ ਭਾਂਡਾ ਪਟਕ ਗਿਆ ਹੈ।
ਮਾਂ ਦੇ ਅਸਤ ਗੰਗਾ ਵਿਚ ਤਾਰਨ ਔਹ ਇਕ ਮਾਂ ਦਾ ਪੁੱਤਰ ਆਇਆ।
ਅਸਤ ਲਹੂ ਵਿਚ ਤਰਦੇ ਫਿਰਦੇ ਉਹ ਨਹੀਂ ਕਿਧਰੇ ਨਜ਼ਰੀਂ ਆਇਆ।
ਕੋਈ ਮੁਸਾਫ਼ਰ ਮੱਕੇ ਦਾ ਹੈ ਕਾਸ਼ੀ ਵੱਲ ਕੋਈ ਜਾਣਾ ਚਾਹੇ।
ਇਕ ਗੱਲੋਂ ਤੂੰ ਚੰਗੈ ਸੱਜਣਾ ਪਾ ਦੇਨਾ ਏਂ ਇਕੋ ਰਾਹੇ।
ਕਿੰਨਾ ਕੁ ਚਿਰ ਹੱਕ ਬਗਾਨਾ ਲੁਟ-ਲੁਟ ਕੇ ਖਾਵੇਂਗਾ ਤੂੰ।
ਧਰਮ ਰਾਜ ਜਦ ਲੇਖਾ ਮੰਗਿਆ ਕੀ ਮੁੱਖ ਲੈ ਕੇ ਜਾਵੇਂਗਾ ਤੂੰ।

ਮਾਨਵਤਾ ਦਾ ਦੁਸ਼ਮਣ ਹੈਂ ਤੂੰ ਇਹ ਸੱਜਣਾ ਨਹੀਂ ਸੱਜਣ ਤਾਈਆਂ।
ਇੱਕੋ ਆਪਣੇ ਢਿੱਡ ਦੀ ਖ਼ਾਤਿਰ ਸੈਆਂ ਜਿੰਦਾਂ ਮਾਰ ਮੁਕਾਈਆਂ।

ਅੱਜ ਪ੍ਰਾਹੁਣੇ ਆਏ ਜਿਹੜੇ ਜੀਵ ਨਿਆਰੇ ਲੱਗਦੇ ਨੇ ਇਹ।
ਪੈਰ ਫੜਨ ਨੂੰ ਜੀ ਕਰਦਾ ਏ ਬੜੇ ਪਿਆਰੇ ਲੱਗਦੇ ਨੇ ਇਹ।

ਸੱਜਣ ਠੱਗ ਕਰੂਪੇ ਹੋ ਕੇ ਨਿੱਝ ਨਾਰੀ ਨੂੰ ਇੰਝ ਬੋਲਿਆ।
ਕੀ ਸੱਪ ਲੜ ਗਿਆ ਕੀ ਵਿਸ ਚੜ੍ਹ ਗਈ ਕੀਕੂੰ ਐਨਾ ਜ਼ਹਿਰ ਘੋਲਿਆ।

ਇਹ ਕੀ ਬੋਲੀ ਬੋਲ ਰਹੀ ਏਂ ਇਹ ਕੀ ਕਿੱਸੇ ਛੋਹਨੀ ਪਈ ਏਂ।
ਮੇਰੀ ਹੋ ਕੇ ਮੇਰੇ ਹੱਥੋਂ ਮੇਰੀ ਰੋਟੀ ਖੋਹਨੀ ਪਈ ਏਂ।

ਕਿਹੜਾ ਉਥੋਂ ਚਿੱਠੀਆਂ ਲਿਖਦਾ ਕਿਸਦਾ ਬਣਦਾ ਚਿੱਠਾ ਅੜੀਏ।
ਇਹ ਜੱਗ ਮਿੱਠਾ ਮਿੱਠਾ ਅੜੀਏ ਅਗਲਾ ਕਿਸੇ ਨਾ ਡਿੱਠਾ ਅੜੀਏ।

ਕਿਹੜਾ ਓਥੇ ਧਰਮਰਾਜ ਹੈ ਕਿਹੜਾ ਓਥੋਂ ਮੁੜ ਕੇ ਆਇਆ।
ਕਿਸ ਨੇ ਅੱਖੀਂ ਨਰਕ ਦੇਖਿਆ ਕਿਨ ਸੁਰਗਾਂ ਦਾ ਹਾਲ ਸੁਣਾਇਆ।

ਕੌਣ ਫ਼ੈਸਲੇ ਕਰਦਾ ਓਥੇ ਕੌਣ ਕਚਹਿਰੀ ਲਾਉਂਦਾ ਫਿਰਦਾ।
ਐਵੇਂ ਬੰਦਾ ਇਕ ਦੂਜੇ ਨੂੰ ਭਰਮ ਭੁਲੇਖੇ ਪਾਉਂਦਾ ਫਿਰਦਾ।

ਅਜ਼ਲਾਂ ਦੇ ਸਮਿਆਂ ਤੋਂ ਬੰਦਾ ਇਕ ਦੂਏ ਤੋਂ ਟੁੱਟਦਾ ਆਇਆ।
ਆਸਮਾਨ ਵੀ ਧਰਤੀ ਦਾ ਘਰ ਡਾਕੂ ਬਣ ਕੇ ਲੁੱਟਦਾ ਆਇਆ।

ਜਿੰਨਾ ਚਿਰ ਨਾ ਅੱਗ ਮਚਾਈਏ ਦੁਨੀਆਂ ਨੂੰ ਲੱਗ ਲੋ ਨਹੀਂ ਸਕਦੀ।
ਪਾਪਾਂ ਬਾਝੋਂ ਦੌਲਤ-ਮੰਦੋ ਦੌਲਤ 'ਕੱਠੀ ਹੋ ਨਹੀਂ ਸਕਦੀ।

ਬੋਲੇ ਜਾਣੀ ਜਾਣ ਸਤਿਗੁਰੂ ਸਭ ਕੁਝ ਸੱਜਣਾ ਜਾਣ ਲਿਆ ਏ।
ਜਨਮ ਜਨਮ ਦੇ ਰੋਗੀ ਸੱਜਣਾ ਤੇਰਾ ਰੋਗ ਪਛਾਣ ਲਿਆ ਏ।

ਐ ਮਰਦਾਨੇ ਛੇੜ ਸੁਰਾਂ ਕੁਈ ਆ ਰੱਬੀ ਰਬਾਬ ਵਜਾਈਏ।
ਸੱਜਣ ਠੱਗ ਕੁਰਾਹੇ ਜਾਂਦੈ ਇਸ ਭੁੱਲੜ ਨੂੰ ਰਸਤੇ ਪਾਈਏ।

ਸ਼ਬਦ ਅਲਾਹੀ ਸਤਿਗੁਰ ਛੋਹਿਆ ਮਰਦਾਨੇ ਰਬਾਬ ਵਜਾਈ।
ਨੀਮ-ਬੇਹੋਸ਼ੀ ਵਰਗੀ ਇਕਦਮ ਸੱਜਣ ਠੱਗ ਨੂੰ ਨੀਂਦਰ ਆਈ।

ਕੀ ਡਿੱਠਾ ਕਿ ਜਮਦੂਤਾਂ ਨੇ ਉਸ ਪਾਪੀ ਨੂੰ ਪਕੜ ਲਿਆ ਏ।
ਲੋਹੇ ਦੀਆਂ ਜ਼ੰਜੀਰਾਂ ਅੰਦਰ ਉਸ ਦਾ ਜੁੱਸਾ ਜਕੜ ਲਿਆ ਏ।

ਜਿਨ੍ਹਾਂ ਜਿਨ੍ਹਾਂ ਨੂੰ ਲੁੱਟਿਆ ਹੈ ਸੀ ਉਹ ਹੁਣ ਲੇਖਾ ਮੰਗ ਰਹੇ ਨੇ।
ਠੂਹੇਂ ਬਣ ਬਣ ਬਿਸ਼ੀਅਰ ਬਣ ਬਣ ਸੱਜਣ ਠੱਗ ਨੂੰ ਡੰਗ ਰਹੇ ਨੇ।

ਜਦ ਗੁਰਜਾਂ ਦੀ ਮਾਰ ਪਈ ਤੇ ਸੱਜਣ ਠੱਗ ਰੋਇਆ ਕੁਰਲਾਇਆ।
ਜਿਨ੍ਹਾਂ ਦੀ ਖ਼ਾਤਰ ਪਾਪ ਕਮਾਏ ਕੋਈ ਨਾ ਉਸ ਦੇ ਨੇੜੇ ਆਇਆ।

ਗੁਰ ਨਾਨਕ ਨੇ ਕੌਤਕ ਕੀਤਾ ਗੁਰ ਨਾਨਕ ਨੇ ਕਲਾ ਵਖਾਈ।
ਇਕਦਮ ਖੁੱਲ੍ਹ ਗਈ ਅੱਖ ਸਜਣ ਦੀ ਬੁਰੇ-ਭਲੇ ਦੀ ਸੋਝੀ ਆਈ।

ਗਲ ਆਪਣੈਂ ਵਿਚ ਪੱਲੂ ਪਾ ਕੇ ਗੁਰ ਨਾਨਕ ਦੇ ਚਰਨੀਂ ਢੱਠਾ।
ਤਪਦਾ ਹਿਰਦਾ ਸਾਫ਼ ਹੋ ਗਿਆ ਪਾਪ ਦਾ ਭਾਂਬੜ ਪੈ ਗਿਆ ਮੱਠਾ।

ਮੈਂ ਪਾਪੀ ਵੱਡ ਗੁਨਾਹਗਾਰ ਹਾਂ ਬਖ਼ਸ਼ ਦਿਉ ਮੈਨੂੰ ਬਖ਼ਸ਼ਨ ਹਾਰੇ।
ਤੂੰ ਸਤਿਗੁਰ ਨੇ ਜਿੰਨੇ ਤਾਰੇ ਨਹੀਂ ਅੰਬਰ ਦੇ ਓਨੇ ਤਾਰੇ।

ਬਾਣੀ ਜਪਦਾ ਜਪਦਾ ਸੱਜਣ ਆਪਣੀ ਜੂਨ ਸਵਾਰ ਗਿਆ ਓਹ।
ਗੁਰ ਨਾਨਕ ਦੇ ਚਰਨੀਂ ਢਹਿ ਕੇ ਸਿੱਧਾ ਸੁਰਗ ਸਿਧਾਰ ਗਿਆ ਓਹ।

ਧੰਨ ਸ੍ਰੀ ਗੁਰੂ ਨਾਨਕ ਜਿਸ ਨੇ ਗਿਆਨ ਦੀ ਕੀਤੀ ਆ ਰੁਸ਼ਨਾਈ।
ਇਕ ਖ਼ਾਲਕ ਦਾ ਨਾਮ ਜਪਾਇਆ ਭੁੱਲੀ ਖ਼ਲਕਤ ਰਸਤੇ ਪਾਈ।

ਕੌਡਾ ਰਾਕਸ਼ ਕੌਡੀ ਦਾ ਸੀ ਉਸ ਨੇ ਮੋਤੀ ਮੁੱਲ ਪੁਆਇਆ।
ਸਿੱਧਾਂ ਨੂੰ ਉਸ ਸਿੱਧੇ ਕਰਕੇ ਸਿੱਧੇ ਸਿੱਧੇ ਰਸਤੇ ਪਾਇਆ।

ਕੂੜ ਜਹਾਨੋਂ ਉੱਡ ਜਾਵੇਗਾ ਸੱਚ ਦਾ ਪਹਿਰਾ ਆ ਜਾਵੇਗਾ।
ਗੁਰ ਨਾਨਕ ਦਾ ਝੰਡਾ 'ਸਫ਼ਰੀ' ਕੁਲ ਦੁਨੀਆ 'ਤੇ ਛਾ ਜਾਵੇਗਾ।

***

7

ਗੁਰੂ ਅੰਗਦ ਦੇਵ

ਲਹਿਣਾ ਦੇਵੀ ਦਾ ਭਗਤ ਸੀ ਅੰਤ ਆ ਕੇ
ਸੱਚੇ ਸਤਿਗੁਰਾਂ ਦਾ ਸੇਵਾਦਾਰ ਹੋਇਆ।
ਦੀਦੇ ਨਾਮ ਦੇ ਨਾਲ ਮਖ਼ਮੂਰ ਹੋ ਗਏ
ਗੁਰੂ ਨਾਨਕ ਦਾ ਜਦੋਂ ਦੀਦਾਰ ਹੋਇਆ।
ਦੇਣਦਾਰ ਨਾ ਰਿਹਾ ਉਹ ਕਿਸੇ ਧਿਰ ਦਾ
ਲਹਿਣਾ ਗੁਰੂ ਘਰ ਦਾ ਲਹਿਣੇਦਾਰ ਹੋਇਆ।
ਗੁਰੂ ਅੰਗ ਲੱਗ ਕੇ ਬਣਿਆ ਗੁਰੂ ਅੰਗਦ
ਉੱਚਾ ਮਰਤਬਾ ਵਿਚ ਸੰਸਾਰ ਹੋਇਆ।
ਗੁਰੂ ਨਾਨਕ ਦੀ ਜੋਤ 'ਚੋਂ ਜੋਤ ਲੈ ਕੇ
ਨੂਰੀ ਜੋਤ ਜਗਾ ਗਏ ਗੁਰੂ ਅੰਗਦ।
ਸੇਵਾ ਸਿਮਰਨ ਤੇ ਧਰਮ ਦੀ ਕਿਰਤ ਕਰਨੀ
ਵੰਡ ਛਕਣਾ ਸਿਖਾ ਗਏ ਗੁਰੂ ਅੰਗਦ।

ਦੇਵੀ ਪੂਜਾ 'ਚੋਂ ਸ਼ਕਤੀ ਮਿਲੀ ਕੋਈ ਨਾ
ਗੁਰੂ ਨਾਨਕ ਨੇ ਬਦਲ ਖ਼ਿਆਲ ਦਿੱਤੇ।
ਭੈ ਭਰਮ ਦਾ ਦੂਰ ਹਨੇਰਾ ਕਰਕੇ
ਦੀਵੇ ਸੱਚੇ ਗਿਆਨ ਦੇ ਬਾਲ ਦਿੱਤੇ।
ਗੁਰਾਂ ਸਬਕ ਰਟਾ ਕੇ ਏਕਤਾ ਦਾ
ਮੇਰ ਤੇਰ ਦੇ ਕੱਟ ਜੰਜਾਲ ਦਿੱਤੇ।
ਅਸੀਂ ਕੌਡੀ ਚੜ੍ਹਾਈ ਨਾ ਮਗਰ ਸਾਨੂੰ
ਫੇਰੂ ਲਾਲ ਦੇ ਲਾਲ ਨੇ ਲਾਲ ਦਿੱਤੇ।
ਉਹਦੀ ਕਰਨੀ ਦਾ ਲਭਦਾ ਜਵਾਬ ਕੋਈ ਨੀ
ਜੋ ਵੀ ਕੰਮ ਕੀਤਾ ਲਾਜਵਾਬ ਕੀਤਾ।

ਤਖ਼ਤਾਂ ਵਾਲੇ ਨਵਾਬ ਹੈਰਾਨ ਰਹਿ ਗਏ
ਤਖ਼ਤ ਮੱਲ ਦਾ ਜਦੋਂ ਹਿਸਾਬ ਕੀਤਾ।

ਗੁਰਾਂ ਨਾਗੇ ਸਰਾਂ ਵਿਚ ਜਨਮ ਲੀਤਾ
ਹੋ ਕੇ ਦੂਰਦਰਸ਼ੀ ਚੋਖੀ ਦੂਰ ਪਹੁੰਚੇ।
ਪਹਿਲਾਂ ਹਰੀ .ਕੇ ਪੱਤਣ ਨੂੰ ਭਾਗ ਲਾਏ
ਫੇਰ ਗੁਰੂ ਕੇ ਨਗਰ ਖਡੂਰ ਪਹੁੰਚੇ।
ਫਿਰ ਕਰਤਾਰ ਦੇ ਰੂਪ ਕਰਤਾਰਪੁਰ 'ਚ
ਗੁਰੂ ਨਾਨਕ ਦੀ ਸ਼ਰਨ ਹਜ਼ੂਰ ਪਹੁੰਚੇ।
ਗੋਇੰਦੇ ਖੱਤਰੀ ਦੇ ਘਰ ਨੂੰ ਭਾਗ ਲਾਵਣ
ਗੋਇੰਦਵਾਲ ਵੀ ਵੰਡਦੇ ਨੂਰ ਪਹੁੰਚੇ।
ਵਰਤੋਂ ਕੀਤੀ ਏ ਗੁਰਮੁਖੀ ਅੱਖਰਾਂ ਦੀ
ਸਦਾ ਗੁਰਮੁਖਾਂ ਨਾਲ ਪਿਆਰ ਕੀਤਾ।
ਨਾਮ ਬਾਣੀ ਦਾ ਸਤਗੁਰਾਂ ਲਾ ਚੱਪੂ
ਬੇੜਾ ਲੱਖਾਂ ਚੜ੍ਹਾਊਆਂ ਦਾ ਪਾਰ ਕੀਤਾ।

ਪਿਆਰੇ ਭਗਤਾਂ ਦੀ ਬਾਣੀ ਨੂੰ ਗੁਰੂ ਅੰਗਦ
ਲਾ ਕੇ ਸੀਨੇ ਦੇ ਨਾਲ ਸਮਾਲ੍ਹਦੇ ਰਹੇ।
ਗੁਰੂ ਨਾਨਕ ਦਾ ਹੁਕਮ ਅਟੱਲ ਕਹਿਕੇ
ਹਰ ਆਈ ਬਲਾ ਨੂੰ ਟਾਲਦੇ ਰਹੇ।
ਸੱਚ ਸੁੱਚ ਦਾ ਝੰਡਾ ਬੁਲੰਦ ਕਰਕੇ
ਕੂੜ ਕਪਟ ਦੀ ਝੰਡ ਬਿਠਾਲਦੇ ਰਹੇ।
ਕਾਲ ਚੰਦਰਾ ਚਰਨਾਂ 'ਚ ਆਣ ਢੱਠਾ
ਸਦਾ ਟਹਿਲੂਏ ਬਣਕੇ ਅਕਾਲ ਦੇ ਰਹੇ।
ਸਭੇ ਅਚੱਲ ਵਟਾਲੇ ਦੇ ਜੋਗੀਆਂ ਨੇ
ਗੁਰੂ ਅੰਗਦ ਦੀ ਸ਼ਕਤੀ ਨੂੰ ਮੰਨਿਆ ਸੀ।
ਸ਼ਿਵ ਨਾਥ ਪਖੰਡੀ ਦੇ ਮਕਰ ਵਾਲਾ
ਭਾਂਡਾ ਵਿਚ ਚੌਰਾਹੇ ਦੇ ਭੰਨਿਆ ਸੀ।

ਗੁਰੂ ਅੰਗਦ ਦੀ ਮਿਲਦੀ ਨੁਹਾਰ ਹੈ ਸੀ
ਗੁਰੂ ਨਾਂਨਕ ਦੀ ਨੂਰੀ ਨੁਹਾਰ ਦੇ ਨਾਲ।
ਮਿਕਨਾ ਤੀਸ ਦੇ ਵਾਂਗ ਜਹਾਨ ਖਿੱਚਿਆ
ਆਪਣੀ ਮਾਖਿਓਂ ਮਿੱਠੀ ਗੁਫ਼ਤਾਰ ਦੇ ਨਾਲ।
ਨਹੀਂ ਤਾਕਤ ਦੀ ਧੌਂਸ ਵਖਾਈ ਕਿਧਰੇ
ਗੁਰਾਂ ਸਿੱਖ ਬਣਾਏ ਪ੍ਰਚਾਰ ਦੇ ਨਾਲ।
ਸੱਚੇ ਗੁਰਾਂ ਤੋਂ ਗੁਰਾਂ ਨੇ ਲਿਆ ਲਹਿਣਾ
ਮੁਰਦੇ ਖਾਣ ਦੇ ਹੁਕਮ ਵੀ ਪਾਲ ਦਿੱਤੇ।
ਗੁਰੂ ਨਾਨਕ ਨੇ ਹੋ ਕੇ ਦਿਆਲ 'ਸਫ਼ਰੀ'
ਗੁਰੂ ਗੱਦੀ ਦੇ ਉੱਤੇ ਬਿਠਾਲ ਦਿੱਤੇ।

***

8

ਸ੍ਰੀ ਗੁਰੂ ਅਮਰਦਾਸ

ਅਮਰ ਦਾਸ ਸਤਿਗੁਰ ਤੇਰੀ ਅਮਰ ਮਹਿਮਾ
ਅਮਰ ਜੋਤ ਹੈ ਅਮਰ ਨਿਸ਼ਾਨ ਤੇਰਾ।
ਲਕਸ਼ਮੀ ਬਾਈ ਦੇ ਚਾਨਣਾ ਅੰਬਰਾਂ 'ਤੇ
ਰਹਿੰਦਾ ਚੰਨ ਵੀ ਹੈ ਚਾਹਵਾਨ ਤੇਰਾ।
ਬ਼ਾਸਰ ਕੇ ਦੇ ਵਾਸੀਆ ਪ੍ਰਿਥਵੀ 'ਤੇ
ਜਸ ਗਾ ਰਿਹੈ ਕੁੱਲ ਜਹਾਨ ਤੇਰਾ।
ਸਣੇ ਚਮਕਦੇ ਚੰਨ ਸਤਾਰਿਆਂ ਦੇ
ਜਸ ਗਾ ਰਿਹਾ ਹੈ ਆਸਮਾਨ ਤੇਰਾ।

ਬਾਰਾਂ ਬਰਸ ਢੋਇਆ ਪਾਣੀ ਸਤਗੁਰਾਂ ਦਾ
ਪਦਵੀ ਸੇਵਕਾਂ ਦੀ ਕਰ ਉਤਾਂਹ ਦਿੱਤੀ।
ਸਮਝੋ ਜੱਗ ਦੇ ਸਾਰੇ ਨਿਮਾਣਿਆਂ ਨੂੰ
ਏਸੇ ਅਮਰੂ ਨਥਾਵੇਂ ਨੇ ਥਾਂਹ ਦਿੱਤੀ।

ਗੋਇੰਦਵਾਲ ਦੀ ਧੂੜ ਪਰਸ ਕੇ ਤੇ
ਪਾਪੀ ਬੰਦਾ ਵੀ ਪਾਰਸ ਸਮਾਨ ਹੁੰਦੈ।
ਪੜ੍ਹਕੇ ਬਾਣੀ ਚੁਰਾਸੀਆਂ ਪੌੜੀਆਂ 'ਤੇ
ਕੱਟ ਜਾਂਦੀ ਚੁਰਾਸੀ ਕਲਿਆਣ ਹੁੰਦੈ।
ਸੰਨ੍ਹ ਸਾਹਿਬ ਥੀਂ ਲੰਘਦਾ ਜੀਵ ਜਿਹੜਾ
ਉਹਦਾ ਜ਼ਿੰਦਗੀ ਦਾ ਰਾਹ ਆਸਾਨ ਹੁੰਦੈ।
ਖ਼ਾਲੀ ਹੱਥ ਵੀ ਸੀਸ ਨਿਵਾਏ ਜਿਹੜਾ
ਉਹਦਾ ਸਵਾ ਮਣ ਸੋਨੇ ਦਾ ਦਾਨ ਹੁੰਦੈ।

ਮਿਲਦਾ ਆਸਰਾ ਏਥੇ ਨਿਆਸਰੇ ਨੂੰ
ਗਤੀ ਹੁੰਦੀ ਏ ਏਥੇ ਨਗੱਤਿਆਂ ਦੀ।

ਅਮਰ ਦਾਸ ਨਧਿਰਿਆਂ ਦੀ ਧਿਰ ਬਣਕੇ
ਪੱਤ ਰੱਖਦਾ ਆਇਆ ਨਪੱਤਿਆਂ ਦੀ।
ਅੰਗਦ ਦੇਵ ਜੀ ਦੇ ਸ਼ੁਭ ਇਸ਼ਨਾਨ ਖ਼ਾਤਿਰ
ਅਮਰ ਦਾਸ ਨੇ ਅੰਗ ਨਾ ਲਾਈ ਗਾਗਰ।
ਟਿੱਕੀ ਚੰਨ ਦੀ ਕਿਧਰੇ ਅਲੋਪ ਹੋ ਗਈ
ਰੱਬੀ ਚੰਨ ਨੇ ਸੀਸ 'ਤੇ ਚਾਈ ਗਾਗਰ।
ਨ੍ਹੇਰੀ ਰਾਤਰੀ ਖੱਡੀ 'ਚ ਪੈਰ ਪੈ ਗਏ
ਪਰ ਨਾ ਸੀਸ ਤੋਂ ਹਰਗਿਜ਼ ਗਿਰਾਈ ਗਾਗਰ।
ਰੋਜ਼ ਵਾਂਗਰਾਂ ਪਹੁੰਚੇ ਖਡੂਰ ਸਾਹਿਬ
ਸਿਰ 'ਤੇ ਚੁੱਕ ਕੇ ਭਰੀ ਭਰਾਈ ਗਾਗਰ।

ਹਿੰਮਤ ਦੇਖ ਕੇ ਓਸ ਤਪੱਸਵੀ ਦੀ
ਅਗੋਂ ਗੁਰੂ ਅੰਗਦ ਇਹ ਫ਼ਰਮਾਉਣ ਲੱਗੇ।
ਅਮਰ ਦਾਸ ਨੂੰ ਸੀਸ ਨਿਵਾਏ ਜਿਹੜਾ
ਉਹਦੇ ਜਮ ਨਜ਼ਦੀਕ ਨਹੀਂ ਆਉਣ ਲੱਗੇ।

ਗੋਇੰਦਵਾਲ ਜਾ ਕੇ ਹਰਿ ਹਰਿ ਕਰੇ ਜਿਹੜਾ
ਪੀੜਾਂ ਹਰ ਦੀਆਂ ਉਸ ਥਾਂ ਹਰਦੀਆਂ ਨੇ।
ਲੱਖਾਂ ਰਿੱਧੀਆਂ ਸਿੱਧੀਆਂ ਕਰਾਮਾਤਾਂ
ਗੁਰੂ ਘਰ ਦੀਆਂ ਸਮਝ ਲਉ ਵਰਦੀਆਂ ਨੇ।
ਲੱਗੇ ਰਹਿੰਦੇ ਨੇ ਏਥੇ ਹਮੇਸ਼ਾ ਲੰਗਰ
ਸੇਵਾ ਸੰਗਤਾਂ ਦਿਨ ਰਾਤ ਕਰਦੀਆਂ ਨੇ।
ਏਥੋਂ ਕੋਈ ਸਵਾਲੀ ਨਾ ਜਾਏ ਖ਼ਾਲੀ
ਖ਼ਾਲੀ ਝੋਲੀਆਂ ਏਸ ਥਾਂ ਭਰਦੀਆਂ ਨੇ।

ਗੁਰੂ ਆਸਰਾ ਲੂਲ੍ਹਿਆਂ ਲੰਗੜਿਆਂ ਦਾ
ਗੁਰੂ ਚਾਨਣਾ ਅੰਨ੍ਹਿਆਂ ਕਾਣਿਆਂ ਦਾ।
ਅਮਰਦਾਸ ਹੈ ਮਾਣ ਨਿਮਾਣਿਆਂ ਦਾ
ਅਮਰਦਾਸ ਹੈ ਤਾਣ ਨਿਤਾਣਿਆਂ ਦਾ।

ਭਾਗਾਂ ਵਾਲਾ ਹੈ ਗੁਰੂ ਅਸਥਾਨ ਏਥੋਂ
ਰੋਜ਼ ਗੁਰੂ ਗ੍ਰੰਥ ਪ੍ਰਕਾਸ਼ ਹੁੰਦੈ।
ਗੁਰੂ ਗ੍ਰੰਥ ਦਾ ਹੁੰਦੈ ਪ੍ਰਕਾਸ਼ ਜਿੱਥੇ
ਦਸਾਂ ਸਤਗੁਰਾਂ ਦਾ ਓਥੇ ਵਾਸ ਹੁੰਦੈ।
ਗੁਰੂ ਨਾਨਕ ਪਿਆਰੇ ਦਾ ਨਾਮ ਜਪਿਆਂ
ਸੈਆਂ ਦੁੱਖਾਂ ਕਲੇਸ਼ਾਂ ਦਾ ਨਾਸ ਹੁੰਦੈ।
ਸੁਖਮਨੀ ਤੋਂ ਸੁਖ ਹਜ਼ਾਰ ਮਿਲਦੇ
ਰਹਿਰਾਸ ਪੜ੍ਹਿਆਂ ਜੀਵਨ ਰਾਸ ਹੁੰਦੈ।

'ਸਫ਼ਰੀ' ਬਾਣੀ ਦੀ ਪਾ ਫੁਹਾਰ ਸਤਿਗੁਰ
ਸੀਨਾ ਜਗਤ ਜਲੰਦੇ ਦਾ ਠਾਰ ਦਿੱਤਾ।
ਚੱਪੂ ਲਾ ਕੇ ਇਕੋ ਗਿਆਨ ਵਾਲਾ
ਬੇੜਾ ਹਿੰਦੋਸਤਾਨ ਦਾ ਤਾਰ ਦਿੱਤਾ।

***

ਪਾਣੀ ਵਿਚ ਬਾਲਿਆ ਚਰਾ.ਗ ਗੁਰੂ ਰਾਮਦਾਸ

ਨਾਨਕ ਦੀ ਗੱਦੀ ਉੱਤੇ ਹੋਏ ਆ ਬਰਾਜਮਾਨ
ਦੇਸ਼ ਦੇ ਜਗਾਏ ਸੁੱਤੇ ਭਾਗ ਗੁਰੂ ਰਾਮਦਾਸ।

ਸ਼ਾਨਤੀ ਦਾ ਸੋਮਾ ਸੋਹਣੀ ਮੂਰਤੀ ਮਨੁੱਖਤਾ ਦੀ
ਲੱਖਾਂ ਲੇਖਕਾਂ ਦਾ ਹੈ ਦਿਮਾ.ਗ ਗੁਰੂ ਰਾਮਦਾਸ।

ਜਪ ਤਪ ਸਤ ਸੰਤੋਖ ਪੱਲੇ ਬੰਨ੍ਹਿਆ ਏ
ਮੋਹ ਮਾਇਆ ਦਿੱਤਾ ਏ ਤਿਆਗ ਗੁਰੂ ਰਾਮਦਾਸ।

ਸੇਵਾ ਤੋਂ ਬ.ਗੈਰ ਧ੍ਰਿਗ ਸੇਵਕਾਂ ਦੇ ਹੱਥ ਪੈਰ
ਸੇਵਾ ਦੀ ਹੀ ਲਾਈ ਸਾਨੂੰ ਲਾਗ ਗੁਰੂ ਰਾਮਦਾਸ।

ਬਾ.ਗ ਬਾ.ਗ ਹੋਏ ਅੱਜ ਦਿਲ ਗੁਰੂ ਸੰਗਤਾਂ ਦੇ
ਸਿੱਖੀ ਦਾ ਲਗਾਇਆ ਸੋਹਣਾ ਬਾ.ਗ ਗੁਰੂ ਰਾਮਦਾਸ।

ਪਾਣੀ ਵਿਚ ਕਿਵੇਂ ਹਰੀ ਮੰਦਰ ਸਜਾਇਆ ਦੇਖੋ
ਪਾਣੀ ਵਿਚ ਬਾਲਿਆ ਚਰਾ.ਗ ਗੁਰੂ ਰਾਮਦਾਸ।

ਸੁਰ ਨਰ ਮੁਨ ਜਨ ਖੋਜਦੇ ਹੀ ਮੋਏ ਜਿਹਨੂੰ
ਜ਼ਿੰਦਗੀ ਦਾ ਸੋਮਾ ਗੁਰੂ ਰਾਮਦਾਸ ਭਾਲਿਆ।

ਸੀਨੇ ਵਿਚ ਜਿਨ੍ਹਾਂ ਦੇ ਨਾਸੂਰ ਸੀਗਾ ਦੁੱਖਾਂ ਵਾਲਾ
ਉਨ੍ਹਾਂ ਨੂੰ ਵੀ ਚੱਕ ਗੁਰੂ ਸੀਨੇ ਨਾਲ ਲਾ ਲਿਆ।

ਧੰਨ ਗੁਰੂ ਰਾਮਦਾਸ, ਧੰਨ ਗੁਰੂ ਰਾਮਦਾਸ
ਪੱਥਰਾਂ ਨੇ ਗੀਤ ਗੁਰਬਾਣੀ ਵਾਲਾ ਗਾ ਲਿਆ।

ਮੌਤ ਵਾਲੇ ਟੋਹਭੇ ਵਿਚੋਂ ਸਦਾ ਲਈ ਨਜਾਤ ਪਾਈ
ਟੁੱਬਾ ਜਿਹਨੇ ਗੁਰਾਂ ਦੇ ਤਾਲਾਬ ਵਿਚ ਲਾ ਲਿਆ।

ਹੰਨਸਾਂ ਦਾ ਰੂਪ ਬਣ ਬਣ ਕੇ ਉੱਡਣ ਲੱਗੇ
ਕਿੰਨੇ ਵਰੋਸਾਏ ਕਾਲੇ ਕਾਗ ਗੁਰੂ ਰਾਮਦਾਸ।

ਚਾਨਣੀ ਖਿਲਾਰੀ ਜਿਨ੍ਹੇ ਸਾਰੇ ਸੰਸਾਰ ਵਿਚ
ਪਾਣੀ ਵਿਚ ਬਾਲਿਆ ਚਰਾਗ਼ ਗੁਰੂ ਰਾਮਦਾਸ।

ਰਿਧੀਆਂ ਤੇ ਸਿਧੀਆਂ ਜਹਾਨ ਦੀਆਂ ਕਰਾਮਾਤਾਂ
ਗੁਰੂ ਘਰ ਆਉਂਦੀਆਂ ਨੇ ਝੋਲੀਆਂ ਫ਼ੈਲਾ ਕੇ।
ਹਰ ਕੀ ਪੌੜੀ 'ਤੇ ਜਿਹਨੇ ਹਰਿ ਹਰਿ ਜਪਿਆ ਏ
ਸੁੱਕੇ ਹੋਏ ਨਸੀਬ ਏਥੇ ਹਰੇ ਹੁੰਦੇ ਆ ਕੇ।
ਦੁਖੀਆਂ ਦੇ ਦੁੱਖ ਦੂਰ ਕੀਤੇ ਦੁੱਖ ਭੰਜਨੀ ਨੇ
ਪਿੰਗਲੇ ਵੀ ਹੋਏ ਸੁਰਜੀਤ ਏਥੇ ਨ੍ਹਾ ਕੇ।
ਦਰਸ਼ਨੀ ਡਿਉਢੀ ਦੇ ਕਰੋ ਨਿਉ ਕੇ ਦੀਦਾਰ ਸਿੰਘੋ
ਕਾਲ ਭੱਜ ਜਾਂਦਾ ਏ ਅਕਾਲ ਤਖ਼ਤ ਜਾ ਕੇ।
ਸੁਬਾ ਸ਼ਾਮ ਮਿੱਠੀ ਮਿੱਠੀ ਬਾਣੀ ਦੀ ਆਵਾਜ਼ ਆਉਂਦੀ
ਛੇੜਿਆ ਅਲਾਹੀ ਕੋਈ ਰਾਗ ਗੁਰੂ ਰਾਮਦਾਸ।
ਜਨਮਾਂ ਦੇ ਅੰਨ੍ਹਿਆਂ ਨੂੰ ਰੌਸ਼ਨੀ ਵਖਾਈ ਜਿਹਨੇ
ਪਾਣੀ ਵਿਚ ਬਾਲਿਆ ਚਰਾਗ਼ ਗੁਰੂ ਰਾਮਦਾਸ।

ਜਿਹਦੇ ਤਾਲ ਉੱਤੇ ਸਾਰੀ ਕਾਇਨਾਤ ਨੱਚਦੀ ਹੈ
ਚੌਥੇ ਪਾਤਸ਼ਾਹ ਨੇ ਸਜਾਇਆ ਹੋਇਆ ਤਾਲ ਹੈ।
ਪੰਜਵੇਂ ਗੁਰੂ ਦੀ ਵੀ ਕਮਾਈ ਧੰਨ ਧੰਨ ਆਖੋ
ਲੋਕ ਸੇਵਾ ਵਿਚ ਕੀਤੀ ਜਿਹਨਾਂ ਨੇ ਕਮਾਲ ਹੈ।
ਸਰ ਵਿਚ ਸੋਭਦਾ ਏ ਮੰਦਰ ਸੁਨਹਿਰੀ ਜਿਹਾ
ਸੂਰਜ ਤੇ ਚੰਨ ਜਿਹਨੂੰ ਵੇਖਕੇ ਨਿਹਾਲ ਹੈ।
ਚੌਹਾਂ ਦਰਵਾਜ਼ਿਆਂ ਨੂੰ ਤਾਹੀਓਂ ਖੁੱਲ੍ਹੇ ਰੱਖਿਆ ਏ
ਰੱਬ ਦੀ ਪ੍ਰੀਤ ਚੌਹਾਂ ਵਰਨਾਂ ਦੇ ਨਾਲ ਹੈ।
ਰਾਤ ਦਿਨ ਦੀਦੇ ਉਹਦੀ ਦੀਦ ਨੂੰ ਤਰਸਦੇ ਨੇ
ਸੰਗਤਾਂ ਨੂੰ ਲਾਇਆ ਏ ਵੈਰਾਗ ਗੁਰੂ ਰਾਮਦਾਸ।
ਪਾਣੀ ਵਿਚ ਮੁਅਜ਼ਜ਼ਾ ਲਗਾਇਆ ਸੱਚੇ ਪਾਤਸ਼ਾਹ ਨੇ
ਪਾਣੀ ਵਿਚ ਬਾਲਿਆ ਚਰਾਗ਼ ਗੁਰੂ ਰਾਮਦਾਸ।

ਤਾਲਮੇਲ ਕੀਤਾ ਤੇਰਾ ਤਾਲਿਆਂ ਨੇ ਆਪੋ ਵਿਚ
ਪੂਰ ਨਾ ਕਨਾਰਾ ਸਕੇ ਗੁਰੂ ਜੀ ਦੇ ਤਾਲ ਦਾ।
ਪੰਜਵੇਂ ਗੁਰਾਂ ਨੇ ਸੈਆਂ ਸੀਸ 'ਤੇ ਦਸੌਂਟੇ ਕੱਟੇ
ਤੱਤੀ ਤਵੀ ਉੱਤੇ ਰਿਹਾ ਜ਼ਾਲਮ ਬਿਠਾਲਦਾ।
ਬੰਦ ਬੰਦ ਕਿਸੇ ਨੇ ਕਟਾਇਆ ਇਹਦੀ ਬੰਦਗੀ ਤੋਂ
ਘਾਲਣਾ ਹਰੇਕ ਸਿੱਖ ਰਿਹਾ ਇਥੇ ਘਾਲਦਾ।
ਗੁਰੂ ਘਰ ਰਾਤ ਨੂੰ ਦੀਵਾਲੀ ਨਿੱਤ ਜਗਦੀ ਏ
ਜ਼ਾਲਮਾਂ ਦੀ ਮੜ੍ਹੀ 'ਤੇ ਕੋਈ ਦੀਵਾ ਨਹੀਓਂ ਬਾਲਦਾ।
ਐਸੀ ਸਤਿਨਾਮ ਦੀ ਵਜਾਈ ਬੀਨ ਸੁਰ ਨਾਲ
ਜ਼ਹਿਰ ਭਰੇ ਕੀਲ ਦਿੱਤੇ ਨਾਗ ਗੁਰੂ ਰਾਮਦਾਸ।
ਲੱਖਾਂ ਸੂਰਜਾਂ ਨੇ ਜਿਹਨੂੰ ਝੁੱਕ ਕੇ ਸਲਾਮ ਕੀਤੀ
ਪਾਣੀ ਵਿਚ ਬਾਲਿਆ ਚਰਾਗ਼ ਗੁਰੂ ਰਾਮਦਾਸ।

***

10

ਤੇਰੀ ਮਹਿਮਾ ਅਪਰ ਅਪਾਰਾ ਹੈ

ਹੇ ਸੋਢੀ ਸਤਿਗੁਰ ਰਾਮਦਾਸ ਤੇਰੀ ਮਹਿਮਾ ਅਪਰ ਅਪਾਰਾ ਹੈ।
ਤੂੰ ਸ਼ਹਿਰ ਵਸਾਇਆ ਅੰਮ੍ਰਿਤਸਰ ਸ਼ਹਿਰਾਂ 'ਚੋਂ ਸ਼ਹਿਰ ਨਿਆਰਾ ਹੈ।
ਅੰਮ੍ਰਿਤਸਰ ਸੋਮਾ ਅੰਮ੍ਰਿਤ ਦਾ ਜਾਂ ਕੁਈ ਅੰਮ੍ਰਿਤ ਦੀ ਧਾਰਾ ਹੈ।
ਹੈ ਜਾਨ ਪਿਆਰੀ ਸਾਨੂੰ ਪਰ ਇਹ ਜਾਨ ਤੋਂ ਵੱਧ ਪਿਆਰਾ ਹੈ।
ਇਹਦਾ ਚਾਨਣ ਤੱਕ ਕੇ ਅੰਬਰ ਦਾ ਸੂਰਜ ਵੀ ਹੱਕਾ ਬੱਕਾ ਹੈ।
ਅੰਮ੍ਰਿਤਸਰ ਸਾਡੀ ਕਾਸ਼ੀ ਹੈ ਅੰਮ੍ਰਿਤਸਰ ਸਾਡਾ ਮੱਕਾ ਹੈ।
ਜਿਸ ਸਰ ਵਿਚ ਅੰਮ੍ਰਿਤ ਛਲਕ ਰਿਹਾ ਉਹ ਸਰ ਹੀ ਅੰਮ੍ਰਿਤਸਰ ਦਾ ਹੈ।
ਜੋ ਹਿਰਦਾ ਹਰਿ ਹਰਿ ਕਰਦਾ ਹੈ ਹਰ ਉਸ ਦੀ ਪੀੜਾ ਹਰਦਾ ਹੈ।
ਇਥੇ ਪੌਣਾਂ ਪੱਖਾ ਫੇਰਦੀਆਂ ਇਥੇ ਇੰਦਰ ਪਾਣੀ ਭਰਦਾ ਹੈ।
ਜਿਹੜਾ ਤੀਨ ਲੋਕ ਵਿਚ ਸਰਦਾ ਨਹੀਂ ਇਸ ਸਰ ਵਿਚ ਨ੍ਹਾ ਕੇ ਸਰਦਾ ਹੈ।
ਇਸ ਸਰ ਵਿਚ ਸੋਹਣੀ ਸ਼ਾਨ ਨਾਲ ਹਰਿਮੰਦਰ ਕਿਵੇਂ ਸੁਹਾਇਆ ਹੈ।
ਧਰਤੀ ਨੇ ਆਪਣੇ ਮਸਤਕ 'ਤੇ ਸੋਨੇ ਦਾ ਤਿਲਕ ਲਗਾਇਆ ਹੈ।
ਇਕ ਮੀਆਂ ਮੀਰ ਦੇ ਹੱਥਾਂ ਥੀਂ ਨੀਂਹ ਇਸ ਮੰਦਰ ਦੀ ਧਰੀ ਗਈ।
ਇਹਦੀ ਪਾਕ ਪਵਿੱਤਰ ਧਰਤੀ 'ਤੇ ਕੁਦਰਤ ਵੀ ਸਜਦੇ ਕਰੀ ਗਈ।
ਜਿਨ ਹਿਰਦਿਓਂ ਜਪਿਆ ਹਰੀ ਹਰੀ ਉਹਦੀ ਹਰ ਇਕ ਪੀੜਾ ਹਰੀ ਗਈ।
ਜਿਨ ਪਾਣੀ ਭਰਿਆ ਸੰਗਤਾਂ ਦਾ ਉਹਦੀ ਖ਼ਾਲੀ ਝੋਲੀ ਭਰੀ ਗਈ।
ਏਥੇ ਆਸਾਂ ਪੂਰੀਆਂ ਹੁੰਦੀਆਂ ਨੇ ਏਥੇ ਡੁੱਬੇ ਬੇੜੇ ਤਰਦੇ ਨੇ।
ਕੋਈ ਕਰਮਾਂ ਵਾਲੇ ਏਸ ਦੀਆਂ ਪਰਕਰਮਾਂ ਆ ਕੇ ਕਰਦੇ ਨੇ।
ਹਰਿਮੰਦਰ ਵਿਚ ਗ੍ਰੰਥ ਸਾਹਬ ਕੁਈ ਰੱਬੀ ਰਹਿਮਤ ਛਾਈ ਏ।
ਪਾਪਾਂ ਦੀ ਧੁੰਦ ਮਿਟਾਵਣ ਲਈ ਗੁਰੂਆਂ ਨੇ ਜੋਤ ਜਗਾਈ ਏ।
ਸੂਰਜ ਰੁਸ਼ਨਾਉਂਦਾ ਦੁਨੀਆਂ ਨੂੰ ਇਹਦੀ ਹਿਰਦਿਆਂ ਵਿਚ ਰੁਸ਼ਨਾਈ ਏ।
ਇਹ ਧੁਰ ਕੀ ਬਾਣੀ ਆਈ ਏ ਜਿਨ ਸਗਲੀ ਚਿੰਤ ਮਿਟਾਈ ਏ।

ਹਾਂ ਦਰਸ਼ਨ ਹਰਿ ਕੀ ਪੌੜੀ ਦੇ ਕੁਈ ਭਾਗਾਂ ਵਾਲੇ ਪਾਂਦੇ ਨੇ।
ਏਥੋਂ ਹਰ ਰੋਜ਼ ਫ਼ਰਸ਼ਿਤੇ ਵੀ ਚਰਨਾਮਤ ਲੈ ਕੇ ਜਾਂਦੇ ਨੇ।

ਗੁਰੂ ਰਾਮਦਾਸ ਦੇ ਬਾਹਝੋਂ ਨਹੀਂ ਕੋਈ ਖ਼ਾਲੀ ਝੋਲੀਆਂ ਭਰ ਸਕਦਾ।
ਕਾਵਾਂ ਤੋਂ ਹੰਸ ਬਣਾਵਣ ਦਾ ਦੇ ਹੋਰ ਕੁਈ ਨਹੀਂ ਵਰ ਸਕਦਾ।

ਇਹ ਤੀਰਥ ਹੈ ਦੁੱਖ ਭੰਜਨੀ ਦਾ ਜੋ ਦੁਖੀਆਂ ਦੇ ਦੁਖ ਹਰ ਸਕਦੈ।
ਇਕ ਟੁੱਭੀ ਲਾਇਆਂ ਪਿੰਗਲੇ ਦਾ ਕੁੱਲ ਅੰਗ ਸਬੂਤੇ ਕਰ ਸਕਦੈ।

ਦੁਖ ਭੰਜਨੀ ਦਾਰੂ ਦੁੱਖਾਂ ਦਾ ਜਿਹਦਾ ਜੱਨਤ ਵਰਗਾ ਸਾਇਆ ਏ।
ਦੁਖ ਦੂਰ ਕਰਨ ਲਈ ਦੁਖੀਆਂ ਦੇ ਰੱਬ ਆਪ ਉੱਤਰ ਕੇ ਆਇਆ ਏ।

ਹਰਿਮੰਦਰ ਬਣਿਆ ਸੱਚਖੰਡ ਗੁਰ ਰਾਮਦਾਸ ਜਿਹਦਾ ਬਾਨੀ ਏਂ।
ਪੰਚਮ ਗੁਰ ਪਿਆਰੇ ਅਰਜਨ ਦੀ ਸੇਵਾ ਦਾ ਪੁਰਬ ਲਾਸਾਨੀ ਏਂ।

ਹਰਮੰਦਰ ਨਾਲ ਅਕਾਲ ਤਖ਼ਤ ਜਗਦੀ ਇਕ ਜੋਤ ਨੂਰਾਨੀ ਏਂ।
ਇਹ ਵੀ ਤੇ ਛੇਵੇਂ ਸਤਿਗੁਰ ਦੀ ਦੁਨੀਆ ਤੇ ਅਮਰ ਨਿਸ਼ਾਨੀ ਏਂ।

ਏਥੋਂ ਹੀ ਲੈ ਕੇ ਹੁਕਮ ਅਸਾਂ ਜ਼ਾਲਮ ਨਾਲ ਮੋਰਚਾ ਲਾਇਆ ਏ।
ਹਰ ਜ਼ਾਲਮ ਜ਼ੁਲਮ ਕਰੇਂਦੇ ਨੂੰ ਕੀਤੀ ਦਾ ਮਜ਼ਾ ਚਖਾਇਆ ਏ।

ਇਸ ਹਰਿਮੰਦਰ ਦੀ ਅਜ਼ਮਤ ਤੋਂ ਅਸਾਂ ਆਪਾ ਘੋਲ ਘੁਮਾਇਆ ਏ।
ਗੁਰ ਅਰਜਨ ਤਪਦੀ ਲੋਹ ਉੱਤੇ ਝੱਟ ਆਣ ਚੌਂਕੜਾ ਲਾਇਆ ਏ।

ਕਿਸੇ ਮਨੀ ਸਿੰਘ ਨੇ ਹਰਿਮੰਦਰ ਲਈ ਬੰਦ ਬੰਦ ਕਟਵਾਇਆ ਏ।
ਕਿਸੇ ਸੁੱਖਾ ਸਿੰਘ ਮਹਿਤਾਬ ਸਿੰਘ ਵੀ ਤੇਗ਼ ਦਾ ਜੌਹਰ ਵਖਾਇਆ ਏ।

ਸਿਰ ਵੱਢ ਕੇ ਮੱਸੇ ਰੰਘੜ ਦਾ ਜਦ ਘੁੱਟ ਲਹੂ ਦਾ ਭਰਿਆ ਹੈ।
ਮੱਸੇ ਨੂੰ ਕਿਹਾ ਸ਼ਹੀਦਾਂ ਨੇ ਤੇਰਾ ਅੱਜ ਮਾਮਲਾ ਤਰਿਆ ਹੈ।

ਕੁਈ ਖ਼ਾਨ ਜ਼ਕਰੀਆ ਅਹਿਮਦਸ਼ਾਹ ਪਾਪਾਂ ਦੇ ਕਲਮੇਂ ਪੜ੍ਹਦੇ ਰਹੇ।
ਸਿੰਘ ਚਰਖੜੀਆਂ 'ਤੇ ਚੜ੍ਹਦੇ ਰਹੇ ਤੇ ਦੇਗਾਂ ਦੇ ਵਿਚ ਕੜ੍ਹਦੇ ਰਹੇ।

ਕੋਈ ਦੀਪ ਸਿੰਘ ਵੀ ਸਿੱਖੀ ਲਈ ਰੱਖ ਸੀਸ ਤਲੀ 'ਤੇ ਲੜਦੇ ਰਹੇ।
ਇਕ ਸ਼ਮ੍ਹਾਂ ਧਰਮ ਦੀ ਜਗਦੀ ਰਹੀ ਪਰਵਾਨੇ ਆ ਆ ਸੜਦੇ ਰਹੇ।

ਉਸ ਮੁਗ਼ਲ ਕਾਲ ਵਿਚ ਜ਼ਾਲਮ ਦੇ ਰਹਿ ਸੁਫ਼ਨੇ ਕੁੱਲ ਅਧੂਰੇ ਗਏ।
ਕੀ ਪੂਰਨਾ ਸਿਗਾ ਸਰੋਵਰ ਨੂੰ ਖ਼ੁਦ ਕਬਰਾਂ ਦੇ ਵਿਚ ਪੂਰੇ ਗਏ।

ਅਸੀਂ ਗੁਰ ਨਾਨਕ ਦੇ ਚੇਲੇ ਹਾਂ ਤੇ ਸੇਵਕ ਕਲਗੀਧਰ ਦੇ ਹਾਂ।
ਨਾ ਦੂਜਿਆਂ ਤਾਈਂ ਡਰਾਉਣੇ ਹਾਂ ਨਾ ਦੂਜਿਆਂ ਕੋਲੋਂ ਡਰਦੇ ਹਾਂ।
ਅਸੀਂ ਦੇਸ਼ ਦੀ ਖ਼ਾਤਿਰ ਜੀਨੇ ਹਾਂ ਤੇ ਦੇਸ਼ ਦੀ ਖ਼ਾਤਰ ਮਰਦੇ ਹਾਂ।
ਅਸੀਂ ਕਦੋਂ ਹਕੂਮਤ ਚਾਹੁੰਦੇ ਹਾਂ ਵਤਨਾਂ ਦੀ ਸੇਵਾ ਕਰਦੇ ਹਾਂ।
ਸਤ ਸੰਗਤ 'ਸ.ਫਗੀ' ਜੁੜੀ ਹੋਈ ਪਿਆ ਖ਼ੁਸ਼ੀਆਂ ਦਾ ਮੀਂਹ ਵਰ੍ਹਦਾ ਏ।
ਗੁਰ ਰਾਮਦਾਸ ਦੇ ਚਰਨਾਂ 'ਤੇ ਕੁੱਲ ਆਲਮ ਸਜਦੇ ਕਰਦਾ ਏ।

***

11

ਹੇ ਸੋਢੀ ਸੁਲਤਾਨ ਪਾਤਸ਼ਾਹ

ਹੇ ਸੋਢੀ ਸੁਲਤਾਨ ਪਾਤਸ਼ਾਹ ਰਾਮਦਾਸ ਸਤਿਗੁਰੂ ਪਿਆਰੇ।
ਹਰੀਦਾਸ ਦੀ ਹਰੀ ਕਿਆਰੀ ਦਇਆ ਕੌਰ ਦੀ ਅੱਖ ਦੇ ਤਾਰੇ।

ਦੇਵਤਿਆਂ ਤੋਂ ਅੰਮ੍ਰਿਤ ਲੈ ਕੇ ਤੂੰ ਅੰਮ੍ਰਿਤਸਰ ਸ਼ਹਿਰ ਵਸਾਇਆ।
ਪਾਪਾਂ ਵਿਚ ਲਪੇਟੀ ਹੋਈ ਪਲਟ ਦਿੱਤੀ ਧਰਤੀ ਦੀ ਕਾਇਆ।

ਅੰਮ੍ਰਿਤ ਭਰੇ ਸਰੋਵਰ ਅੰਦਰ ਲਿਸ਼ਕ ਰਿਹਾ ਸੋਨੇ ਦਾ ਮੰਦਰ।
ਇਸ ਮੰਦਰ ਨੂੰ ਲਭਦੇ ਲਭਦੇ ਰਾਹ ਵਿਚ ਰਹਿ ਗਏ ਕਈ ਮਛੰਦਰ।

ਮੁਕਤੀ ਇਥੋਂ ਮੁਕਤੀ ਮੰਗਦੀ ਜੱਗ ਦੇ ਦਾਤੇ ਮੰਗਣ ਦਾਤਾਂ।
ਸਿਦਕਦਿਲੀ ਦਾ ਇਕੋ ਸਜਦਾ ਲੈ ਬਹਿੰਦਾ ਹੈ ਲੱਖ ਸੁਗਾਤਾਂ।

ਪਵਨ ਏਸ ਥਾਂ ਪੱਖਾ ਫੇਰੇ ਚੰਦ ਕਿਰਨਾਂ ਦਾ ਚੌਰ ਝੁਲਦਾ।
ਧਰਤੀ ਨਿਸਦਿਨ ਕਰੇ ਆਰਤੀ ਅੰਬਰ ਅਨਹਦ ਸ਼ਬਦ ਬੋਲਦਾ।

ਅੰਮ੍ਰਿਤਸਰ ਦਾ ਸਿੱਖੀ ਜੀਵਨ ਝਲਕ ਰਿਹਾ ਏ ਟਹਿਕ ਰਿਹਾ ਏ।
ਚੜ੍ਹਦਾ ਲਹਿੰਦਾ ਪੂਰਬ ਪੱਛਮ ਚੰਨਣ ਵਾਂਗੂੰ ਮਹਿਕ ਰਿਹਾ ਏ।

ਅੰਮ੍ਰਿਤਸਰ ਸਿੱਖੀ ਦਾ ਘਰ ਹੈ ਇਸ ਦੀ ਮਹਿਮਾ ਕਹੀ ਨਾ ਜਾਏ।
ਚੌਂਕੀ ਚੜ੍ਹਦੇ ਗੁਰੂ ਸਿੱਖਾਂ ਦੇ ਚੁੰਮਣ ਪੈਰ ਫਰਿਸ਼ਤੇ ਆਏ।

ਹਰਿਮੰਦਰ ਦੀ ਸਰਦਲ ਉੱਤੇ ਸਿਰ ਜਿਹਦਾ ਵੀ ਝੁੱਕ ਜਾਂਦਾ ਹੈ।
ਧਰਮ ਰਾਜ ਦੀਆਂ ਬਹੀਆਂ ਉੱਤੋਂ ਮੌਤ ਦਾ ਲੇਖਾ ਮੁੱਕ ਜਾਂਦਾ ਹੈ।

ਏਥੇ ਧਰਮੀ ਧਰਮ ਵੀ ਕਰਦੇ ਏਥੇ ਪਾਪੀ ਪਾਪ ਵੀ ਕਰਦੇ।
ਤਰ ਜਾਂਦੇ ਨੇ ਡੁੱਬਦੇ-ਡੁੱਬਦੇ ਡੁੱਬ ਜਾਂਦੇ ਨੇ ਤਰਦੇ ਤਰਦੇ।

ਕਈਆਂ ਆਪਣੇ ਕਰਮ ਜਗਾਏ ਏਸ ਦੀਆਂ ਪ੍ਰਕਰਮਾਂ ਕਰ ਕੇ।
ਦੀਪ ਸਿੰਘ ਨੇ ਰੁਤਬਾ ਪਾਇਆ ਸੀਸ ਤਲੀ 'ਤੇ ਆਪਣਾ ਧਰ ਕੇ।

ਦਰਸ਼ਨੀ ਡਿਉਢੀ ਦੇ ਜਦ ਦਰਸ਼ਨ ਦੋਹ ਨੈਣਾਂ ਨੂੰ ਹੋ ਜਾਂਦੇ ਨੇ।
ਸਾਰੇ ਪਾਪ ਉਮਰ ਦੇ ਕੀਤੇ ਅੱਥਰੂ ਬਣ ਕੇ ਚੋਅ ਜਾਂਦੇ ਨੇ।

ਦੇਖ ਦੇਖ ਕੇ ਕੇਸਰੀ ਝੰਡੇ ਕੌਣ ਕਹੇ ਜੀਅ ਰੱਜ ਜਾਂਦਾ ਹੈ।
ਅਕਾਲ ਤਖ਼ਤ ਦੇ ਦਰਸ਼ਨ ਕਰਕੇ ਕਾਲ ਕਲਹਿਣਾ ਭੱਜ ਜਾਂਦਾ ਹੈ।

ਹਰਿਮੰਦਰ ਦੀ ਸਰਦਲ ਉੱਤੇ ਸੀਸ ਜਿਹਦਾ ਵੀ ਨਿਉਂ ਜਾਂਦਾ ਹੈ।
ਸੁਰਗ ਉਹਦੇ ਵੱਲ ਖ਼ੁਦ ਆਏਗਾ ਉਹ ਸੁਰਗਾਂ ਵੱਲ ਕਿਉਂ ਜਾਂਦਾ ਹੈ।

ਹਰਿਮੰਦਰ ਦੀਆਂ ਹਰੀਆਂ ਵੇਲਾਂ ਹਰਿ ਮਿਲ ਜਾਂਦਾ ਹਰਿ ਕੀ ਪੌੜੀ।
ਇਕ ਚਰਨਾਮਤ ਮਿਲੀ ਨਾ ਕਿਤਿਉਂ ਦੂਰ ਦੂਰ ਤੀਕ ਦੁਨੀਆਂ ਦੌੜੀ।

ਹਰਿਮੰਦਰ ਵਿਚ ਅੰਮ੍ਰਿਤ ਵੇਲੇ ਬਾਣੀ ਦਾ ਪ੍ਰਕਾਸ਼ ਹੁੰਦਾ ਹੈ।
ਜਨਮ ਮਰਨ ਦਾ ਸੰਸਾ ਮੁਕਦਾ ਤੇ ਦੁੱਖਾਂ ਦਾ ਨਾਸ਼ ਹੁੰਦਾ ਹੈ।

ਇਸ ਦਰ 'ਤੇ ਇਨਸਾਫ਼ ਹੁੰਦਾ ਹੈ ਮੂਲ ਨਾ ਲਗਦੀ ਦੇਰੀ ਏਥੇ।
ਦੁਨੀਆਂ ਦੇ ਦੁੱਖ ਭੰਜਨ ਵਾਲੀ ਦੁੱਖ ਭੰਜਨੀ ਹੈ ਬੇਰੀ ਏਥੇ।

ਇਸ ਪਵਿੱਤਰ ਜਲ ਦੇ ਅੰਦਰ ਕਾਵਾਂ ਨੇ ਪਰ ਆਪਣੇ ਧੋਏ।
ਮੁੜ ਹੰਸਾਂ ਦਾ ਰੂਪ ਧਾਰ ਕੇ ਨੀਲ ਗਗਨ ਵਿਚ ਉਡਦੇ ਹੋਏ।

ਏਸ ਜਨਮ ਵਿਚ ਨਾਮ ਨਾ ਜਪਿਆ ਭੁੱਲ ਭੁਲੇਖੇ ਰੂਹਾਂ ਭੁੱਲੀਆਂ।
ਪੁਰਸਲਾਤ ਦਾ ਪੁਲ ਲੰਘਣ ਲਈ ਕਰ ਦਿੱਤੀਆਂ ਪ੍ਰਕਰਮਾਂ ਖੁੱਲ੍ਹੀਆਂ।

ਮੁੱਖ ਦਾ ਵਾਕ ਕਦੇ ਨਹੀਂ ਟਲਿਆ ਉਹ ਬਾਬਾ ਅਟੱਲ ਸੁਣੀਂਦਾ।
ਜਨਮ ਮਰਨ ਦਾ ਮਸਲਾ ਮੁਸ਼ਕਲ ਉਥੇ ਹੁੰਦਾ ਹੱਲ ਸੁਣੀਂਦਾ।

ਕੌਲ ਸਰ ਜੋ ਪ੍ਰੇਮੀ ਨ੍ਹਾਵੇ ਕੰਵਲ ਦਿਲੇ ਦਾ ਖਿੜ ਜਾਂਦਾ ਹੈ।
ਮਿਲਕੇ ਦੇਖੋ ਸਾਧ ਸੰਗਤ ਸੰਗ ਜੋ ਚਾਹੋ ਸੋ ਮਿਲ ਜਾਂਦਾ ਹੈ।

ਬਿਨ ਵੇਖੇ ਸੰਤੋਖਸਰੇ ਦੇ ਸੰਗਤ ਨੂੰ ਸੰਤੋਖ ਨਾ ਆਵੇ।
ਬੁੱਧੀ ਹੋਏ ਬਬੇਕ ਓਸ ਦੀ ਬਬੇਕਸਰ ਵਿਚ ਜਿਹੜਾ ਨ੍ਹਾਵੇ।

ਹਰਿਮੰਦਰ ਦੀ ਇੱਜ਼ਤ ਖ਼ਾਤਿਰ ਸਿੰਘਾਂ ਕਿੰਨੇ ਕਸ਼ਟ ਸਹਾਰੇ।
ਸੁੱਖਾ ਸਿੰਘ ਮਹਿਤਾਬ ਸਿੰਘ ਨੇ ਕਿਵੇਂ ਮਾਮਲੇ ਆ ਕੇ ਤਾਰੇ।

ਕਿਵੇਂ ਗਏ ਅਰਦਾਸੇ ਸੋਧੇ ਕਿਵੇਂ ਦਿਲਾਂ ਵਿਚ ਗ਼ੈਰਤ ਆਈ।
ਕਿਵੇਂ ਸਿੰਘਾਂ ਨੇ ਭੇਸ ਵਟਾ ਕੇ ਸੀ ਮੱਸੇ ਦੀ ਅਲਖ ਮੁਕਾਈ।

ਮਨੀ ਸਿੰਘ ਸੁਖਮਨੀ ਦੀ ਖ਼ਾਤਿਰ ਕੀਕਣ ਬੰਦੋ-ਬੰਦ ਕਟਾਇਆ।
ਆਪਣੇ ਵਗਦੇ ਲਹੂ ਦੇ ਵਿਚੋਂ ਗੁਰੂ ਨਾਨਕ ਦਾ ਦਰਸ਼ਨ ਪਾਇਆ।

ਸਿੰਘਾਂ ਆਪਣੀ ਮੌਤ ਭੁਲਾ ਕੇ ਗੁਰ ਸਿੱਖੀ ਦੇ ਚਿੰਨ੍ਹ ਪਛਾਤੇ।
ਨਹਾਉਂਦੇ ਰਹਿਣ ਤਲਾ ਵਿਚ ਲੋਕੀਂ ਅਰਜਨ ਬਲਦੀ ਅੱਗ ਵਿਚ ਨ੍ਹਾਤੇ।

ਚਾਲੂ ਏਥੇ ਰੀਤ ਲੰਗਰ ਦੀ ਭੋਜਨ ਨਿੱਤ ਛਕਾਏ ਜਾਂਦੇ।
ਇਕੋ ਪੰਗਤ ਦੇ ਵਿਚ ਏਥੇ ਰਾਓ ਰੰਕ ਬਿਠਾਏ ਜਾਂਦੇ।

ਅਹਿਮਦ ਸ਼ਾਹ ਅਬਦਾਲੀ ਸਾਨੂੰ ਕਰ ਸਿੱਖੀ ਤੋਂ ਦੂਰ ਨਾ ਸਕਿਆ।
ਪੂਰ ਲੰਘ ਗਏ ਦੁਸ਼ਮਣੀਆਂ ਦੇ ਕੋਈ ਸਰੋਵਰ ਪੂਰ ਨਾ ਸਕਿਆ।

ਕੱਖਾਂ ਥੱਲੇ ਅੱਗ ਦਬਾਉਣੀ ਹਰਗਿਜ਼ ਨਹੀਂ ਸੁਖਾਲੀ ਹੁੰਦੀ।
ਜ਼ਾਲਮ ਦੇ ਘਰ ਇਕ ਨੀ ਦੀਵਾ ਏਥੇ ਰੋਜ਼ ਦੀਵਾਲੀ ਹੁੰਦੀ।

ਅੱਜ ਦਿਹਾੜੇ ਚੌਥੇ ਸਤਿਗੁਰੂ ਜੇ ਤੇਰਾ ਅਵਤਾਰ ਨਾ ਹੁੰਦਾ।
'ਸਫ਼ਰੀ' ਵਰਗੇ ਕਵੀਆਂ ਦਾ ਵੀ ਅੱਜ ਕਵੀ ਦਰਬਾਰ ਨਾ ਹੁੰਦਾ।

***

12

ਦਰਬਾਰ ਤੇਰਾ

ਰਾਮਦਾਸ ਸਤਗੁਰ ਸੋਢੀ ਪਾਤਸ਼ਾਹਾ ਹੋਇਆ ਜੱਗ ਤੇ ਜਦੋਂ ਅਵਤਾਰ ਤੇਰਾ।
ਕਲਜੁਗੀ ਮਨੁੱਖ ਕੀ ਅੰਬਰਾਂ ਤੋਂ ਆਏ ਦੇਵਤੇ ਕਰਨ ਦੀਦਾਰ ਤੇਰਾ।

ਫੁੱਲਾਂ ਵਿਚ ਵੀ ਹੈ ਖ਼ੁਸ਼ਬੋ ਤੇਰੀ ਪੀਢੇ ਪੱਥਰਾਂ ਵਿਚ ਪਿਆਰ ਤੇਰਾ।
ਅਰਸ਼ ਕੁਰਸ਼ ਦੇ ਮਾਲਕਾ ਕੀ ਦੱਸਾਂ ਸਾਰੀ ਪ੍ਰਿਥਵੀ ਉੱਤੇ ਪਸਾਰ ਤੇਰਾ।

ਸੁੰਦਰ ਸਰ ਅੰਦਰ ਚਮਕੇ ਹਰਿਮੰਦਰ ਅੰਦਰ ਹਰਿਮੰਦਰ ਚਮਤਕਾਰ ਤੇਰਾ।
ਨਕਸ਼ਾ ਤੇਰੇ ਦਰਬਾਰ ਦਾ ਕੀ ਦਸਾਂ ਸੱਚਖੰਡ ਦਾ ਰੂਪ ਦਰਬਾਰ ਤੇਰਾ।

ਲੰਗਰ ਲੱਗਦੇ ਰਹਿਣ ਹਮੇਸ਼ ਤੇਰੇ ਕਿੰਨਾ ਜੱਗ ਉੱਤੇ ਪਰਉਪਕਾਰ ਤੇਰਾ।
ਸੇਵਾ ਸਾਂਝ ਦਾ ਤੂੰ ਹੀ ਰਵਾਜ ਪਾਇਆ ਬਣਿਆ ਕੁੱਲ ਆਲਮ ਸੇਵਾਦਾਰ ਤੇਰਾ।

ਮੰਗਾਂ ਮੰਗਦੇ ਤੈਥੋਂ ਜਹਾਨ ਵਾਲੇ ਭਰਿਆ ਬਰਕਤਾਂ ਨਾਲ ਭੰਡਾਰ ਤੇਰਾ।
ਬੰਦ ਬੰਦ ਕਟਾਇਆ ਸੀ ਮਨੀ ਸਿੰਘ ਨੇ ਅਜੇ ਤੱਕ ਨੀ ਲੱਥਾ ਉਧਾਰ ਤੇਰਾ।

ਦੀਦੇ ਉਹਨਾਂ ਦੀ ਦੀਦ ਨੂੰ ਤਰਸਦੇ ਨੇ ਜਿਹਨਾਂ ਦੀਦਿਆਂ ਕੀਤਾ ਦੀਦਾਰ ਤੇਰਾ।
ਡਿੱਗੇ ਤੇਰੀ ਦਲ੍ਹੀਜ਼ 'ਤੇ ਵਰਨ ਚਾਰੇ ਸੱਚਖੰਡ ਦਾ ਰੂਪ ਦਰਬਾਰ ਤੇਰਾ।

ਤੇਰੇ ਅੰਮ੍ਰਿਤ ਦੀ ਠੰਢੀ ਫੁਹਾਰ ਪੈ ਕੇ ਭਾਂਬੜ ਦੋਜ਼ਖਾਂ ਦੇ ਠੰਢੇ ਠਾਰ ਹੋ ਗਏ।
ਦੁੱਖ ਭੰਜਨੀ ਦੁੱਖਾਂ ਦਾ ਨਾਸ ਕਰ ਗਈ ਹਰਿ ਕੀ ਪੌੜੀ ਨੀ ਹਰਦੇ ਦੀਦਾਰ ਹੋ ਗਏ।

ਨ੍ਹਾਤੇ ਪਿੰਗਲੇ ਅੰਗ ਸਬੂਤ ਹੋ ਗਏ ਨ੍ਹਾਤੇ ਕਾਂ ਤੇ ਹੰਸਾਂ ਦੀ ਡਾਰ ਹੋ ਗਏ।
ਸੋਢੀ ਪਾਤਸ਼ਾਹ ਤੇਰਾ ਦੀਦਾਰ ਕਰਕੇ ਬੇੜੇ ਲੱਖਾਂ ਗੁਨਾਹੀਆਂ ਦੇ ਪਾਰ ਹੋ ਗਏ।

ਤੂੰ ਤਾਂ ਜਮਾਂ ਦਾ ਵਾਰ ਨੀ ਹੋਣ ਦਿੱਤਾ ਗਾਵਾਂ ਜਸ ਕਿਉਂ ਨਾ ਵਾਰ ਵਾਰ ਤੇਰਾ।
ਸੱਚ ਖੰਡ ਬਣਾ 'ਤਾ ਪ੍ਰਿਥਵੀ 'ਤੇ ਸੱਚਖੰਡ ਦਾ ਰੂਪ ਦਰਬਾਰ ਤੇਰਾ।

ਹਰੀਮੰਦਰ ਦੀ ਉਜਲੀ ਸ਼ਾਨ ਤੱਕ ਕੇ ਉਤੋਂ ਦੇਵਤੇ ਝਾਤੀਆਂ ਪਾ ਰਹੇ ਨੇ।
ਗੁਰੂ ਗ੍ਰੰਥ ਦਾ ਸ਼ੁੱਭ ਪ੍ਰਕਾਸ਼ ਹੋਇਆ ਰਾਗੀ ਗੁਰਾਂ ਦੀ ਬਾਣੀ ਸੁਣਾ ਰਹੇ ਨੇ।

ਅੰਮ੍ਰਿਤ ਭਰੇ ਸਰੋਵਰ 'ਚ ਸ਼ਾਮ ਵੇਲੇ ਦੀਵੇ ਇਸ ਤਰ੍ਹਾਂ ਜਗਮਗਾ ਰਹੇ ਨੇ।
ਤਾਰੇ ਟੁੱਟ ਕੇ ਲੱਖਾਂ ਆਕਾਸ਼ ਵਿਚੋਂ ਮਾਨੋਂ ਭਰੇ ਸਰੋਵਰ 'ਚ ਨ੍ਹਾ ਰਹੇ ਨੇ।

ਦੇ ਕੇ ਜਿੰਦ ਬੇਖ਼ੌਫ਼ ਪਰਵਾਨਿਆਂ ਨੇ ਕੀਤਾ ਸ਼ਮ੍ਹਾ 'ਤੇ ਪਰਗਟ ਪਿਆਰ ਤੇਰਾ।
ਮੇਰੀ ਕਿਸਮਤ ਦੇ ਨਕਸ਼ੇ ਬਣਾਨ ਵਾਲੇ ਸੱਚਖੰਡ ਦਾ ਰੂਪ ਦਰਬਾਰ ਤੇਰਾ।

ਦੁਨੀਆਂ ਵਿਚ ਆ ਕੇ ਰਾਮਦਾਸ ਸਤਿਗੁਰ ਸਤ ਧਰਮ, ਨੇਕੀ ਦਾ ਪ੍ਰਚਾਰ ਕੀਤਾ।
ਤਾਣਾ ਪਾਪੀਆਂ ਪਾਪ ਦਾ ਤਣਿਆ ਸੀ ਤੰਦ ਤੰਦ ਕੀਤਾ ਤਾਰ ਤਾਰ ਕੀਤਾ।

ਸੁੱਖਾ ਸਿੰਘ ਤੇ ਵੀਰ ਮਹਿਤਾਬ ਸਿੰਘ ਨੇ ਜਦੋਂ ਮੱਸੇ 'ਤੇ ਤੇਗ਼ ਦਾ ਵਾਰ ਕੀਤਾ।
ਜਾਂਦੀ ਰੂਹ ਆਕਾਸ਼ ਨੂੰ ਕਹਿਣ ਲੱਗੀ ਸ਼ੁਕਰ ਮੇਰਾ ਵੀ ਕਿਸੇ ਅਧਾਰ ਕੀਤਾ।

'ਕੱਲਾ ਨਹੀਂ 'ਸਫ਼ਰੀ' ਤੇਰੇ ਗੀਤ ਗਾਉਂਦਾ ਜਸ ਗਾ ਰਿਹਾ ਕੁਲ ਸੰਸਾਰ ਤੇਰਾ।
ਸੱਚਖੰਡ ਦੀ ਰੀਸ ਤਾਂ ਨਹੀਂ ਐਪਰ ਸੱਚਖੰਡ ਤੋਂ ਵੱਧ ਦਰਬਾਰ ਤੇਰਾ।

***

13

ਬਣਿਆ ਨਥਾਂਵਿਆਂ ਦੀ ਥਾਂ ਗੁਰੂ ਰਾਮਦਾਸ

ਕਾਲ ਨੇ ਹਨੇਰ ਪਾਇਆ ਕਾਹਲੀ ਕਾਹਲੀ ਜ਼ਿੰਦਗੀ ਸੀ
ਕਲੂ ·ਕਾਲ ਵਿਚ ਆਏ ਤਾਂ ਗੁਰੂ ਰਾਮਦਾਸ।
ਗੁੜ ਨਾਲੋਂ ਖੰਡ ਮਿੱਠੀ, ਖੰਡ ਨਾਲੋਂ ਸ਼ਹਿਦ ਮਿੱਠਾ
ਸ਼ਹਿਦ ਨਾਲੋਂ ਮਿੱਠਾ ਤੇਰਾ ਨਾਂ ਗੁਰੂ ਰਾਮਦਾਸ।

ਘੁਙਣੀਆਂ ਵੇਚਕੇ ਬੇਹੰਗਮਾਂ ਦੀ ਸੇਵਾ ਕੀਤੀ
ਭੁੱਖਿਆਂ ਨਾ ਕੀਤਾ ਏ ਨਿਆਂ ਗੁਰੂ ਰਾਮਦਾਸ।

ਕਪਲਾ ਗਊ ਦਾ ਮਿੱਠਾ ਦੁੱਧ ਗੁਰੂ ਰਾਮਦਾਸ
ਕਲਪ ਬਿਰਛ ਦੀ ਹੈ ਛਾਂ ਗੁਰੂ ਰਾਮਦਾਸ।
ਮਾਂ ਗੁਰੂ ਰਾਮਦਾਸ ਪਿਤਾ ਗੁਰੂ ਰਾਮਦਾਸ
ਪਿਤਾ ਗੁਰੂ ਰਾਮਦਾਸ ਮਾਂ ਗੁਰੂ ਰਾਮਦਾਸ।

ਮਾਣ ਹੈ ਨਿਮਾਣਿਆਂ ਦਾ ਤਾਣ ਹੈ ਨਿਤਾਣਿਆਂ ਦਾ
ਬਣਿਆ ਨਥਾਵਿਆਂ ਦੀ ਥਾਂ ਗੁਰੂ ਰਾਮਦਾਸ।

ਬਣਿਆ ਨਗੱਤਿਆਂ ਦੀ ਗੱਤ ਗੁਰੂ ਰਾਮਦਾਸ।
ਬਣਿਆ ਨਪੱਤਿਆਂ ਦੀ ਪੱਤ ਗੁਰੂ ਰਾਮਦਾਸ।
ਮੰਨਿਆ ਨਾ ਮਨ ਤਾਹੀਉਂ ਮਨ-ਮਤ ਦੂਰ ਕੀਤੀ
ਅੱਗੋਂ ਤੋਂ ਚਲਾਈ ਗੁਰੂ ਮੱਤ ਗੁਰੂ ਰਾਮਦਾਸ।

ਭਗਤੀ ਬੇਹੋਸ਼ ਹੈਸੀ ਸ਼ਕਤੀ ਖ਼ਾਮੋਸ਼ ਹੈਸੀ
ਰਗਾਂ ਵਿਚ ਪਾਈ ਆ ਕੇ ਰੱਤ ਗੁਰੂ ਰਾਮਦਾਸ।

ਸੱਤ ਸੱਤ ਵਾਰ ਕਿਹਾ ਸੱਤਾਂ ਹੀ ਸਮੁੰਦਰਾਂ ਨੇ
ਸਤਿ ਗੁਰੂ ਰਾਮਦਾਸ ਸਤਿ ਗੁਰੂ ਰਾਮਦਾਸ।
ਢੋਈ ਨਹੀਂ ਸੀ ਮਾੜਿਆਂ ਨੂੰ ਟੋਕਰੀ ਵੀ ਢੋਈ ਤਾਹਿਉਂ
ਕਿੱਡਾ ਵੱਡਾ ਕੀਤਾ ਏ ਨਿਆਂ ਗੁਰੂ ਰਾਮਦਾਸ।

ਥਾਂ ਨਹੀਂ ਸੀ ਲਭਦੀ ਨਥਾਂਵਿਆਂ ਨੂੰ ਜੱਗ ਉੱਤੇ
ਬਣਿਆ ਨਥਾਂਵਿਆਂ ਦੀ ਥਾਂ ਗੁਰੂ ਰਾਮਦਾਸ।

ਹਰੀ ਹਰੀ ਕੀਤਾ ਜਿਹਨੇ ਹਰੀ ਨਹੀਉਂ ਬਾਜ਼ੀ ਕਦੇ
ਉਹਨੇ ਸਗੋਂ ਪੀੜ ਹਰ ਆਤਮਾ ਦੀ ਹਰੀ ਏ।
ਅੰਮ੍ਰਿਤਸਰ ਆ ਨਿਵਾਇਆ ਸਰ ਜਿਹਨੇ ਆ ਕੇ
ਸਰਾ ਸਰੀ ਦੇਖੋ ਉਹਦੀ ਸਾਰੀ ਗੱਲ ਸਰੀ ਏ।
ਮਨੀ ਸਿੰਘ ਵਾਂਗੂੰ ਜਿਹਨੇ ਮੌਤ ਵਰੀ ਏਸ ਥਾਂ 'ਤੇ
ਜਮਾਂ ਦੀ ਕਚਹਿਰੀ ਵਿਚੋਂ ਸਾਫ਼ ਸਾਫ਼ ਬਰੀ ਏ।
ਇਕੋ ਘੁੱਟ ਦਿਹ ਸਾਨੂੰ ਓਸੇ ਦੁੱਖਭੰਜਨੀ 'ਚੋਂ
ਪਿੰਗਲੇ ਦੀ ਦਿਹ ਤੂੰ ਸਬੂਤੀ ਜਿੱਥੋਂ ਕਰੀ ਏ।
ਹੰਸਾਂ ਦੀ ਗੱਲ ਤਾਂ ਅਲੱਗ ਰਹਿ ਗਈ ਖ਼ਾਲਸਾ ਜੀ
ਗੁਰੂ ਘਰੋਂ ਵਰੋਸਾਏ ਕਾਂ ਗੁਰੂ ਰਾਮਦਾਸ।
ਅਮਰੂ ਨਥਾਂਵੇਂ ਨੂੰ ਵੀ ਥਾਂ ਲੱਭੀ ਏਸ ਥਾਉਂ
ਬਣਿਆ ਨਥਾਂਵਿਆਂ ਦੀ ਥਾਂ ਗੁਰੂ ਰਾਮਦਾਸ।
ਹੱਥ ਘੁਟਦੇ ਨੀ ਤੇਰੇ ਦਾਨੀ ਗੁਰੂ ਰਾਮਦਾਸ
ਪੈਰ ਪੈਰ ਉੱਤੇ ਪੈਰ ਸੰਗਤਾਂ ਦੇ ਘੁੱਟਦੇ।
ਜੁਟਦੇ ਕਦਾਈਂ ਨਹੀਂ ਉਂ ਜਾਬਰਾਂ ਦੇ ਜੁੱਟ ਵਿਚ
ਦਿਨ ਰਾਤ ਜਿਹੜੇ ਤੇਰੀ ਸੇਵਾ ਵਿਚ ਜੁੱਟਦੇ।
ਜਮਾਂ ਵਾਲੀ ਕੁੱਟ ਤੋਂ ਹਮੇਸ਼ ਬਚੇ ਰਹਿਣ ਜਿਹੜੇ
ਰੋੜੀ ਸਤਿਗੁਰੂ ਤੇਰੇ ਰਾਹਾਂ ਵਿਚ ਕੁੱਟਦੇ।
ਟੁਟਦੇ ਮਰਨ ਭਾਵੇਂ ਵਾਰ ਵਾਰ ਜੰਗਲਾਂ 'ਚ
ਸੰਗਲ ਚੌਰਾਸੀ ਵਾਲੇ ਏਥੇ ਆ ਕੇ ਟੁੱਟਦੇ।
ਦੇਵਤੇ ਵੀ ਆਣ ਕੇ ਆਕਾਸ਼ੋਂ ਏਥੇ ਵਸਦੇ ਨੇ
ਕਿੱਡਾ ਸੋਹਣਾ ਸਾਜਿਆ ਗਰਾਂ ਗੁਰੂ ਰਾਮਦਾਸ।
ਬਣਿਆ ਬੇਧੀਰਿਆਂ ਦਾ ਧੀਰ ਗੁਰੂ ਰਾਮਦਾਸ।
ਬਣਿਆ ਨਥਾਂਵਿਆਂ ਦੀ ਥਾਂ ਗੁਰੂ ਰਾਮਦਾਸ।
ਅੰਮ੍ਰਿਤਸਰ ਘਰ ਸਿਫ਼ਤੀ ਦਾ ਕਿਹਾ ਗੁਰਾਂ
ਏਥੇ ਸੱਚੇ ਪਾਤਿਸ਼ਾਹ ਦੀ ਸਿਫ਼ਤ ਸੁਣਾਈ ਗਈ।
ਰੱਬ ਨੇ ਪੈਗ਼ਾਮ ਕੋਈ ਰੱਬ ਹੱਥ ਘੱਲਿਆ ਏ
ਰੱਬੀ ਬਾਣੀ ਰੱਬ ਦਿਆਂ ਬੰਦਿਆਂ 'ਚ ਗਾਈ ਗਈ।
ਨਾਨਕ ਦੇ ਨੂਰ ਵਿਚੋਂ ਰੌਸ਼ਨੀ ਲਿਆ ਕੇ ਏਥੇ
ਦਿਨ ਨਾਲੋਂ ਕਿਤੇ ਵੱਧ ਰਾਤ ਰੁਸ਼ਨਾਈ ਗਈ।

ਰੱਖਿਆ ਨਾ ਭੇਤ ਗੁਰਾਂ ਕੋਈ ਜ਼ਾਤਪਾਤ ਵਾਲਾ
ਮੰਦਰ ਦੀ ਨੀਂਹ ਮੀਆਂ ਮੀਰ ਤੋਂ ਰਖਾਈ ਗਈ।
ਐਟਮਾਂ ਦੇ ਜੁਗ ਵਿਚ ਕੌਣ ਹੈ ਸਹਾਰਾ ਸਾਡਾ
ਜਾਂ ਸਾਡਾ ਰੱਬ ਹੈ ਤੇ ਜਾਂ ਗੁਰੂ ਰਾਮਦਾਸ।
ਥਾਉਂ ਥਾਂਈਂ 'ਸਫ਼ਰੀ' ਆਵਾਜ਼ ਆਉਂਦੀ ਜੱਗ ਸਾਰੇ
ਬਣਿਆ ਨਥਾਂਵਿਆਂ ਦੀ ਥਾਂ ਗੁਰੂ ਰਾਮਦਾਸ।

***

ਅਵਤਾਰ ਤੇਰਾ

ਰਾਮਦਾਸ ਸਤਿਗੁਰ ਸੋਢੀ ਪਾਤਸ਼ਾਹਾ
ਹੋਇਆ ਜੱਗ ਦੇ ਵਿਚ ਅਵਤਾਰ ਤੇਰਾ।

ਅੰਮ੍ਰਿਤਸਰ ਦੀ ਧਰਤੀ ਨੂੰ ਭਾਗ ਲਾਏ
ਸਾਰਾ ਦੇਸ਼ ਹੈ ਸ਼ੁਕਰਗੁਜ਼ਾਰ ਤੇਰਾ।

ਸੁੰਦਰ ਸਰ ਅੰਦਰ ਚਮਕੇ ਹਰਿਮੰਦਰ
ਅੰਦਰ ਹਰਿਮੰਦਰ ਚਮਤਕਾਰ ਤੇਰਾ।

ਹਸ਼ਰ ਤਿਕ ਤੇਰਾ ਕੀਤਾ ਭੁੱਲਣਾ ਨਹੀਂ
ਯਾਦ ਰਹੇਗਾ ਪਰਉਪਕਾਰ ਤੇਰਾ।

ਚੰਨ ਕਿਰਨਾਂ ਦੀ ਹੱਥ ਬੁਹਾਰੀ ਲੈ ਕੇ
ਰੋਜ਼ ਰਿਹਾ ਹੈ ਵਿਹੜਾ ਖੁਹਾਰ ਤੇਰਾ।

ਡਿੱਗੇ ਤੇਰੀ ਦਲ੍ਹੀਜ਼ 'ਤੇ ਵਰਨ ਚਾਰੇ
ਸਾਂਝਾ ਸਾਰਿਆਂ ਲਈ ਦਰਬਾਰ ਤੇਰਾ।

ਅੰਮ੍ਰਿਤਸਰ ਸਾਰਾ ਨੂਰੋ ਨੂਰ ਦਿਸੇ
ਪੈਦਾ ਏਸ ਥਾਂ ਜੱਗ ਦਾ ਨੂਰ ਹੋਇਆ।

ਦੂਰ ਦੂਰ ਤੋਂ ਸੰਗਤਾਂ ਆਉਂਦੀਆਂ ਨੇ
ਦੁੱਖ ਦੂਈ ਦਵੈਖ ਦਾ ਦੂਰ ਹੋਇਆ।

ਮੱਸੇ ਖ਼ਾਂ ਵਰਗੇ ਏਥੇ ਗਏ ਮੱਸੇ
ਮੁਗ਼ਲ ਰਾਜ ਏਥੇ ਚੂਰ ਚੂਰ ਹੋਇਆ।

ਬੇਈਮਾਨਾਂ ਦੇ ਪੂਰਾਂ ਦੇ ਪੂਰ ਖਪ ਗਏ
ਤੇਰਾ ਸੱਚਾ ਸਰੋਵਰ ਨਾ ਪੂਰ ਹੋਇਆ।

ਕਈ ਆਈਆਂ ਹਨੇਰੀਆਂ ਕਹਿਰ ਦੀਆਂ
ਰਿਹਾ ਚਮਕਦਾ ਰੌਸ਼ਨ ਮੀਨਾਰ ਤੇਰਾ।

ਸਾਰੇ ਜੱਗ ਨੂੰ ਰੌਸ਼ਨੀ ਦੇਣ ਵਾਲੇ
ਸਾਂਝਾ ਸਾਰਿਆਂ ਲਈ ਦਰਬਾਰ ਤੇਰਾ।

ਲੱਖਾਂ ਰਿਧੀਆਂ ਸਿੱਧੀਆਂ ਕਰਾਮਾਤਾਂ
ਸਜਦੇ ਤੇਰੇ ਦੁਆਰੇ 'ਤੇ ਕਰਦੀਆਂ ਨੇ।
ਦੁੱਖ ਭੰਜਨੀ ਦੁੱਖਾਂ ਦਾ ਨਾਸ਼ ਕਰਦੀ
ਹਰਿ ਕੀ ਆਣ ਪਉੜੀ ਪੀੜਾਂ ਹਰਦੀਆਂ ਨੇ।
ਪੀ ਕੇ ਸਰ ਵਿੱਚੋਂ ਦੁਨੀਆਂ ਸਰ ਕਰ ਲਈ
ਸਿਫ਼ਤਾਂ ਲੱਖ ਦਾਤਾ ਤੇਰੇ ਸਰ ਦੀਆਂ ਨੇ।
ਗੁਰੂ ਗੁਰੂ ਜਪਦੇ ਆਪੂੰ ਗੁਰੂ ਬਣ ਗਏ
ਮਿਹਰਬਾਨੀਆਂ ਇਹ ਗੁਰੂ ਘਰ ਦੀਆਂ ਨੇ।
ਸਾਨੂੰ ਬਖ਼ਸ਼ੀਆਂ ਦਾਤਾ ਹਜ਼ਾਰ ਖੁਸ਼ੀਆਂ
ਕਰੀਏ ਸ਼ੁਕਰ ਹਜ਼ਾਰ ਹਜ਼ਾਰ ਤੇਰਾ।
ਮੀਆਂ ਮੀਰ ਹਰਿਮੰਦਰ ਦੀ ਨੀਂਹ ਰੱਖੀ
ਸਾਂਝਾ ਸਾਰਿਆਂ ਲਈ ਦਰਬਾਰ ਤੇਰਾ।
ਅਕਬਰ ਜੇਹੇ ਵੀ ਬਾਦਸ਼ਾਹ ਮੈਂ ਦੇਖੇ
ਪੈਰ ਪੂਜਦੇ ਸੋਢੀ ਸੁਲਤਾਨ ਤੇਰੇ।
ਰੂਹਾਂ ਭੁੱਲੀਆਂ ਭਟਕੀਆਂ ਰਾਹ ਪਾਈਆਂ
ਜਸ ਗਾਉਂਦੀਆਂ ਗੁਣੀ ਨਿਧਾਨ ਤੇਰੇ।
ਸੁੰਦਰ ਦਰਸ਼ਨੀ ਡਿਉੜੀ ਦੇ ਦਰਸ਼ਨਾਂ ਨੂੰ
ਬਣੇ ਦੇਵਤੇ ਆਣ ਦਰਬਾਨ ਤੇਰੇ।
ਜੁੱਗਾਂ ਤੀਕ ਜਹਾਨ ਦੇ ਵਾਲੀਆ ਉਏ
ਰਿਣੀ ਰਹਿਣਗੇ ਦੋਵੇਂ ਜਹਾਨ ਤੇਰੇ।
ਇੰਦਰ ਜਲ ਢੋਵੇ ਪੱਖਾ ਪੌਣ ਫੇਰੇ
ਕਾਇਨਾਤ ਕਰਦੀ ਏ ਸਤਿਕਾਰ ਤੇਰਾ।
ਸੇਵਾ ਕੀਤੀ ਤੂੰ ਸਾਰੀ ਮਨੁੱਖਤਾ ਦੀ
ਸਾਂਝਾ ਸਾਰਿਆਂ ਲਈ ਦਰਬਾਰ ਤੇਰਾ।
ਅਸੀਂ ਤੇਰੇ ਪਿਆਰ ਦੇ ਤੰਦ ਪਾ ਪਾ
ਗੋੜ੍ਹੇ ਨਾਮ ਦੇ ਕਤਦੇ ਤੁੰਮਦੇ ਰਹੇ।
ਏਥੇ ਮੌਤ ਆ ਕੇ ਗੁੰਮ ਸੁੰਮ ਹੋ ਜਾਏ
ਏਥੇ ਜ਼ਿੰਦਗੀ ਦੇ ਸੋਮੇ ਸੁੰਮਦੇ ਰਹੇ।

ਧਰਤੀ ਮਾਂ ਨੇ ਤੇਰੀ ਪਛਾਣ ਕੀਤੀ
ਤੇਰੇ ਚਰਨ ਸਿਤਾਰੇ ਵੀ ਚੁੰਮਦੇ ਰਹੇ।

ਤੇਰੀਆਂ ਘੁੰਙਣੀਆਂ ਖਾਣ ਨੂੰ ਪਾਤਸ਼ਾਹਾ
ਤੇਰੇ ਗਿਰਦ ਫ਼ਰਿਸ਼ਤੇ ਵੀ ਘੁੰਮਦੇ ਰਹੇ।

ਮਹਿਕ ਰਿਹਾ ਗੁਲਾਬ ਦੇ ਫੁੱਲ ਵਾਂਗੂੰ
ਲੱਖਾਂ ਸੀਨਿਆਂ ਵਿਚ ਪਿਆਰ ਤੇਰਾ।

ਹਿੰਦੂ ਮੋਮਨ ਈਸਾਈ ਕੀ ਹਰੀਜਨ ਹੈ
ਬਣਿਆ ਸਾਰਿਆਂ ਲਈ ਦਰਬਾਰ ਤੇਰਾ।

***

15

ਗੁਰੂ ਅਰਜਨ ਦੇਵ ਜੀ ਪੰਜਵੇਂ ਗੁਰੂ

ਅਰਸ਼ ਤੱਪਦਾ, ਫ਼ਰਸ਼ ਤੱਪਦਾ ਤੌਰ ਤਪਦੇ ਸ਼ਰ੍ਹਾ ਦੇ
ਕੌਣ ਤੱਤੀ ਤਵੀ ਉੱਤੇ ਮੁਸਕਰਾ ਕੇ ਬਹਿ ਗਿਆ।
ਗੁਰੂ ਅਰਜਨ ਕਲੂ ਦੇਂ ਵਿਚ ਨਵਾਂ ਸੂਰਜ ਸੱਚ ਦਾ
ਲੱਖ ਸੂਰਜ ਬਦਨ ਦੇ ਥੱਲੇ ਵਿਛਾ ਕੇ ਬਹਿ ਗਿਆ।
ਚੌਰ ਦੀ ਥਾਂ ਰੇਤ ਤੱਤੀ ਸੀਸ ਉੱਤੇ ਖਿੰਡਰ ਗਈ
ਕੀ ਭਾਣਾ ਵਰਤਿਆ ਇਹ ਹੋ ਕੀ ਦਾ ਕੀ ਗਿਆ।
ਛਾਲਿਆਂ ਦੀ ਪੀੜ ਨੂੰ ਨਾ ਗੁਰੂ ਅਰਜਨ ਸਮਝਿਆ
ਪ੍ਰਿਥਵੀ ਦੀ ਪੀੜ ਸਾਰੀ ਡੀਕ ਲਾ ਕੇ ਪੀ ਗਿਆ।
ਲਾਲ ਸੂਹੀ ਅੱਗ ਨੇ ਵੀ ਲਾਲ ਜੀਭਾਂ ਕੱਢੀਆਂ
ਲਾਲ ਭਾਨੀ ਦੇ ਸਮਾਧੀ ਲਾਲ ਲੋਹ 'ਤੇ ਲਾ ਲਈ।
ਸੁਖਮਨੀ ਦਾ ਪਾਠ ਹੁੰਦਾ ਅੱਗ ਉੱਤੇ ਦੇਖ ਕੇ
ਅੱਥਰੇ ਪ੍ਰਵਾਨਿਆਂ ਨੇ ਨਜ਼ਰ ਨੀਵੀਂ ਪਾ ਲਈ।
ਜਿਸ ਤਸੀਹੇ ਨੂੰ ਹਿਮਾਲਾ ਦੇਖ ਥਰ ਥਰ ਕੰਬਿਆ
ਉਹ ਤਸੀਹਾ ਗੁਰੂ ਅਰਜਨ ਸੀਸ ਉੱਤੇ ਸਹਿ ਗਿਆ।
ਮਾਸ ਸੜ ਗਿਆ ਰੱਤ ਸੜ ਗਈ ਅਸਤ ਆਬੂ ਹੋ ਗਏ
ਚੰਦੂਆ! ਦੱਸ ਹੋਰ ਤੇਰਾ ਕੀ ਬਕਾਇਆ ਰਹਿ ਗਿਆ।
ਕਿਹੜੇ ਖੂਹ ਵਿਚ ਪੈ ਗਿਆ ਇਨਸਾਫ਼ ਜਹਾਂਗੀਰ ਦਾ
ਕਿਵੇਂ ਬੇੜੀ ਗ਼ਰਕ ਹੋ ਗਈ ਔਂਤਰੀ ਸਰਕਾਰ ਦੀ।
ਗੁਰੂ ਅਰਜਨ ਦੇਵ ਉੱਤੇ ਅੱਗ ਫੈਂਕਣ ਵਾਲਿਓ
ਤੁਸਾਂ ਨੂੰ ਵੀ ਦੋਜ਼ਖਾਂ ਦੀ ਅੱਗ 'ਵਾਜਾਂ ਮਾਰ ਦੀ।
ਸਾਂਈਂ ਮੀਆਂ ਮੀਰ ਆਇਆ ਬਿਲ ਬਿਲਾ ਕੇ ਬੋਲਿਆ
ਅੱਗ ਉੱਤੇ ਪੀਰ ਜੀ ਨੂੰ ਕਿਉਂ ਬਿਠਾਇਆ ਗਿਆ ਏ।
ਗੁਰੂ ਅਰਜਨ 'ਤੇ ਕੀ ਪਾਈ ਰੇਤ ਤੱਤੀ ਜ਼ਾਲਮੋਂ
ਇਹ ਖ਼ੁਦਾ ਦੇ ਕਾਲਜੇ ਨੂੰ ਹੱਥ ਪਾਇਆ ਗਿਆ ਏ।

ਇਸਲਾਮ ਵਿਚ ਤਾਂ ਲੋਕ ਮੁਰਦਾ ਤੀਕ ਵੀ ਨਾ ਹੀ ਫ਼ੂਕਦੇ
ਇਹ ਜਿਊਂਦੇ ਜੀਅ ਕਿਉਂ ਇਨਸਾਨ ਜਲਦਾ ਜਾ ਰਿਹੈ।

ਮੈਂ ਮੁਸਲਮਾਨ ਕਿਉਂ ਨਾ ਅੱਗ ਦੇ ਵਿਚ ਜਲ ਮਰਾਂ
ਮੇਰੇ ਸਾਹਵੇਂ ਮੇਰਾ ਜਦ ਕੁਰਆਨ ਜਲਦਾ ਜਾ ਰਿਹੈ।

ਸਾਂਈਂ ਜੀ ਨੇ ਕਿਹਾ ਜੇਕਰ ਦਏ ਸਤਿਗੁਰੂ ਆਗਿਆ
ਜ਼ਾਲਮਾਂ ਨੂੰ ਕੋਈ ਕਰਾਮਾਤ ਦਿਖਲਾ ਦਿਆਂ।

ਤਖ਼ਤ ਮੂਧਾ ਕਰ ਦਿਆਂ ਮੈਂ ਔਂਤਰੇ ਲਾਹੌਰ ਦਾ
ਇੱਟ ਨਾਲ ਇੱਟ ਮੈਂ ਦਿੱਲੀ ਦੀ ਖੜਕਾ ਦਿਆਂ।

ਗੁਰੂ ਅਰਜਨ ਸ਼ਾਂਤੀ ਦੇ ਪੁੰਜ ਬੋਲੇ ਦੋਸਤਾ
ਫ਼ੱਕਰਾਂ ਨੂੰ ਕਦੇ ਵੀ ਨਾ ਇੰਜ ਕਰਨਾ ਚਾਹੀਦਾ।

ਵਤਨ ਦੀ ਤਕਦੀਰ ਇਹਨਾਂ ਭੱਠੀਆਂ ਵਿਚ ਪੱਕਦੀ
ਆਸ਼ਕਾਂ ਨੂੰ ਭੱਠੀਆਂ ਦਾ ਸੇਕ ਜਰਨਾ ਚਾਹੀਦਾ।

ਹਵਾ ਤੱਤੀ, ਮਜ਼ਬ ਤੱਤਾ, ਤਵੀ ਤੱਤੀ ਕਹਿਰ ਦੀ
ਤਵੀ ਤੱਤੀ ਤੋਂ ਵੀ ਤੱਤੀ ਵਕਤ ਦੀ ਸਰਕਾਰ ਹੈ।

ਛਾਲਿਆਂ ਨੂੰ ਦੇਖ ਕੇ ਕੀ ਤੜਫਦਾ ਏਂ ਦੋਸਤਾ
ਪੰਧ ਸਿੱਖੀ ਦਾ ਤਾਂ ਅੱਗੋਂ ਹੋਰ ਵੀ ਦੁਸ਼ਵਾਰ ਹੈ।

ਅਨੰਦਪੁਰ ਵਿਚ ਦੁਖੀ ਪੰਡਤ ਆਉਣਗੇ ਕਸ਼ਮੀਰ ਦੇ
ਕੌਣ ਨਾਨਕ ਦੀ ਗੱਦੀ ਤੋਂ ਬਿਨਾਂ ਹਾਮੀ ਭਰੇਗਾ।

ਇਹ ਹਿੰਦੂ ਧਰਮ ਖ਼ਾਤਿਰ ਕੋਈ ਨੌਂਵਾਂ ਪਾਤਸ਼ਾਹ
ਆਪ ਦਿੱਲੀ ਜਾਏਗਾ ਤਾਂ ਸੀਸ ਭੇਟਾ ਕਰੇਗਾ।

ਉਬਲਦੀ ਹੋਈ ਦੇਗ ਦੇ ਵਿਚ ਕੋਈ ਉੱਬਲ ਜਾਏਗਾ
ਅੱਥਰੂ ਨਾ ਇਕ ਉਹਦੀ ਅੱਖ ਵਿਚੋਂ ਕਿਰੇਗਾ।

ਕੋਈ ਆਰੇ ਹੇਠ ਆ ਕੇ ਚੀਲ ਵਾਂਗੂੰ ਚਿਰੇਗਾ
ਫੇਰ ਕਿਧਰੇ ਦੇਸ਼ ਮੇਰੇ ਦਾ ਨਸੀਬਾ ਫਿਰੇਗਾ।

ਜੱਲ ਮਰਨਾ ਅੱਗ ਉੱਤੇ ਸੀ ਤੀਕ ਨਹੀਂ ਆਖਣਾ
ਅਜ਼ਲ ਤੋਂ ਪ੍ਰਵਾਨਿਆਂ ਦਾ ਆ ਰਿਹਾ ਦਸਤੂਰ ਹੈ।

ਰੋਜ਼ ਰਾਵੀ ਨਦੀ 'ਚੋਂ ਆਵਾਜ਼ 'ਸਫ਼ਰੀ' ਆ ਰਹੀ
ਅਜੇ ਮੰਜ਼ਿਲ ਦੂਰ ਉਏ ਅਜੇ ਮੰਜ਼ਿਲ ਦੂਰ ਹੈ।

***

16

ਸ੍ਰੀ ਗੁਰੂ ਅਰਜਨ ਦੇਵ ਜੀ

ਅੱਗ ਵੀ ਮੱਚਦੀ ਲੋਹ ਵੀ ਤੱਪਦੀ ਉਤੋਂ ਸੂਰਜ ਬਲਦਾ।
ਭੰਬਟ ਨਹੀਂ ਇਨਸਾਨ ਵੇਖਿਆ ਲਾਟਾਂ ਉੱਤੇ ਜਲਦਾ।

ਦੋਜ਼ਖ਼ ਵਰਗੀ ਅੱਗ ਭੱਠੀ ਦੀ ਲਾਂਬੂ ਲਾਲ ਸੁਨਹਿਰੇ।
ਸਭ ਤੋਂ ਸੁੰਦਰ ਫੁੱਲ ਵਤਨ ਦਾ ਸੜ ਗਿਆ ਸਿਖ਼ਰ ਦੁਪਹਿਰੇ।

ਮਹਿਕ ਪਈ ਗੁਲਜ਼ਾਰ ਵਤਨ ਦੀ ਰੱਤ ਤਵੀ 'ਤੇ ਚੋਈ।
ਪੈ ਕੇ ਲਹੂ ਸ਼ਹੀਦਾਂ ਦਾ ਅੱਜ ਅੱਗ ਕੁਸੰਭੀ ਹੋਈ।

ਤਨ ਦੇ ਛਾਲੇ ਕਿਉਂ ਫਿੱਸੇ ਨੇ ਇਹ ਕਿਉਂ ਛਮ ਛਮ ਰੋਏ।
ਮੁਗ਼ਲ ਰਾਜ ਦੀ ਅੱਗ ਦੇ ਭਾਂਬੜ ਪਾਣੀ ਪਾਣੀ ਹੋਏ।

ਜਹਾਂਗੀਰ ਤੇ ਚੰਦੂ ਚੰਦਰੇ ਰਲ ਕੇ ਚੰਦ ਚੜ੍ਹਾਇਆ।
ਅੰਨ੍ਹੀ ਹੋਈ ਹਕੂਮਤ ਨੂੰ ਇਨਸਾਫ਼ ਨਜ਼ਰ ਨਾ ਆਇਆ।

ਪੰਚਮ ਪਿਤਾ ਤਵੀ ਤੇ ਬੈਠੇ ਮੰਨ ਸਤਿਗੁਰ ਦਾ ਭਾਣਾ।
ਹਿਰਦੇ ਦੇ ਵਿਚ ਨਾਨਕ ਵਸਦਾ ਨੈਣਾਂ ਵਿਚ ਨਨਕਾਣਾ।

ਇਹ ਸਿੱਖੀ ਨਾਨਕ ਦੀ ਸਿੱਖੀ ਇਸ ਦਾ ਪੰਥ ਨਿਆਰਾ।
ਕਦੇ ਸੀਸ 'ਤੇ ਚੌਰੀ ਝੁਲਦੀ ਕਦੇ ਸੀਸ 'ਤੇ ਆਰਾ।

ਅੱਜ ਕੁਰਾਨ ਦੇ ਪੱਤਰੇ ਤੜਫ਼ੇ ਗੀਤਾ ਦਾ ਦਿਲ ਰੋਇਆ।
ਰੱਬ ਵਰਗਾ ਇਨਸਾਨ ਤਵੀ 'ਤੇ ਛਾਲੇ ਛਾਲੇ ਹੋਇਆ।

ਤੱਤੀ ਤੱਤੀ ਰੇਤ ਜੱਲਾਦਾਂ ਕੇਸਾਂ ਦੇ ਵਿਚ ਪਾਈ।
ਆਲ੍ਹਣਿਆਂ ਨੂੰ ਅੱਗ ਲੱਗ ਗਈ ਪੰਛੀ ਦੇਣ ਦੁਹਾਈ।

ਤਿੜ ਤਿੜ ਕਰਕੇ ਜੁੱਸਾ ਸੜਿਆ ਲਾਟਾਂ ਮਾਰਨ ਖਿੱਲੀ।
ਜੋ ਸਿੱਖੀ ਦੇ ਮਹਿਲ ਨੂੰ ਲੱਗਣੀ ਇੱਟ ਨਾ ਰਹਿ ਜਾਏ ਪਿੱਲੀ।

ਨਾਰ ਆਜ਼ਾਦੀ ਦਾ ਇਹ ਨੀਂਗਰ ਇਸ ਦੇ ਸ਼ੌਕ ਨਿਆਰੇ।
ਚਾਂਈਂ ਚਾਂਈਂ ਚੜ੍ਹ ਬੈਠਾ ਏ ਲਾਲ ਤਵੀ ਦੇ ਖਾਰੇ।

ਸ਼ਰਮਸਾਰ ਪਰਵਾਨੇ ਹੋ ਕੇ ਸ਼ਮ੍ਹਾਂ ਤੋਂ ਵਾਪਸ ਹੋਏ।
ਗੁਰੂ ਅਰਜਨ ਦੇ ਬਲੀਦਾਨ ਦੇ ਸਾਹਮਣੇ ਕੌਣ ਖਲੋਏ।

ਜਦੋਂ ਅਲਾਪੀ ਗਈ ਉਸਦੀ ਅੰਮ੍ਰਿਤ ਵਰਗੀ ਬਾਣੀ।
ਮੁਗ਼ਲਾਂ ਦੀ ਤਲਵਾਰ ਪਿਘਲ ਕੇ ਹੋ ਗਈ ਪਾਣੀ ਪਾਣੀ।

ਮੀਆਂ ਮੀਰ ਦਿਲ ਫੜ ਕੇ ਆਇਆ ਰੋਇਆ ਤੇ ਕੁਰਲਾਇਆ।
ਫੁੱਲਾਂ ਉੱਤੇ ਬੈਠਣ ਵਾਲੇ ਅੱਗ 'ਤੇ ਆਸਣ ਲਾਇਆ।

ਦਏਂ ਆਗਿਆ ਤਾਂ ਇਹ ਫ਼ੱਕਰ ਜ਼ਾਹਰੀ ਕਲਾ ਦਿਖਾਏ।
ਦਿੱਲੀ ਤੇ ਲਾਹੌਰ ਮੇਰੀ ਇਕ ਫ਼ੂਕ ਨਾਲ ਉੱਡ ਜਾਏ।

ਸਤਿਗੁਰੂ ਬੋਲੇ ਹੇ ਸਾਂਈਂ ਜੀ! ਗੁੱਸੇ ਵਿਚ ਨਾ ਆਓ।
ਕਰਾਮਾਤ ਹੈ ਨਾਮ ਕਹਿਰ ਦਾ ਮਨ 'ਤੇ ਕਾਬੂ ਪਾਓ।

ਦੁਨੀਆਂ ਸਾਨੂੰ ਵੱਟੇ ਮਾਰੇ ਬੇਸ਼ਕ ਸ਼ਾਮ ਸਵੇਰੇ।
ਦਰਵੇਸ਼ਾਂ ਨੂੰ ਕਰਨੇ ਚਾਹੀਦੇ ਰੁੱਖਾਂ ਵਰਗੇ ਜੇਰੇ।

ਅਜੇ ਤਾਂ ਮੰਜ਼ਲ ਬਹੁਤ ਦੂਰ ਹੈ ਅਜੇ ਤਾਂ ਪੰਧ ਲੰਬੇਰੇ।
ਪਤਝੜ ਦਾ ਹੈ ਰਾਜ ਵਤਨ ਵਿਚ ਅਜੇ ਨਹੀਂ ਲਭਦੇ ਖੇੜੇ।

ਪਾਪ ਨੂੰ ਠੰਢਾ ਕਰਨ ਲਈ ਮੈਂ ਖ਼ੂਨੀ ਅੱਗ 'ਤੇ ਸੜਿਆ।
ਅਜੇ ਤਾਂ ਆਪਾਂ ਕੁਰਬਾਨੀ ਦਾ ਪਹਿਲਾ ਪੱਤਰਾ ਪੜ੍ਹਿਆ।

ਅਜੇ ਕਿਸੇ ਨੇ ਦਿੱਲੀ ਜਾ ਕੇ ਆਪਣਾ ਸੀਸ ਕਟਾਉਣਾ।
ਅਜੇ ਕਿਸੇ ਨੇ ਚੌਹ ਲਾਲਾਂ ਨੂੰ ਨੀਂਹਾਂ ਵਿਚ ਚਣਾਉਣਾ।

ਅਜੀਤ ਜੁਝਾਰ ਸ਼ਹੀਦੀ ਪਾਉਣੀ ਪਿਤਾ ਨੇ ਸ਼ੁਕਰ ਮਨਾਉਣਾ।
ਲੰਘ ਜਾਣਾ ਏ ਲੋਥਾਂ ਉੱਤੋਂ ਕੱਫਣ ਤੱਕ ਨਹੀਂ ਪਾਉਣਾ।

ਜਦੋਂ ਕਿਸੇ ਨੇ ਮਾਛੀਵਾੜੇ ਕੰਡਿਆਂ ਉੱਪਰ ਸੌਣਾ।
ਤਾਂ ਕਿਤੇ ਵਤਨਾਂ ਦੇ ਬਾਗਾਂ ਦੇ ਵਿਚ ਖੇੜਾ ਆਉਣਾ।

'ਸਫ਼ਰੀ' ਏਨਾ ਕਹਿ ਕੇ ਸਤਿਗੁਰੂ ਰਾਵੀ ਵੱਲ ਨੂੰ ਧਾਏ।
ਛੱਲਾਂ ਦੇ ਵਿਚ ਛੱਲਾਂ ਹੋ ਗਏ ਮੁੜ ਵਾਪਿਸ ਨਾ ਆਏ।

***

17

ਅਰਸ਼ਾਂ ਦਾ ਮਾਹੀ ਤੱਤੀ ਤਵੀ 'ਤੇ ਬਿਠਾਇਆ ਗਿਆ

ਇੱਟ ਸੀ ਚੁਬਾਰੇ ਦੀ ਤੇ ਲਾ ਦਿੱਤੀ ਮੋਰੀ ਤਾਂਈਂ
ਇਹ ਇਤਰਾਜ਼ ਚੰਦੂ ਵੱਲੋਂ ਸੀ ਉਠਾਇਆ ਗਇਆ।
ਹੁੰਦੀ ਨਾ ਤੌਹੀਨ ਦੇਖੀ ਗੁਰੂ ਜੀ ਦੀ ਸੰਗਤਾਂ ਨੇ
ਬੋਲੇ ਸੋ ਨਿਹਾਲ ਕਹਿ ਕੇ ਨਾਤਾ ਪਰਤਾਇਆ ਗਇਆ।
ਚੰਦੂ ਵੀ ਬੇਹੋਸ਼ ਸੀ ਹਕੂਮਤ ਦੇ ਨਸ਼ੇ ਵਿਚ
ਉਹਦੇ ਕੋਲੋਂ ਵੀ ਨਾ ਕਾਬੂ ਆਪਣੇ 'ਤੇ ਪਾਇਆ ਗਇਆ।
ਤੜ ਤੜ ਉਪਰੋਂ ਆਕਾਸ਼ ਪਿਆ ਮਚਦਾ ਸੀ
ਭੈੜੇ ਜਹਾਂਗੀਰ ਤਾਂਈਂ ਹੋਰ ਭੜਕਾਇਆ ਗਇਆ।
ਰੱਬ ਦੇ ਪਿਆਰਿਆਂ ਨੂੰ ਕਹਿਰ ਦੇ ਤਸੀਹੇ ਦਿੱਤੇ
ਬਦੋਬਦੀ ਰੱਬ ਦੇ ਕਲੇਜੇ ਹੱਥ ਪਾਇਆ ਗਿਆ।
ਗੱਡ ਕੇ ਤਵੀ ਨੂੰ ਥੱਲੇ ਆਫ਼ਤਾਂ ਦੀ ਅੱਗ ਬਾਲ
ਪੰਜਵੇਂ ਗੁਰਾਂ ਨੂੰ ਤੱਤੀ ਤਵੀ 'ਤੇ ਬਿਠਾਇਆ ਗਿਆ।
ਲਟ ਲਟ ਮੱਚੀਆਂ ਸੀ ਲਾਟਾਂ ਤੱਤੀ ਤਵੀ ਦੀਆਂ
ਸ਼ੇਸ਼ ਨਾਗ ਵਾਂਗ ਸੀ ਫੁੰਕਾਰਾ ਤੱਤੀ ਤਵੀ ਦਾ।
ਅੰਬਰਾਂ ਦੇ ਪਾਟ ਗਏ ਕਲੇਜੇ ਜਦੋਂ ਗੁਰੂ ਜੀ ਨੇ
ਅੰਗ ਨਾਲ ਲਾਇਆ ਅੰਗਿਆਰਾ ਤੱਤੀ ਤਵੀ ਦਾ।
ਨਿਕਲ ਕੇ ਸਬੱਬ ਨਾਲ ਲੋਹੇ ਦੀਆਂ ਕਾਨਾਂ ਵਿਚੋਂ
ਦੇਖੋ ਕਿਵੇਂ ਚਮਕਿਆ ਸਿਤਾਰਾ ਤੱਤੀ ਤਵੀ ਦਾ।
ਨੀਂਗਰ ਆਜ਼ਾਦੀ ਦਾ ਵਿਆਹਿਆ ਜਾਣ ਲੱਗਾ ਅੱਜ
ਬਹਿਣ ਨੂੰ ਪਸੰਦ ਕੀਤਾ ਖਾਰਾ ਤੱਤੀ ਤਵੀ ਦਾ।
ਵਟਣੇ ਦੀ ਰਸਮ ਅਦਾ ਕੀਤੀ ਤੱਤਿਆਂ ਨੇ
ਤੱਤਾ ਤੱਤਾ ਰੇਤ ਉੱਤੇ ਸੀਸ 'ਤੇ ਪੁਆਇਆ ਗਇਆ।
ਫੇਰ ਵੀ ਨਾ ਆਇਆ ਤੱਤ ਪੰਜਵੇਂ ਗੁਰਾਂ ਨੂੰ ਜ਼ਰਾ
ਅਰਸ਼ਾਂ ਦਾ ਮਾਹੀ ਤੱਤੀ ਤਵੀ 'ਤੇ ਬਿਠਾਇਆ ਗਇਆ।

ਇਕ ਬੰਨੇ ਸ਼ਾਂਤੀ ਤੇ ਸੱਚ 'ਨਾ ਪ੍ਰੀਤ ਸਾਂਈਂ
ਦੂਜੇ ਬੰਨੇ ਖ਼ੁਦੀ ਵਿਚ ਭਿੱਜੇ ਹੋਏ ਖਿਆਲ ਸਨ।
ਇਕ ਬੰਨੇ ਜਾਇਜ਼ ਨਹੀਂ ਸੀ ਪਾਣੀ ਵੀ ਪਰਾਇਆ ਪੀਣਾ
ਦੂਜੇ ਬੰਨੇ ਰੱਤ ਦੇ ਪਿਆਲੇ ਵੀ ਹਲਾਲ ਸਨ।
ਇਕ ਬੰਨੇ ਲਾਲ ਲਾਲ ਅੱਖਾਂ ਜਹਾਂਗੀਰ ਦੀਆਂ
ਦੂਜੇ ਬੰਨੇ ਸ਼ਾਂਤ ਮਾਤਾ ਭਾਨੀ ਜੀ ਦੇ ਲਾਲ ਸਨ।
ਦੇਖੀਏ ਮੈਦਾਨ ਵਿਚ ਜਿੱਤ ਅੱਜ ਕਿਹਦੀ ਹੁੰਦੀ
ਸਬਰ ਦਾ ਘੁਲੈਟਾ ਨਾਲ ਜਬਰ ਦੇ ਘੁਲਾਇਆ ਗਇਆ।
ਰੱਖ ਕੇ ਅੰਗੂਠਾ ਇਖ਼ਲਾਕ ਵਾਲੀ ਸੰਘੀ ਉੱਤੇ
ਅਰਸ਼ਾਂ ਦਾ ਮਾਹੀ ਤੱਤੀ ਤਵੀ 'ਤੇ ਬਿਠਾਇਆ ਗਇਆ।
ਮੀਆਂ ਮੀਰ ਆਇਆ ਝੱਟ ਪੰਜਵੇਂ ਗੁਰਾਂ ਦੇ ਕੋਲ
ਬੋਲਿਆ ਜ਼ਬਾਨੋਂ ਜ਼ਰਾ ਦੰਦਾਂ ਨੂੰ ਘਰੇੜ ਕੇ।
ਤੇਰੇ ਪੈਰਾਂ ਥੱਲੇ ਜੇ ਤੂੰ ਕਹੇਂ ਤਾਂ ਵਿਛਾ ਦਿਆਂ ਮੈਂ
ਆਪਣੇ ਸਰੀਰ ਉਤੋਂ ਚੰਮ ਵੀ ਉਧੇੜ ਕੇ।
ਦਵੇਂ ਜੇ ਇਜਾਜ਼ਤ ਤਾਂ ਇੱਟ ਇੱਟ ਕਰ ਦਿਆਂ ਮੈਂ
ਦਿੱਲੀ ਤੇ ਲਾਹੌਰ ਤਾਈਂ ਆਪੋ ਵਿਚ ਭੇੜ ਕੇ।
ਜ਼ਰਾ ਕਰਾਮਾਤ ਦਾ ਨਮੂਨਾ ਵੀ ਮੈਂ ਦੱਸ ਦੇਵਾਂ
ਰੱਬ ਦੇ ਫ਼ਕੀਰਾਂ ਨੂੰ ਕੋਈ ਜਾਵੇ ਕਿੱਥੇ ਛੇੜ ਕੇ।
ਆਖਿਆ ਗੁਰਾਂ ਨੇ ਅੱਗੋਂ ਸੁਣ ਭਾਈ ਮੀਆਂ ਮੀਰਾ
ਕਰਾਮਾਤ ਨਾਲ ਕਦੇ ਕਹਿਰ ਨਹੀਂ ਹਟਾਇਆ ਗਇਆ।
ਬੈਠ ਜਾਣਾ ਭੱਠਾ ਆਪੇ ਖ਼ੁਦੀ ਤੇ ਹੰਕਾਰ ਵਾਲਾ
ਤਦੇ ਮੈਨੂੰ ਤੱਤੀ ਤੱਤੀ ਤਵੀ 'ਤੇ ਬਿਠਾਇਆ ਗਇਆ।
ਹੋਣਾ ਏ ਸ਼ਹੀਦ ਜਾਂ ਤੂੰ ਈਨ ਸਾਡੀ ਮੰਨਣੀ ਏ
ਕਈ ਵਾਰ ਚੰਦੂ ਵੱਲੋਂ ਪੁੱਛਿਆ ਪੁਛਾਇਆ ਗਇਆ।
ਪੰਜਵੇਂ ਗੁਰਾਂ ਨੇ ਅੱਗੋਂ ਹੱਸ ਕੇ ਜਵਾਬ ਦਿੱਤਾ
ਸੂਰਮਾ ਨਹੀਂ ਕਦੇ ਨਾਲ ਜ਼ੋਰ ਦੇ ਮਨਾਇਆ ਗਇਆ।
ਪ੍ਰੇਮ ਵਿਚ ਮੱਤੇ ਮਤੀਦਾਸ ਦਾ ਵੀ ਹਾਏ ਰੱਬਾ
ਏਸ ਦੋਸ਼ ਵਿਚ ਬੰਦ ਬੰਦ ਕਟਵਾਇਆ ਗਇਆ।

ਅੱਗ ਬੁਝ ਜਾਏ ਕਿਤੇ ਪਾਪ ਵਾਲੀ ਹਿੰਦ ਵਿਚੋਂ
ਪਾਣੀ ਨਹੀਓਂ ਗੁਰੂ ਜੀ ਨੂੰ ਅੱਗ 'ਚ ਨਲ੍ਹਾਇਆ ਗਇਆ।
ਆਈ ਗਈ ਕੀਤਾ ਜਿਹਨੇ ਸਾਡੇ ਲਈ ਜ਼ਿੰਦਗੀ ਨੂੰ
ਸਿੰਘਾਂ ਉਹਦੇ ਡੇਰ੍ਹਾ ਸਾਹਿਬ ਕਦੇ ਵੀ ਨਹੀਂ ਆਇਆ ਗਇਆ।
ਰਾਵੀ ਦੀਆਂ ਛੱਲਾਂ ਹਾਏ! ਅੱਜ ਤਕ ਰੋਂਦੀਆਂ ਨੇ
ਪੰਜਵੇਂ ਗੁਰਾਂ ਨੂੰ ਤੱਤੀ ਤਵੀ 'ਤੇ ਬਿਠਾਇਆ ਗਇਆ।

***

18

ਤੱਤੀ ਤਵੀ ਉੱਤੇ ਮੁਸਕ੍ਰਾ ਰਹੇ ਸਨ

ਬੇ-ਆਸਰੇ ਹਿੰਦੋਸਤਾਨ ਉੱਤੇ
ਕਾਲੇ ਬੱਦਲ ਮੁਸੀਬਤ ਦੇ ਛਾ ਰਹੇ ਸਨ।
ਬੁਰੇ ਦਿਲ ਵਾਲੇ ਚੰਦੂ ਚੰਦਰੇ ਦੇ
ਨਾਲੇ ਦਿਨ ਵੀ ਤਾਂ ਬੁਰੇ ਆ ਰਹੇ ਸਨ।
ਅੱਗ ਤਵੀ ਥੱਲੇ ਨਹੀਂ ਉਹ ਤਾਅ ਰਹੇ ਸਨ
ਅੱਗ ਆਪਣੇ ਨਸੀਬਾਂ ਨੂੰ ਲਾ ਰਹੇ ਸਨ।

ਧੋਤੇ ਜਾਣ ਗ਼ੁਲਾਮੀ ਦੇ ਦਾਗ਼ ਕਿਧਰੇ
ਪੰਚਮ ਪਾਤਸ਼ਾਹ ਅੱਗ 'ਚ ਨ੍ਹਾ ਰਹੇ ਸਨ।
ਅਰਜਨ ਗੁਰਾਂ ਨੇ ਆਖਿਆ ਲੋਹ ਤੱਤੀ
ਵੱਖੋ ਵੱਖਰਾ ਲੈ ਕੇ ਪੈਗ਼ਾਮ ਆਈ।
ਬਹਿ ਗਈ ਮੌਤ ਹਕੂਮਤ ਦੀ ਹਿੱਕ ਉੱਤੇ
ਸਾਨੂੰ ਜ਼ਿੰਦਗੀ ਕਰਨ ਸਲਾਮ ਆਈ।

ਕਿਸੇ ਕਵੀ ਦਾ ਤੱਕ ਕੇ ਖ਼ਿਆਲ ਕੰਬਿਆ
ਲਿਖਦੀ ਕਲਮ ਕੰਬੀ ਤੇ ਕਲਾਈ ਕੰਬੀ।
ਕੰਬੀ ਸਾਂਵਲੇ ਭੌਰ ਦੀ ਹਿੱਕ ਵੀ ਤੇ
ਬੁਲਬੁਲ ਫੁੱਲਾਂ 'ਤੇ ਬੈਠੀ ਬਿਠਾਈ ਕੰਬੀ।
ਜ਼ੁਲਮ ਕੰਬਿਆ ਦੇਖਕੇ ਜ਼ੁਲਮ ਆਪਣਾ
ਨ੍ਹੇਰ ਪੈਣ ਲੱਗਾ ਰੌਸ਼ਨਾਈ ਕੰਬੀ।

ਇਧਰ ਨਿਮਰਤਾ ਨੂੰ ਤੱਕ ਕੇ ਖ਼ੁਦੀ ਕੰਬੀ
ਓਧਰ ਖ਼ੁਦੀ ਨੂੰ ਤੱਕ ਕੇ ਖ਼ੁਦਾਈ ਕੰਬੀ।
ਇਹ ਸੀ ਨੀਂਗਰ ਅਜ਼ਾਦੀ ਦਾ ਨਵਾਂ ਜਿਸਨੂੰ
ਤੱਤੀ ਰੇਤ ਵਾਲਾ ਵਟਣਾ ਲਾਇਆ ਗਿਆ।
ਘਰ ਵਿਚ ਮੋਤੀ ਬੇਕੀਮਤੀ ਹੁੰਦਿਆਂ ਵੀ
ਜਿਸਮ ਛਾਲਿਆਂ ਨਾਲ ਸਜਾਇਆ ਗਿਆ।

ਛਾਲੇ ਹਨ ਕਿ ਨਰਗਸ ਦੇ ਨੇਤਰਾਂ 'ਚੋਂ
ਡੁੱਲ੍ਹੇ ਅੱਥਰੂ ਆਪ ਮੁਹਾਰੇ ਨੇ ਇਹ।
ਇਹਦਾ ਜੁੱਸਾ ਗੁਲਾਬਾਂ ਦਾ ਸਮਝ ਕੇ ਜਾਂ
ਰਾਣੀ ਤ੍ਰੇਲ ਨੇ ਮੋਤੀ ਖਿਲਾਰੇ ਨੇ ਇਹ।
ਚੋਰੀ ਰਾਮ ਕੋਲੋਂ ਬੇਰ ਭੀਲਣੀ ਦੇ
ਲਛਮਨ ਜਤੀ ਵਗਾਹ ਕੇ ਮਾਰੇ ਨੇ ਇਹ।
ਸਭ ਨੂੰ ਠਾਰਦਾ ਸਮਝ ਕੇ ਆਣ ਚਿੰਬੜੇ
ਇਹਦੇ ਪਿੰਡੇ 'ਨਾ ਅਰਸ਼ ਦੇ ਤਾਰੇ ਨੇ ਇਹ।
ਤੱਤੀ ਰੇਤ ਪਾਏ ਕੇਸਾਂ ਵਿਚ ਛਾਲੇ
ਛਾਲੇ ਫਿਸ ਰਹੇ ਨੇ ਛਾਲੇ ਚੋਅ ਰਹੇ ਨੇ।
ਇਹਨਾਂ ਛਾਲਿਆਂ 'ਚੋਂ ਵਗਦੀ ਰੱਤ ਅੰਦਰ
ਬੇੜੇ ਗ਼ਰਕ ਹੰਕਾਰ ਦੇ ਹੋ ਰਹੇ ਨੇ।
ਮੀਆਂ ਮੀਰ ਆਇਆ ਰੋ ਰੋ ਕਹਿਣ ਲੱਗਾ
ਮੇਰਾ ਦਿਲ ਜਲ ਗਿਆ ਤੇ ਅਰਮਾਨ ਜਲ ਗਿਆ।
ਮੋਮਨ ਹੁੰਦਿਆਂ ਮੈਂ ਜਲ ਕੇ ਮਰਾਂ ਕਿਉਂ ਨਾ
ਮੇਰੇ ਸਾਹਮਣੇ ਮੇਰਾ ਕੁਰਾਨ ਜਲ ਗਿਆ।
ਪੰਡਤਾ! ਮੰਦਰ ਦੀ ਕਾਹਦੀ ਮਨੌਤ ਕਰਦਾਂ
ਤੇਰੇ ਸਾਹਮਣੇ ਤੇਰਾ ਭਗਵਾਨ ਜਲ ਗਿਆ।
ਕਾਹਦਾ ਤਵੀ 'ਤੇ ਜਲ ਗਿਆ ਗੁਰੂ ਅਰਜਨ
ਜਲਦੀ ਅੱਗ 'ਚ ਹਿੰਦੋਸਤਾਨ ਜਲ ਗਿਆ।
ਜੇਕਰ ਦਵੇਂ ਇਜਾਜ਼ਤ ਤਾਂ ਪਾਤਿਸ਼ਾਹਾ
ਕਰਾਮਾਤ ਕੁਝ ਅਪਣੀ ਦਿਖਾ ਦਿਆਂ ਮੈਂ।
ਦਿੱਲੀ ਸ਼ਹਿਰ ਤੇ ਸ਼ਹਿਰ ਲਾਹੌਰ ਦੀ ਮੈਂ
ਫੜਕੇ ਇੱਟ ਨਾਲ ਇੱਟ ਖੜਕਾ ਦਿਆਂ ਮੈਂ।
ਪੰਚਮ ਪਿਤਾ ਬੋਲੇ ਬਹੁਤਾ ਹੋ ਨਾ ਤੂੰ
ਬਹੁਤੇ ਤੱਤ ਦੇ ਬਹੁਤੇ ਸ਼ੌਕੀਨਾ ਤੱਤਾ।
ਤੱਤ ਜ਼ਿੰਦਗੀ ਦਾ ਸਾਈਆਂ ਸ਼ਾਂਤੀ ਹੈ
ਹੋਣਾ ਫ਼ੱਕਰ ਨੂੰ ਚਾਹੀਏ ਕਦੀ ਨਾ ਤੱਤਾ।
ਮੈਂ ਮੰਨਿਆ ਤਾਉ ਹੈ ਤਵੀ ਦਾ ਵੀ
ਅਤੇ ਉਤੋਂ ਹੈ ਜੇਠ ਮਹੀਨਾ ਤੱਤਾ।

ਤੱਤੀ ਤਵੀ ਨਾਲੋਂ ਕਿਧਰੇ ਵੱਧ ਹੈ ਉਏ!
ਮੇਰੇ ਹਿੰਦੁਸਤਾਨ ਦਾ ਸੀਨਾ ਤੱਤਾ।
ਜਿਹੜੇ ਰੱਬ ਨੇ ਕੀਤੀ ਮਖ਼ਲੂਕ ਪੈਦਾ
ਉਸੇ ਰੱਬ ਦੇ ਅਸੀਂ ਵੀ ਜਾਏ ਹੋਏ ਹਾਂ।
ਜ਼ਾਲਿਮ ਅੱਗ ਵਰਸਾਉਣ ਲਈ ਆਏ ਹੋਏ ਨੇ
ਅਸੀਂ ਠੰਢ ਵਰਸਾਉਣ ਲਈ ਆਏ ਹੋਏ ਹਾਂ।

ਸਾੜੀ ਆਤਮਾ ਸੋਮਾ ਹੈ ਸ਼ਾਂਨਤੀ ਦਾ
ਸਾਨੂੰ ਪੋਹ ਸਕਦੀ ਨਹੀਂ ਸੰਸਾਰ ਦੀ ਅੱਗ।
ਦਿਨ ਰਾਤ ਸੰਸਾਰ ਨੂੰ ਲੂਹੀ ਜਾਂਦੀ
ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੀ ਅੱਗ।
ਜਹਾਂਗੀਰ ਦੇ ਸੀਨੇ ਦਵੈਖ ਦੀ ਅੱਗ
ਸਾਡੇ ਸੀਨੇ 'ਚ ਸਿੱਖ-ਪਿਆਰ ਦੀ ਅੱਗ।

ਪਰਖ ਲੈਣਗੇ ਆਪੇ ਜਹਾਨ ਵਾਲੇ
ਕਿਹੜੀ ਜਿੱਤਦੀ ਅੱਗ ਕਿਹੜੀ ਹਾਰਦੀ ਅੱਗ।
ਭੰਵਰ ਸ਼ਮ੍ਹਾਂ ਤੋਂ ਜਾਨ ਗੁਆ ਗਿਆ ਏ
ਓਹਨੇ ਕਿਸੇ ਦਾ ਕੀ ਸਵਾਰਿਆ ਏ।
ਗੁਰੂ ਅਰਜਨ ਨੇ ਬੈਠ ਕੇ ਅੱਗ ਉੱਤੇ
ਸਾਰੇ ਜਗਤ-ਜਲੰਦੇ ਨੂੰ ਠਾਰਿਆ ਏ।

ਡੇਹਰਾ ਸਾਹਿਬ ਵਿਛੋੜਿਆ ਗਿਆ ਸਾਥੋਂ
ਸਿੰਘੋ! ਕੰਮ ਸਾਰੇ ਹੇਰ ਫੇਰ ਦੇ ਨੇ।
ਸਿੰਘ ਵਰ੍ਹੇ ਦੇ ਵਰ੍ਹੇ ਲਹੌਰ ਜਾਂਦੇ
ਪਾਕਿਸਤਾਨੀਏ ਵੀ ਹੰਝੂ ਕੇਰਦੇ ਨੇ।
ਸਾਡੇ ਗਲਾਂ 'ਚ ਫੁੱਲਾਂ ਦੇ ਹਾਰ ਪਾਉਂਦੇ
ਸਾਡੇ ਰਾਹਾਂ 'ਚ ਕਲੀਆਂ ਖਲੇਰਦੇ ਨੇ।

ਤਾਰੂ ਸਿੰਘ ਦੀ ਐਪਰ ਸਮਾਧ ਉੱਤੇ
ਝਾੜੂ ਮੈਲਿਆਂ ਹੱਥਾਂ ਨਾਲ ਫੇਰਦੇ ਨੇ।
ਡੇਹਰਾ ਸਾਹਿਬ ਨਨਕਾਣੇ ਤੇ ਪੰਜੇ ਦਾ ਜੇ
ਬਿਨਾਂ ਪਰਮਟੋਂ ਸਾਨੂੰ ਦੀਦਾਰ ਹੋ ਜਾਏ।
'ਸਫ਼ਰੀ' ਖ਼ਾਲਸੇ ਦੀ ਹੋ ਜਾਏ ਸ਼ਾਨ ਉੱਚੀ
ਬੇੜਾ ਹਿੰਦੋਸਤਾਨ ਦਾ ਪਾਰ ਹੋ ਜਾਏ।

***

19

ਸ੍ਰੀ ਗੁਰੂ ਹਰਗੋਬਿੰਦ ਸਾਹਿਬ

ਕਲਜੁਗ ਦਾ ਨ੍ਹੇਰਾ ਚੁੱਕਣ ਲਈ ਇਕ ਜੋਤ ਜਗਤ ਵਿਚ ਆਈ ਏ।
ਕੁਲ ਭਾਰਤ ਦੇ ਵਿਚ ਚਾਨਣ ਹੈ ਰੁਸ਼ਨਾਈ ਏ ਰੁਸ਼ਨਾਈ ਏ।

ਅੱਜ ਦੇਵਤਿਆਂ ਨੇ ਅੰਬਰ ਤੋਂ ਫੁੱਲਾਂ ਦੀ ਵਰਸ਼ਾ ਲਾਈ ਏ।
ਵਡਭਾਗਾ ਨਗਰ ਵਡਾਲੀ ਦਾ ਗੁਰ ਅਰਜਨ ਦੀ ਵਡਿਆਈ ਏ।

ਇਹ ਵਰ ਹੈ ਬਾਬੇ ਬੁੱਢੇ ਦਾ ਜੱਗ ਬੀਰਤਾ ਇਸ ਦੀ ਮੰਨੇਗਾ।
ਮੈਂ ਗੰਢੇ ਦਾ ਸਿਰ ਭੰਨਿਆ ਹੈ ਇਹ ਮੁਗ਼ਲਾਂ ਦੇ ਸਿਰ ਭੰਨੇਗਾ।

ਸਤਿਗੁਰ ਨੇ ਕਿਹਾ ਲੜਾਈ ਇਹ ਗੁਰਸਿੱਖੋ ਲੜਨੀ ਪੈਣੀ ਏਂ।
ਲੱਖ ਏਸ ਵਣਜ ਵਿਚ ਘਾਟਾ ਹੈ ਇਹ ਘਾਟੀ ਚੜ੍ਹਨੀ ਪੈਣੀ ਏਂ।

ਇਹ ਬੜੀ ਪੜ੍ਹਾਈ ਮੁਸ਼ਕਿਲ ਹੈ ਪੜ੍ਹਨੀ ਏਂ ਪੜ੍ਹਨੀ ਪੈਣੀ ਏਂ।
ਹੱਥ ਮਾਲਾ ਪਕੜਨ ਵਾਲੜਿਉ! ਤਲਵਾਰ ਵੀ ਫੜਨੀ ਪੈਣੀ ਏਂ।

ਜਦ ਜ਼ੁਲਮ ਸਿਖ਼ਰ 'ਤੇ ਪਹੁੰਚ ਗਿਆ ਜਦ ਹੋ ਗਈ ਬਾਤ ਅਖ਼ੀਰੀ ਦੀ।
ਦੋ ਤੇਗ਼ਾਂ ਸਤਗੁਰ ਪਾ ਲਈਆਂ ਇਕ ਮੀਰੀ ਦੀ ਇਕ ਪੀਰੀ ਦੀ।

ਇਕ ਰਾਜ-ਭਾਗ ਦੀ ਮਾਲਿਕ ਸੀ ਇਕ ਨਿਰੀ ਫ਼ਕੀਰ ਕਹਾਉਂਦੀ ਸੀ।
ਇਕ ਜ਼ਖ਼ਮ ਕਰੇਂਦੀ ਦੁਸ਼ਮਣ ਨੂੰ ਇਕ ਜ਼ਖਮ 'ਤੇ ਮਲ੍ਹਮਾਂ ਲਾਉਂਦੀ ਸੀ।

ਇਕ ਅੰਮ੍ਰਿਤ ਵਰਸ਼ਾ ਕਰਦੀ ਸੀ ਇਕ ਲਹੂਆਂ ਦੇ ਵਿਚ ਨ੍ਹਾਉਂਦੀ ਸੀ।
ਇਕ ਜ਼ੁਲਮ ਨੂੰ ਰੋਹੜੀ ਜਾਂਦੀ ਸੀ ਇਕ ਰੁੜ੍ਹਦਾ ਧਰਮ ਬਚਾਉਂਦੀ ਸੀ।

ਇਕ ਮਹਿਰਮ ਬਣੀ ਮਸੀਤਾਂ ਦੀ ਦੂਜੀ ਨੂੰ ਮੰਦਰ ਪਿਆਰਾ ਸੀ।
ਦੋਹਾਂ ਦੇ ਅੰਦਰ ਹੀ ਪੈਂਦਾ ਗੁਰੂ ਨਾਨਕ ਦਾ ਝਲਕਾਰਾ ਸੀ।

ਇਕ ਤੇਗ਼ ਨੂਰਾਨੀ ਸਤਿਗੁਰ ਦੀ ਦੁਖੀਆਂ ਦੇ ਕਸ਼ਟ ਨਿਵਾਰ ਗਈ।
ਇਕ ਲਾ ਗਈ ਅੱਗ ਹਕੂਮਤ ਨੂੰ ਇਕ ਪਰਜਾ ਦਾ ਦਿਲ ਠਾਰ ਗਈ।

ਇਹ ਜੋੜੀ ਸੁੰਦਰ ਤੇਗ਼ਾਂ ਦੀ ਕਰ ਵੱਖਰੀ ਵੱਖਰੀ ਕਾਰ ਗਈ।
ਇਕ ਪੈਂਦੇ ਖ਼ਾਂ ਨੂੰ ਡੋਬ ਗਈ ਇਕ ਬਿਧੀ ਚੰਦ ਨੂੰ ਤਾਰ ਗਈ।

ਇਕ ਨਾਮ ਜਪਣ ਵਿਚ ਮਗਨ ਰਹੀ ਇਕ ਮੋਮ ਵਾਂਗਰਾਂ ਨਰਮ ਰਹੀ।
ਇਕ ਨਰਮ ਰਹੀ ਇਕ ਸਖ਼ਤ ਰਹੀ ਇਕ ਸਰਦ ਰਹੀ ਇਕ ਗਰਮ ਰਹੀ।

ਇਕ ਬਦਲਾ ਲੈ ਗਈ ਚੰਦੂ ਤੋਂ ਇਕ ਬਦਲ ਸਾਡੀ ਤਕਦੀਰ ਗਈ।
ਇਕ ਜਹਾਂਗੀਰ ਤੋਂ ਪਰ੍ਹੇ ਗਈ ਇਕ ਮੂਲੋਂ ਬਣੀ ਫ਼ਕੀਰ ਰਹੀ।

ਇਕ ਧਰਮ ਧੌਲ ਤਿਕ ਪਹੁੰਚ ਗਈ ਇਕ ਉੱਚਾ ਅੰਬਰ ਚੀਰ ਗਈ।
ਇਹ ਜੋਤ ਸੀ ਸਤਿਗੁਰ ਨਾਨਕ ਦੀ ਭਾਰਤ ਦੇ ਭਾਗ ਲਕੀਰ ਗਈ।

ਜੋ ਬੰਦ ਬਵੰਜਾ ਰਾਜੇ ਸਨ ਸਤਿਗੁਰ ਨੇ ਹਾਮੀ ਭਰ ਦਿੱਤੀ।
ਉਸ ਬੰਦੀ ਛੋੜ ਨੇ ਸਭਨਾਂ ਦੀ ਝੱਟ ਬੰਦ ਖ਼ਲਾਸੀ ਕਰ ਦਿੱਤੀ।

ਉਸ ਜੁੱਗ ਪਲਟਾਊ ਜੋਧੇ ਨੇ ਸਾਡੀ ਕਿਸਮਤ ਤੱਕ ਪਲਟਾ ਦਿੱਤੀ।
ਮਾਲਾ ਦੇ ਬਦਲੇ ਹਿੰਦੀਆਂ ਦੇ ਹੱਥੀਂ ਤਲਵਾਰ ਫੜਾ ਦਿੱਤੀ।

ਕਰਤਾਰਪੁਰ, ਹਰਗੋਬਿੰਦਪੁਰਾ, ਗੁਰਸਰ ਦੀ ਧਰਤ ਵਸਾ ਦਿੱਤੀ।
ਤੇ ਕਾਠ ਮਾਰਿਆ ਦੁਸ਼ਮਣ ਨੂੰ ਇਕ ਕਾਠ ਦੀ ਤੋਪ ਚਲਾ ਦਿੱਤੀ।

ਅਰਜਨ ਦੇ ਵੀਰ ਸਪੁੱਤਰ ਨੇ ਚੁਣ ਚੁਣ ਕੇ ਸ਼ਤਰੂ ਮਾਰੇ ਨੇ।
ਰੰਗਾਂ ਦੀ ਅਜ਼ਮਤ ਰੱਖ ਲਈ ਗੰਗਾ ਦੀ ਅੱਖ ਦੇ ਤਾਰੇ ਨੇ।

ਨਾ ਭਟਕ ਮਨਾਂ ਛੱਡ ਆਦਤ ਹੁਣ ਥਾਂ ਥਾਂ 'ਤੇ ਸਜਦੇ ਕਰਨੇ ਦੀ।
ਦਰ ਗੁਰਾਂ ਦੇ ਢੈ ਪਉ ਮੁੱਕ ਜਾਵੇ ਤੇਰੀ ਚਿੰਤਾ ਜੀਣੇ ਮਰਨੇ ਦੀ।

ਪਰ ਤੱਕ ਧੜਾਂ ਵੱਲ ਝਿਜਕੀਂ ਨਾ ਝੱਟ ਕਰੀਂ ਨਾ ਓਥੇ ਡਰਨੇ ਦੀ।
ਆਦਤ ਹੈ ਉਹਦਿਆਂ ਸਿੰਘਾਂ ਨੂੰ ਸਿਰ ਵੱਢ ਤਲੀ 'ਤੇ ਧਰਨੇ ਦੀ।

ਅੰਮ੍ਰਿਤਸਰ ਸੋਮਾ ਅੰਮ੍ਰਿਤ ਦਾ ਸਤਗੁਰ ਦੀ ਅਮਰ ਨਿਸ਼ਾਨੀ ਏਂ।
ਅਸੀਂ ਭਾਰਤ ਦੇ ਵਿਚ ਜਿਉਂਦੇ ਹਾਂ ਇਹ ਗੁਰੂਆਂ ਦੀ ਕੁਰਬਾਨੀ ਏਂ।

ਓ ਨਕਲੀ ਗੁਰੂਓ ਸਮੇਂ ਦਿਉ ਕੁਝ ਹਿਰਦਾ ਆਪਣਾ ਵੱਲ ਕਰੋ।
ਇਕ ਆਪਣੇ ਹਲਵੇ ਮਾਂਡੇ ਲਈ ਨਾ ਲੋਕਾਂ 'ਨਾ ਵੱਲ ਛੱਲ ਕਰੋ।

ਕੋਈ ਦੇਸ਼ ਦਾ ਮਸਲਾ ਹੱਲ ਕਰੋ ਚਾਹੇ ਅੱਜ ਕਰੋ ਚਾਹੇ ਕੱਲ੍ਹ ਕਰੋ।
ਜੇ ਗੁਰ-ਗੱਦੀ 'ਤੇ ਬਹਿਣਾ ਏਂ ਤਾਂ ਲਾਲ ਤਵੀ ਨਾਲ ਗੱਲ ਕਰੋ।

ਗੱਦੀ ਦੀ ਕੀਮਤ ਪੁੱਛ ਵੇਖੋ ਉਹਨਾਂ ਰੱਤ ਭਿੱਜੀਆਂ ਤਲਵਾਰਾਂ ਤੋਂ।
ਚਮਕੌਰ ਤੋਂ ਪੁੱਛੋ ਜਾਂ ਪੁੱਛੋ ਸਰਹੰਦ ਦੀਆਂ ਦੀਵਾਰਾਂ ਤੋਂ।

ਓ ਭੇਖੀ ਗੁਰੂਓ ਚੁੱਪ ਰਹੋ ਕਿਉਂ ਸ਼ੋਰ ਮਚਾਉਂਦੇ ਫਿਰਦੇ ਓ।
ਪਾ ਪੈਰੀਂ ਪਊਏ ਲੋਕਾਂ ਨੂੰ ਧੋਖੇ ਵਿਚ ਪਾਉਂਦੇ ਫਿਰਦੇ ਓ।

ਦਿੱਲੀ ਵਿਚ ਸੀਸ ਕਟਾਉਣਾ ਕੀ ਦਾਹੜੇ ਕਟਵਾਉਂਦੇ ਫਿਰਦੇ ਓ।
ਇਕ ਲਹੂ ਲੁਆ ਕੇ ਚੀਚੀ ਨੂੰ ਮਨਸੂਰ ਕਹਾਉਂਦੇ ਫਿਰਦੇ ਓ।

ਇਹ ਪੰਥ ਖ਼ਾਲਸਾ ਓ 'ਸੜਗੀ' ਲਹੂਆਂ ਦੀ ਭੇਟ ਚੜ੍ਹਾਏਗਾ।
ਸਾਡੇ ਗੁਰੂਆਂ ਵਰਗਾ ਗੁਰੂ ਕੋਈ ਨਾ ਆਇਆ ਹੈ ਨਾ ਆਵੇਗਾ।

***

20

ਸ੍ਰੀ ਗੁਰੂ ਹਰਿ ਰਾਏ

ਕੀਰਤਪੁਰ ਦੀ ਧਰਤ ਪਵਿੱਤਰ ਜਨਮ ਲਿਆ ਹਰਿ ਰਾਏ।
ਨਾਨਕ ਗੁਰੂ ਨਿਹਾਲ ਕੌਰ ਦੇ ਸੁੱਤੇ ਭਾਗ ਜਗਾਏ।

ਤਾਂ ਬਾਬਾ ਗੁਰਦਿੱਤਾ ਜੀ ਦੇ ਘਰ ਵੱਜਣ ਸ਼ਹਿਨਾਈਆਂ।
ਬਾਲਕ ਦੇ ਦੀਦਾਰ ਕਰਨ ਲਈ ਹੂਰਾਂ ਚੱਲ ਕੇ ਆਈਆਂ।

ਮੁੱਖ 'ਤੇ ਚਮਕੇ ਨੂਰ ਨਿਰਾਲਾ ਸੂਰਤ ਪਿਆਰੀ ਪਿਆਰੀ।
ਬਚਪਨ ਵਿਚ ਹੀ ਸ਼ਸਤਰ ਵਿੱਦਿਆ ਸਿੱਖ ਲਈ ਘੋੜਸਵਾਰੀ।

ਬਾਬਾ ਬੁੱਢਾ ਜੀ ਦੇ ਪੁੱਤਰ ਭਾਨੇ ਕਰਮ ਕਮਾਏ।
ਗੁਰੂ ਨਾਨਕ ਦੀ ਗੱਦੀ ਉੱਤੇ ਬੈਠੇ ਗੁਰੂ ਹਰਿ ਰਾਏ।

ਹਰ ਦੁਖੀ ਦੀਆਂ ਪੀੜਾਂ ਹਰਦੇ ਹਰਿ ਹਰਿ ਕਹੁ ਹਰਿ ਰਾਏ।
ਭੁੱਖਿਆਂ ਅਤੇ ਗ਼ਰੀਬਾਂ ਖ਼ਾਤਿਰ ਥਾਂ ਥਾਂ ਲੰਗਰ ਲਾਏ।

ਰਾਉ ਰੰਕ ਆ ਬਣੇ ਪੁਜਾਰੀ ਏਸ ਪਵਿੱਤਰ ਦਰ ਦੇ।
ਲੋੜਵੰਦਾਂ ਦੀਆਂ ਸਭੇ ਲੋੜਾਂ ਸਤਿਗੁਰ ਪੂਰੀਆਂ ਕਰਦੇ।

ਏਥੇ ਜੀਵਨ ਖਿੜ ਖਿੜ ਹਸਦਾ ਨਜ਼ਰ ਨਾ ਆਵੇ ਸੋਗੀ।
ਏਥੋਂ ਰਾਜ਼ੀ ਹੋ ਹੋ ਜਾਂਦੇ ਜਨਮ ਜਨਮ ਦੇ ਰੋਗੀ।

ਸ਼ਾਹ ਦਾਰਾ ਸ਼ਕੋਹ ਵੀ ਏਥੇ ਬਿਪਤਾ ਮਾਰਾ ਆਇਆ।
ਉਸ ਨੂੰ ਵੀ ਬੇ-ਬਸ ਸਮਝ ਕੇ ਗੁਰਾਂ ਨੇ ਸੀਨੇ ਲਾਇਆ।

ਸੇਵਾ ਸਿਮਰਨ ਵੰਡ ਛਕਣ ਦੀ ਸਤਿਗੁਰ ਰੀਤ ਚਲਾਈ।
ਕਿਸੇ ਜੀਵ ਨੂੰ ਦੁਖ ਪਹੁੰਚਾਉਣਾ ਘੋਰ ਪਾਪ ਹੈ ਭਾਈ।

ਏਥੇ ਆਏ ਕਈ ਘੁਮੰਡੀ ਕਈ ਜਾਬਰ ਹੰਕਾਰੀ।
ਇਕ ਨਿਮਰਤਾ ਬਾਹਝੋਂ ਸਭ ਨੇ ਜੀਵਨ ਬਾਜ਼ੀ ਹਾਰੀ।

ਭਵ ਸਾਗਰ 'ਚੋਂ ਤਰ ਗਿਆ ਜਿਨ ਦੀਦਾਰ ਗੁਰਾਂ ਦਾ ਕੀਤਾ।
ਲੱਖਾਂ ਹੀ ਸ਼ਰਧਾਲੂਆਂ ਏਥੋਂ ਨਾਮ ਦਾ ਅੰਮ੍ਰਿਤ ਪੀਤਾ।

ਸ਼ਾਹ ਔਰੰਗੇ ਪਾਸ ਕਿਸੇ ਨੇ ਜਾ ਕੇ ਚੁਗ਼ਲੀ ਮਾਰੀ।
ਗੁਰੂ ਗ੍ਰੰਥ ਵਿਚ ਕੀਤੀ ਗਈ ਇਸਲਾਮ ਦੀ ਹੱਤਕ ਭਾਰੀ।

"ਮਿੱਟੀ ਮੁਸਲਮਾਨ ਕੀ ਪੇੜੇ ਪਈ ਘੁਮਿਆਰ" ਲਖਾਇਆ।
ਇਹ ਸੁਣ ਕੇ ਔਰੰਗਜ਼ੇਬ ਵੀ ਗੁੱਸੇ ਦੇ ਵਿਚ ਆਇਆ।
ਸਤਿਗੁਰ ਜੀ ਨੂੰ ਹੁਕਮ ਭੇਜਿਆ ਵਿਚ ਕਚਹਿਰੀ ਆਉ।
ਮਿੱਟੀ ਮੁਸਲਮਾਨ ਦੀ ਵਾਲਾ ਨਿਰਣਾ ਆਖ ਸੁਣਾਉ।
ਰਾਮ ਰਾਏ ਸੀ ਗੁਰੂ ਸਾਹਿਬ ਦਾ ਬਹੁਤ ਪਿਆਰਾ ਪੁੱਤਰ।
ਸਤਿਗੁਰ ਨੇ ਫ਼ਰਮਾਇਆ ਬੇਟਾ ਆਪ ਦਿਉ ਜਾ ਉੱਤਰ।
ਰਾਮ ਰਾਏ ਨੇ ਸ਼ਾਹ ਨੂੰ ਕੀਤਾ ਖ਼ੁਸ਼ ਰੱਖਣ ਦਾ ਚਾਰਾ।
ਗੁਰਬਾਣੀ ਦਾ ਸ਼ਬਦ ਬਦਲ ਕੇ ਪਾਪ ਕਮਾਇਆ ਭਾਰਾ।
ਕਹਿੰਦਾ "ਸ਼ਾਹਾ ਇਹ ਹੈ ਚਿੱਟੇ ਦਿਨ ਵਰਗੀ ਗੱਲ ਚਿੱਟੀ।
ਮਿੱਟੀ ਮੁਸਲਮਾਨ ਦੀ ਨਹੀਂ ਹੈ ਬੇਈਮਾਨ ਦੀ ਮਿੱਟੀ।"
ਇਹ ਗੱਲ ਸੁਣ ਕੇ ਸਤਿਗੁਰ ਸੱਚੇ ਬੇ-ਖ਼ੌਫ਼ ਹਰਿ ਰਾਏ।
ਆਪਣੇ ਪੁੱਤਰ ਰਾਮ ਰਾਏ ਨੂੰ ਏਦਾਂ ਸ਼ਬਦ ਅਲਾਏ।
"ਤੂੰ ਬਾਣੀ ਦੇ ਸ਼ਬਦ ਬਦਲ ਕੇ ਕਰੀ ਅਵੱਗਿਆ ਭਾਰੀ।
ਤੈਨੂੰ ਹਰਗਿਜ਼ ਨਹੀਂ ਬਖ਼ਸ਼ਣਾ ਗੁਰ ਨਾਨਕ ਨਿਰੰਕਾਰੀ।
ਗੁਰਬਾਣੀ ਲਈ ਮਨੀ ਸਿੰਘ ਨੇ ਬੰਦ ਬੰਦ ਕਟਵਾਏ।
ਗੁਰ ਅਰਜਨ ਨੇ ਤੱਤੇ ਕੜਛੇ ਕੇਸਾਂ ਵਿਚ ਪੁਆਏ।
ਰਾਮ ਰਾਏ ਇਸ ਜੀਵ ਨੇ ਜੱਗ 'ਤੇ ਵਾਰ ਵਾਰ ਨਹੀਂ ਆਉਣਾ।
ਜਾਹ ਤੁਰ ਜਾ ਤੈਨੂੰ ਗੁਰੂ ਘਰ ਵਿਚ ਮੂੰਹ ਕਿਸੇ ਨਹੀਂ ਲਾਉਣਾ।
ਰਾਮ ਰਾਏ ਨੂੰ ਨਫ਼ਰਤ ਕੀਤੀ ਗੁਰਾਂ ਨੇ ਮੁੱਖ ਨਹੀਂ ਲਾਇਆ।
ਛੋਟੇ ਪੁੱਤਰ ਹਰਿ ਕ੍ਰਿਸ਼ਨ ਨੂੰ ਗੱਦੀ 'ਤੇ ਬਿਠਲਾਇਆ।

***

21

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ

ਕ੍ਰਿਸ਼ਨ ਕੌਰ ਦੀ ਕੁੱਖ 'ਚੋਂ ਜਨਮ ਲੈ ਕੇ
ਕੀਰਤਪੁਰ ਹਰਿਕ੍ਰਿਸ਼ਨ ਅਵਤਾਰ ਆਇਆ।
ਚਾਨਣ ਗੁਰੂ ਹਰ ਰਾਏ ਦੀ ਦੀਦ ਦਾ ਉਹ
ਦੱਸਣ ਲਈ ਆਪਣਾ ਚਮਤਕਾਰ ਆਇਆ।
ਕੀਤਾ ਸਿੱਖੀ ਦਾ ਜਿਹਨੇ ਨਿਸ਼ਾਨ ਉੱਚਾ
ਇਹੁ ਜੇਹਾ ਬਾਲਕ ਹੋਣਹਾਰ ਆਇਆ।
ਪੰਜ ਸਾਲ ਅਵਸਥਾ ਸੀ ਸਤਿਗੁਰਾਂ ਦੀ
ਜਦੋਂ ਸੀਸ 'ਤੇ ਗੱਦੀ ਦਾ ਭਾਰ ਆਇਆ।

ਬਣੇ ਨਾਨਕ ਦੀ ਗੱਦੀ ਦਾ ਉਹ ਵਾਰਸ
ਰੰਗਣ ਨਾਮ ਵਾਲੀ ਜਿਸਨੂੰ ਚੜ੍ਹੀ ਹੋਵੇ।
ਦਿਲ ਵਿਚ ਸਿੱਖੀ ਪਿਆਰ ਦਾ ਹੋਏ ਜਜ਼ਬਾ
ਉਮਰ ਛੋਟੀ ਹੋਵੇ ਭਾਵੇਂ ਬੜੀ ਹੋਵੇ।

ਰਾਮ ਰਾਏ ਦੀ ਹੋ ਗਈ ਸੀ ਰਾਏ ਉਲਟੀ
ਉਹਨੇ ਬਾਣੀ ਦਾ ਅਰਥ ਉਲਟਾ ਲਿਆ ਸੀ।
ਮੁਸਲਮਾਨ ਦੀ ਮਿੱਟੀ ਦੀ ਥਾਂ ਉਸਨੇ
ਬੇਈਮਾਨ ਦੀ ਮਿੱਟੀ ਬਣਾ ਲਿਆ ਸੀ।
ਸਾਜ਼ ਬਾਜ਼ ਹਕੂਮਤ ਦੇ ਨਾਲ ਕਰਕੇ
ਗੁਰੂ ਘਰ 'ਨਾ ਧਰੋਹ ਕਮਾ ਲਿਆ ਸੀ।
ਤਾਹੀਉਂ ਗੁਰੂ ਹਰਿ ਰਾਏ ਨੇ ਬੜਾ ਛੱਡ ਕੇ
ਛੋਟੇ ਪੁੱਤਰ ਨੂੰ ਗੱਦੀ ਬਿਠਾ ਲਿਆ ਸੀ।

ਇਕ ਭੁੱਲੜ ਬ੍ਰਾਹਮਣ ਨੇ ਆਖਿਆ ਕਿ
ਤੁਸੀਂ ਕ੍ਰਿਸ਼ਨ ਤਾਂ ਨਾਮ ਰਖਾ ਲਿਆ ਏ।
ਸਾਡੇ ਕ੍ਰਿਸ਼ਨ ਨੇ ਗੀਤਾ ਉਚਾਰੀ ਸੀਗੀ
ਕੋਈ ਤੁਸੀਂ ਵੀ ਕੌਤਕ ਦਖਾਲਿਆ ਏ।

ਓਸ ਅੱਠਵੀਂ ਜੋਤ ਨਰੰਜਣੀ ਨੇ
ਸੁਣ ਕੇ ਗਿਆਨ ਦੀ ਮਹਿਕ ਖਿਲਾਰ ਦਿੱਤੀ।
ਇਕ ਗੂੰਗੇ ਮਨੁੱਖ ਨੂੰ ਨਾਲ ਲੈ ਕੇ
ਆਪਣੀ ਖੂੰਡੀ ਦੀ ਛੋਹ ਦਾਤਾਰ ਦਿੱਤੀ।
ਓਸ ਖੂੰਡੀ ਨੇ ਗੂੰਗੇ ਨੂੰ ਕੀ ਦਿੱਤਾ
ਜੀਭ ਇਕ ਦੀ ਥਾਂ ਹਜ਼ਾਰ ਦਿੱਤੀ।
ਓਸ ਗੂੰਗੇ ਮਨੁੱਖ ਨੇ ਮੁਖੜੇ ਥੀਂ
ਗੀਤਾ ਸਾਰੀ ਦੀ ਸਾਰੀ ਉਚਾਰ ਦਿੱਤੀ।

ਸਿੱਖ ਧਰਮ ਹੈ ਧਰਮ ਮਨੁੱਖਤਾ ਦਾ
ਇਹਨੇ ਪਾਪੀ ਦਾ ਕਦੇ ਨਹੀਂ ਪੱਖ ਕੀਤਾ।
ਬਾਲਕ ਗੁਰੂ ਨੇ "ਬਾਬਾ ਬਕਾਲੇ" ਰਹਿ ਕੇ
ਨਾਵੇਂ ਗੁਰੂ ਦਾ ਨਾਮ ਪਰਤੱਖ ਕੀਤਾ।

ਕੀਰਤਪੁਰੇ 'ਚ ਸ਼ਾਹੀ ਸੰਦੇਸ਼ ਆਇਆ
ਦਿਲ ਦਿੱਲੀ ਦਾ ਦਇਆ 'ਚ ਆਉਣਾ ਚਾਹੁੰਦੈ।
ਅੱਠਵੇਂ ਪਾਤਸ਼ਾਹ ਗੁਰੂ ਹਰਿਕ੍ਰਿਸ਼ਨ ਜੀ ਦੇ
ਦਰਸ਼ਨ ਸ਼ਾਹ ਔਰੰਗਾ ਵੀ ਪਾਉਣਾ ਚਾਹੁੰਦੈ।
ਅੱਠਵੇਂ ਪਾਤਸ਼ਾਹ ਲਿਖਕੇ ਜਵਾਬ ਦਿੱਤਾ
ਮੈਨੂੰ ਪਤਾ ਜੋ ਚਾਲਾਂ ਚਲਾਉਣਾ ਚਾਹੁੰਦੈ।
ਰਾਮ ਰਾਇ ਨੂੰ ਉਹਨੇ ਦਬਾ ਲਿਆ ਏ
ਹੁਣ ਸਾਨੂੰ ਵੀ ਪਾਪੀ ਦਬਾਉਣਾ ਚਾਹੁੰਦੈ।

ਕੋਈ ਆਖੋ ਔਰੰਗੇ ਨੂੰ ਭਲੇ ਲੋਕਾ
ਧੰਦਾ ਬੇ-ਇਨਸਾਫ਼ੀ ਦਾ ਫੱਬਣਾ ਨਹੀਂ।
ਪੰਚਮ ਪਿਤਾ ਦਾ ਜਿਹਨਾਂ ਇਤਿਹਾਸ ਪੜ੍ਹਿਆ
ਉਹਨਾਂ ਸਿੱਖਾਂ ਦਬਾਇਆਂ ਵੀ ਦੱਬਣਾ ਨਹੀਂ।

ਆਖੇ ਸੰਗਤਾਂ ਦੇ ਸਤਿਗੁਰ ਗਏ ਦਿੱਲੀ
ਸਭਨਾਂ ਗੁਰ ਸਿੱਖਾਂ ਦਾ ਆ ਸਤਿਕਾਰ ਕੀਤਾ।
ਦੀਦੇ ਜਿਹਨਾਂ ਦੀ ਦੀਦ ਨੂੰ ਤਰਸਦੇ ਸਨ
ਉਹਨਾਂ ਸੇਵਕਾਂ ਆ ਕੇ ਦੀਦਾਰ ਕੀਤਾ।

ਸ਼ਾਹੀ ਥੰਮ੍ਹ ਹਕੂਮਤ ਦੇ ਜੈ ਸਿੰਘ ਨੇ
ਚਰਨਾਂ ਵਿਚ ਆ ਕੇ ਜੈ ਜੈ ਕਾਰ ਕੀਤਾ।
ਮੱਥੇ ਨਹੀਂ ਮਲੇਸ਼ ਦੇ ਕਦੇ ਲੱਗਣਾ
ਔਰੰਗਜ਼ੇਬ ਨੂੰ ਗੁਰਾਂ ਇਨਕਾਰ ਕੀਤਾ।

'ਸਫਰੀ' ਅੱਠਵਾਂ ਗੁਰੂ ਹਰਿਕ੍ਰਿਸ਼ਨ ਭਾਵੇਂ
ਛੋਟੀ ਉਮਰ ਦੇ ਵਿਚ ਸਮਾ ਗਿਆ ਏ।
ਵਿਹਲ ਕਰਕੇ ਔਰੰਗੇ ਦੀ ਰਾਜਨੀਤੀ
ਮੋਢਾ ਮੁਗ਼ਲ ਸਰਕਾਰ ਦਾ ਲਾ ਗਿਆ ਏ।

***

22

ਤੇਗ਼ ਬਹਾਦਰ ਹਿੰਦ ਦੀ ਚਾਦਰ

ਬੁਲਬੁਲ ਹੀ ਹੱਥੀਂ ਗੁਲਸ਼ਨ ਨੂੰ ਜਦ ਬਾਲ ਮੁਆਤਾ ਲਾ ਬੈਠੀ।
ਚੰਗਿਆੜੀ ਬ਼ਣ ਹਰ ਕਲੀ ਭੰਵਰ ਦੇ ਦਿਲ 'ਤੇ ਛਾਲੇ ਪਾ ਬੈਠੀ।

ਨਿਰਦਈ ਹਕੂਮਤ ਬਣ ਬੈਠੀ ਜਦ ਵਾੜ ਖੇਤ ਨੂੰ ਖਾ ਬੈਠੀ।
ਜਦ ਖ਼ੂਨੀ ਤੇਗ਼ ਔਰੰਗੇ ਦੀ ਹਿੰਦੂਆਂ ਦੇ ਲਹੂ 'ਚ ਨ੍ਹਾ ਬੈਠੀ।

ਜਦ ਰੱਤ ਨੁੱਚੜ ਗਈ ਧਰਤੀ 'ਤੇ ਬੇ-ਬੱਸ ਵਤਨ ਦੀਆਂ ਗਊਆਂ ਦੀ।
ਗ਼ਜ਼ਨੀ ਵਿਚ ਬੋਲੀ ਦਿੱਤੀ ਗਈ ਭਾਰਤ ਦੀਆਂ ਬੇਟੀਆਂ ਬਹੂਆਂ ਦੀ।

ਧਰਤੀ ਨੇ ਲਈਆਂ ਲਿਲਕਣੀਆਂ ਆਕਾਸ਼ ਦੇ ਹੰਝੂ ਵਹਿਣ ਲੱਗੇ।
ਜਦ ਧਰਮ ਡਿੱਗ ਪਿਆ ਖਾਤੇ ਵਿਚ ਮਾਲਾ ਦੇ ਮਣਕੇ ਢਹਿਣ ਲੱਗੇ।

ਜਦ ਪੈਰ ਤਿਲਕ ਪਏ ਤਿਲਕਾਂ ਦੇ ਜਦ ਮਣ-ਮਣ ਜੰਜੂ ਲਹਿਣ ਲੱਗੇ।
ਜਦ ਸੰਖ ਸੰਖੀਆ ਖਾ ਬੈਠਾ ਘੜਿਆਲ ਤਸੀਹੇ ਸਹਿਣ ਲੱਗੇ।

ਤਾਂ ਦਰ 'ਤੇ ਤੇਗ਼ ਬਹਾਦਰ ਦੇ ਕਸ਼ਮੀਰ ਦੇ ਪੰਡਤ ਆ ਨਿਕਲੇ।
ਦਿਲ ਦੀ ਕੁਈ ਵਿੱਥਿਆ ਦੱਸਣ ਲਈ ਦਿਲ ਚੀਰਦੇ ਪੰਡਤ ਆ ਨਿਕਲੇ।

ਬੋਲੇ ਅੱਜ ਜ਼ਿੰਦਗੀ ਧੁਖਦੀ ਏ ਪਰ ਧੂਪ ਧੁਖਾਉਣਾ ਮਿਲਦਾ ਨਹੀਂ।
ਸੰਖੀਆ ਤਾਂ ਖਾਣਾ ਸੌਖਾ ਹੈ ਪਰ ਸੰਖ ਵਜਾਉਣਾ ਮਿਲਦਾ ਨਹੀਂ।

ਹਰ ਗੱਲ ਵਿਚ ਫਨੀਅਰ ਲਟਕ ਰਿਹਾ ਜੰਜੂ ਲਟਕਾਉਣਾ ਮਿਲਦਾ ਨਹੀਂ।
ਜਦ ਚੜ੍ਹਦਾ ਹਾਲ ਬੇਦਰਦਾਂ ਨੂੰ ਕੋਈ ਹਾਲ ਸੁਣਾਉਣਾ ਮਿਲਦਾ ਨਹੀਂ।

ਕੋਈ ਕਰੋ ਸਹਾਇਤਾ ਇਹ ਨਈਆ ਦੁੱਖਾਂ ਦਾ ਸਾਗਰ ਤਰ ਜਾਵੇ।
ਐਸਾ ਨਾ ਹੋਵੇ ਗ਼ੈਰਤ ਹੀ ਸਾਡੀ ਮਰਦੀ ਮਰਦੀ ਮਰ ਜਾਵੇ।

ਫ਼ਰਮਾਇਆ ਨਾਵੇਂ ਸਤਿਗੁਰ ਨੇ ਕੁਈ ਜ਼ਾਹਰੀ ਕਲਾ ਦਿਖਾ ਦੇਵੇ।
ਮੋਇਆਂ ਵਿਚ ਜ਼ਿੰਦਗੀ ਪਾਉਣ ਲਈ ਕੁਈ ਜ਼ਿੰਦਗੀ ਲੇਖੇ ਲਾ ਦੇਵੇ।

ਖ਼ੁਦ ਲਹੂਆਂ ਦੇ ਵਿਚ ਰੁੜ੍ਹ ਜਾਵੇ ਤੇ ਰੁੜ੍ਹਦਾ ਧਰਮ ਬਚਾ ਦੇਵੇ।
ਕੋਈ ਐਸਾ ਪਰਉਪਕਾਰੀ ਹੈ ਜੋ ਪਰਉਪਕਾਰ ਕਮਾ ਦੇਵੇ।

ਸੋਚਾਂ ਵਿਚ ਡੁੱਬੇ ਬਾਪੂ ਨੂੰ ਜਦ ਤੱਕਿਆ ਗੋਬਿੰਦ ਰਾਏ ਨੇ।
ਕੁਲ ਨੌਂ ਸਾਲਾਂ ਦੀ ਆਯੂ ਸੀ ਫ਼ਰਮਾਇਆ ਗੁਜਰੀ ਜਾਏ ਨੇ।

"ਹੇ ਪਿਤਾ ਜੀਉ ਤੁਸੀਂ ਹਿਰਦੇ ਵਿਚ ਇਹ ਕੈਸੀ ਬਾਤ ਵਿਚਾਰੀ ਏ।
ਗਲ 'ਤੇ ਰੋਜ਼ਾਨਾ ਹਿੰਦੂਆਂ ਦੇ ਚਲਦੀ ਇਕ ਤੇਗ਼ ਦੋ-ਧਾਰੀ ਏ।

ਇਤਿਹਾਸ ਗਵਾਹ ਹੈ ਗੁਰ ਅਰਜਨ ਸੀਨੇ 'ਤੇ ਅੱਗ ਸਹਾਰੀ ਏ।
ਪਾਪਾਂ ਦੀ ਅੱਗ ਬੁਝਾਵਣ ਲਈ ਇਸ ਵੇਲੇ ਤੁਹਾਡੀ ਵਾਰੀ ਏ।

ਮੈਂ ਤੇਗ਼ਾਂ ਉੱਤੇ ਨੱਚਾਗਾਂ ਮੈਂ ਕੰਡਿਆਂ ਉੱਤੇ ਹੱਸਾਂਗਾ।
ਇਕ ਵਾਰ ਸਮੇਂ ਨੂੰ ਭਾਰਤ ਦੀ ਤਕਦੀਰ ਬਦਲ ਕੇ ਦੱਸਾਂਗਾ।

ਮੈਂ ਚੋਭੜ ਲਾ ਕੇ ਸੁੱਤੀ ਹੁਈ ਭਾਰਤ ਦੀ ਅਣਖ ਜਗਾਵਾਂਗਾ।
ਖੰਡੇ ਦੀ ਪਾਹੁਲ ਪਿਲਾ ਕੇ ਮੈਂ ਮੋਇਆਂ ਵਿਚ ਜ਼ਿੰਦਗੀ ਪਾਵਾਂਗਾ।

ਗਿੱਦੜਾਂ ਤੋਂ ਸ਼ੇਰ ਬਣਾਵਾਂਗਾ ਚਿੜੀਆਂ ਤੋਂ ਬਾਜ਼ ਤੁੜਾਵਾਂਗਾ।
ਮੈਂ ਮੁਗ਼ਲ ਰਾਜ ਦੇ ਮਹਿਲਾਂ ਵਿਚ ਇਕ ਵਾਰ ਪਟਾਕੇ ਪਾਵਾਂਗਾ।

ਸਿਰ ਲਹਿੰਦਾ ਹੈ ਤਾਂ ਲਹਿ ਜਾਵੇ ਰੱਤ ਵਹਿੰਦੀ ਹੈ ਤਾਂ ਵਹਿ ਜਾਵੇ।
ਨਾ ਰਹੇ ਅਸਾਡਾ ਕੁਝ ਵੀ ਪਰ ਮੇਰੇ ਦੇਸ਼ ਦੀ ਇੱਜ਼ਤ ਰਹਿ ਜਾਵੇ।

ਦਿੱਲੀ ਵਿਚ ਸਤਿਗੁਰ ਜਾ ਪਹੁੰਚੇ ਉੱਡ ਦਿੱਲੀ ਦੀ ਦਿਲਗੀਰੀ ਗਈ।
ਹੋ ਜ਼ਾਲਮ ਟੋਲੀ ਫਾਡੀ ਗਈ ਮਜ਼ਲੂਮਾਂ ਦੀ ਹੋ ਮੀਰੀ ਗਈ।

ਜਦ ਮਤੀ ਦਾਸ ਦੀ ਦਿਹ ਹਾਏ ਆਰੇ ਦੇ ਥੱਲੇ ਚੀਰੀ ਗਈ।
ਤਾਂ ਡੁੱਲ੍ਹਾ ਲਹੂ ਸ਼ਹੀਦਾਂ ਦਾ ਸਾਡੀ ਤਕਦੀਰ ਲਕੀਰੀ ਗਈ।

ਇਕ ਦੇਗਾ ਭਰ ਕੇ ਪਾਣੀ ਦਾ ਅੱਗ ਦੋਜ਼ਖ਼ ਵਰਗੀ ਬਾਲੀ ਗਈ।
ਦੇਗੇ ਵਿਚ ਭਾਈ ਦਿਆਲੇ ਦੀ ਦਿਹ ਆਲੂ ਵਾਂਗ ਉਬਾਲੀ ਗਈ।

ਸੰਦੇਸ਼ਾ ਘੱਲਿਆ ਸਤਿਗੁਰ ਨੂੰ ਗੁੱਸੇ ਦੇ ਨਾਲ ਔਰੰਗੇ ਨੇ।
ਉਸ ਜਨਮ-ਜਨਮ ਦੇ ਭੁੱਖੇ ਨੇ ਉਸ ਜਨਮ ਜਨਮ ਦੇ ਨੰਗੇ ਨੇ।

ਓ ਮਾਫ਼ੀ ਮੰਗ ਲੈ ਤੇਰੇ ਲਈ ਅੱਜ ਬੜੇ ਮਹੂਰਤ ਚੰਗੇ ਨੇ।
ਔਹ ਦੇਖ ਸ਼ਰ੍ਹਾ ਦੀ ਸੂਲੀ 'ਤੇ ਕਈ ਧਰਮੀ ਆਸ਼ਕ ਟੰਗੇ ਨੇ।

ਫ਼ਰਮਾਇਆ ਸ਼ਾਹ ਔਰੰਗੇ ਨੂੰ ਉੱਤਰ ਵਿਚ ਤੇਗ਼ ਬਹਾਦਰ ਨੇ।
ਭਾਰਤ ਦੇ ਉਸ ਰਖਵਾਲੇ ਨੇ ਭਾਰਤ ਦੇ ਸਿਰ ਦੀ ਚਾਦਰ ਨੇ।

ਡਿੱਗ ਪਿਆ ਮਹੱਲ ਜੇ ਸਿੱਖੀ ਦਾ ਮੈਂ ਨਵੇਂ ਆਸਰੇ ਕਰ ਦੇਣੇ।
ਪਤਨੀ ਦੀ ਜਾਨ ਘੁਮਾ ਦੇਣੀ ਪੋਤੇ ਵੀ ਨੀਂਹ ਵਿਚ ਧਰ ਦੇਣੇ।

ਮੁਗ਼ਲਾ ਮੈਂ ਤੇਗ਼ ਬਹਾਦਰ ਹਾਂ ਤਿਰੀ ਤੇਗ਼ ਦੇ ਘਾਟੇ ਭਰ ਦੇਣੇ।
ਤੇਰੀ ਤੇਗ਼ ਧੰਰਾ ਕੇ ਗਲ 'ਤੇ ਮੈਂ ਤੇਰੀ ਤੇਗ਼ ਦੇ ਟੁਕੜੇ ਕਰ ਦੇਣੇ।

ਗੁੱਸੇ ਵਿਚ ਖ਼ੂਨੀ ਕਾਤਲ ਨੇ ਇਕ ਖ਼ੂਨੀ ਤੇਗ਼ ਉਭਾਰ ਲਈ।
ਸੀ ਘੜੀ ਅਨੋਖੀ ਕਹਿਰਾਂ ਦੀ ਇਕ ਆਫ਼ਤ ਸੀ ਸੰਸਾਰ ਲਈ।

ਗੁਰੂ ਤੇਗ਼ ਬਹਾਦਰ ਕੀ ਡਿੱਠਾ ਲਿਵ ਵਾਹਿਗੁਰੂ ਵੱਲ ਲਾ ਬੈਠੇ।
ਦੁਖੀਆਂ ਦਾ ਵਕਤ ਕਟਾਵਣ ਲਈ ਹਸਦੇ ਹੋਏ ਸੀਸ ਕਟਾ ਬੈਠੇ।

ਕੁਝ ਖਾਧਾ ਨਾ ਕੁਝ ਪੀਤਾ ਨਾ ਪਰ ਤੇਗ਼ ਜ਼ੁਲਮ ਦੀ ਖਾ ਬੈਠੇ।
ਉਹ ਨਾਨਕ ਨਾਨਕ ਜਪਦੇ ਹੀ ਨਾਨਕ ਦੀ ਗੋਦ 'ਚ ਜਾ ਬੈਠੇ।

ਸਿੱਖੀ ਦਾ ਸਦਕਾ ਇਸ ਵੇਲੇ ਖਿੜਿਆ ਹੈ ਬਾਗ਼ ਉਮੀਦਾਂ ਦਾ।
ਓ 'ਸਫ਼ਰੀ' ਰਹਿੰਦੀ ਦੁਨੀਆਂ ਤੱਕ ਚਮਕੇਗਾ ਨਾਂ ਸ਼ਹੀਦਾਂ ਦਾ।

***

23

ਹਿੰਦ ਦੀ ਚਾਦਰ

ਤੇਗ਼ ਬਹਾਦਰ ਹਿੰਦ ਦੀ ਚਾਦਰ ਜਦ ਮਕਤਲ ਵਿਚ ਆਏ।
ਧਰਮ ਰਾਜ ਦੀ ਕੋਠੀ ਧੜਕੀ ਮਹਾਦੇਵ ਘਬਰਾਏ।

ਦਿੱਲੀ ਨੇ ਦਿਲ ਪੱਥਰ ਕੀਤਾ ਕੂਕੀ ਹਾਏ ਹਾਏ।
ਮੁਗ਼ਲ ਰਾਜ ਦੀ ਬੇੜੀ ਦੇ ਵਿਚ ਪੱਥਰ ਕਿਸ ਨੇ ਪਾਏ।

ਜ਼ੁਲਮ ਕੋਲ ਸੁਣਵਾਈ ਕੋਈ ਨਾ ਬੇਬਸ ਦੁਨੀਆਂ ਰੋਏ।
ਤਲਵਾਰਾਂ ਦੇ ਮੂੰਹ ਹੁੰਦੇ ਨੇ ਕੰਨ ਕਦੇ ਨਹੀਂ ਹੋਏ।

ਅੱਜ ਦਿੱਲੀ ਦੇ ਅੰਬਰ ਉੱਤੇ ਗ਼ਮ ਦੀ ਬਦਲੀ ਛਾਈ।
ਅੱਜ ਚਿੜੀਆਂ ਨੇ ਬੋਟਾਂ ਦੇ ਮੂੰਹ ਚੋਗ ਜ਼ਰਾ ਨਾ ਪਾਈ।

ਜਦ ਕਾਤਲ ਨੇ ਤੇਗ਼ ਉਠਾਈ ਸਤਿਗੁਰ ਖੇਡ ਵਖਾਇਆ।
ਤੇਗ਼ ਬਹਾਦਰ ਜੀ ਦੇ ਧੜ 'ਤੇ ਸੀਸ ਨਜ਼ਰ ਨਾ ਆਇਆ।

ਕਾਤਲ ਕਿਹਾ, "ਅਚੰਭਤ ਹੋ ਕੇ ਮੇਰਾ ਹੱਥ ਸ਼ਰਮਾਉਂਦਾ।"
ਧੜ ਹੀ ਤੇਰਾ ਦਿਸਦਾ ਬਾਬਾ ਸੀਸ ਨਜ਼ਰ ਨਹੀਂ ਆਉਂਦਾ।

ਸਤਿਗੁਰ ਬੋਲੇ, "ਭੋਲੇ ਕਾਤਲ ਤੇਰੀ ਨਜ਼ਰ 'ਚ ਨ੍ਹੇਰਾ।
ਦੇਸ਼ ਕੌਮ ਦੀ ਹੈ ਸੀ ਬੀਬਾ ਸੀਸ ਅਮਾਨਤ ਮੇਰਾ।

ਇਹ ਅਮਾਨਤ ਪਹਿਲੋਂ ਹੀ ਮੈਂ ਵਤਨਾਂ ਨੂੰ ਪਰਤਾਈ।
ਤੂੰ ਕਾਹਦੇ ਲਈ ਮਕਤਲ ਦੇ ਵਿਚ ਵਾਧੂ ਤੇਗ਼ ਉਠਾਈ।

ਇਕ ਸੀਸ ਮੈਂ ਕੌਮ ਨੂੰ ਦਿੱਤਾ ਦੂਜਾ ਕਾਤਲ ਚਾਹੁੰਦਾ।
ਦੇ ਦਿੰਦਾ ਜੇ ਇਕ ਬੰਦੇ ਨੂੰ ਦੋ ਸੀਸ ਰੱਬ ਲਾਉਂਦਾ।

ਉਹ ਵੀ ਨੇ ਜੋ ਲੋਕ ਮਰਨ ਤੋਂ ਪਹਿਲਾਂ ਹੁੰਦੇ ਮੋਏ।
ਸਿੱਖ ਗੁਰੂ ਦਾ ਮੁੜ ਮਕਤਲ ਵਿਚ ਆ ਕੇ ਜਿਉਂਦਾ ਹੋਏ।

ਮੈਂ ਤੇਰੀ ਤਲਵਾਰ ਦੀ ਇੱਜ਼ਤ ਰੱਖਣ ਖ਼ਾਤਿਰ ਯਾਰਾ।
ਦੋ ਘੜੀਆਂ ਲਈ ਮੈਂ ਦਰਗਾਹੋਂ ਆਂਦਾ ਸੀਸ ਉਧਾਰਾ।

ਕੁੰਗੂ ਵਰਗਾ ਖ਼ੂਨ ਗੁਰਾਂ ਦਾ ਜਦ ਧਰਤੀ 'ਤੇ ਚੋਇਆ।
ਤਿਲਕ ਜਨੇਊ ਜਿਊਂਦੇ ਹੋ ਗਏ ਮੁਗ਼ਲ ਰਾਜ ਅੱਜ ਮੋਇਆ।
ਅੱਜ ਦਾ ਸੂਰਜ ਤਿੱਖੀਆਂ ਛੁਰੀਆਂ ਅੱਜ ਦਾ ਚੰਦ ਕਸਾਈ।
ਅੱਜ ਨਾਨਕ ਨੂੰ ਸਚਖੰਡ ਵਿਚ ਨੀਂਦ ਜ਼ਰਾ ਨਾ ਆਈ।

ਜੱਦ ਉਬਲਦੀ ਦੇਗ਼ 'ਚ ਲਾਇਆ ਆਸਣ ਭਾਈ ਦਿਆਲੇ।
ਗੁਰੂ ਅਰਜਨ ਦੀ ਦੇਹ ਦੁਬਾਰਾ ਹੋ ਗਈ ਛਾਲੇ ਛਾਲੇ।
ਜਦੋਂ ਜੱਲਾਦਾਂ ਸਿਰ 'ਤੇ ਧਰਿਆ ਮਤੀ ਦਾਸ ਦੇ ਆਰਾ।
ਲਾਲ ਲਹੂ ਦਾ ਖੋਪਰ ਵਿਚੋਂ ਉਠਿਆ ਲਾਲ ਫੁਹਾਰਾ।

ਆਂਹਦਾ ਭਾਵੇਂ ਮੈਂ ਆਰੇ ਨੂੰ ਦਿਲ ਦੀ ਰੱਤ ਪਿਲਾਈ।
ਪਰ ਸਿੱਖੀ ਦੀ ਅਜੇ ਨਾ ਮੈਥੋਂ ਕੀਮਤ ਗਈ ਚੁਕਾਈ।
ਮੈਨੂੰ ਹੌਲੀ ਹੌਲੀ ਚੀਰੋ ਮਕਸਦ ਹੋ ਜਾਏ ਪੂਰਾ।
ਸੁਖਮਨੀ ਦਾ ਪਾਠ ਜੱਲਾਦੋ ਰਹਿ ਨਾ ਜਾਏ ਅਧੂਰਾ।

ਇਹ ਜੈਤੇ ਦਾ ਹੀ ਦਿਲ ਜਾਣੇ ਕੀ ਉਸ ਕਸ਼ਟ ਉਠਾਇਆ।
ਮੰਜ਼ਲੋ ਮੰਜ਼ਲੀ ਸੀਸ ਉਠਾ ਕੇ ਕਿਵੇਂ ਅਨੰਦਪੁਰ ਆਇਆ।

ਧੜ ਦਾ ਵੀ ਸਸਕਾਰ ਕਰਨ ਲਈ ਐਸੀ ਵਿਉਂਤ ਬਣਾਈ।
ਲੱਖੀ ਸ਼ਾਹ ਲੁਬਾਣੇ ਆਪਣੀ ਕੁੱਲੀ ਨੂੰ ਅੱਗ ਲਾਈ।
ਨੌਂ ਸਾਲ ਦੀ ਕੁੱਲ ਅਵਸਥਾ ਧੰਨ ਧੰਨ ਗੋਬਿੰਦ ਰਾਏ।
ਸੀਸ ਪਿਤਾ ਦਾ ਗੋਦ 'ਚ ਲੈ ਕੇ ਗੀਤ ਵਤਨ ਦੇ ਗਾਏ।

"ਮਾਤਾ ਪੁੱਛੇ ਲਾਲ ਜੀਓ ਇਹ ਕੀ ਵਸਤੂ ਹੈ ਆਈ"।
"ਇਹ ਮਾਤਾ ਔਰੰਗਜ਼ੇਬ ਨੇ ਨਵੀਂ ਸੁਗਾਤ ਘਲਾਈ"।

ਇਸ ਸੁਗਾਤ ਦਾ ਮੁੱਲ ਚੁਕਾਇਆ ਤੇਗ਼ ਨਾਲ ਹੀ ਜਾਊ।
ਭਾਰਤ ਦੇ ਵਿਚ ਮੁਗ਼ਲ ਰਾਜ ਦਾ ਚਿੰਨ੍ਹ ਨਜ਼ਰ ਨਾ ਆਊ।

ਬਣ ਕੇ ਬੰਦਾ ਬੀਰ ਬਹਾਦਰ ਜ਼ਾਲਮ ਦੀ ਰੱਤ ਪੀਊ।
ਕਲਗੀਧਰ ਦਾ ਪੰਥ ਖ਼ਾਲਸਾ ਜੁੱਗਾਂ ਤੀਕਰ ਜੀਊ।

ਬਾਪੂ ਇਕ ਅਹਿਸਾਨ ਕਰ ਗਿਆ ਭਾਰਤ ਮਾਂ 'ਤੇ ਭਾਰਾ।
ਸੀਸ ਕਟਾ ਕੇ ਦੂਰ ਕਰ ਗਿਆ ਕਸ਼ਟ ਵਤਨ ਦਾ ਸਾਰਾ।

ਮਾਤਾ ਬੋਲੀ ਮੈਂ ਵਿਧਵਾ ਹਾਂ ਇਸ ਦਾ ਫ਼ਿਕਰ ਨਾ ਕੋਈ।
ਸਦੀਆਂ ਪਿੱਛੋਂ ਭਾਰਤ ਮਾਤਾ ਬੁੱਢ ਸੁਹਾਗਣ ਹੋਈ।

ਦੋਂਹ ਨੈਣਾਂ 'ਚ ਜਦ ਅੰਮ੍ਰਿਤ ਦੇ ਦੋ ਦੋ ਤੁਬਕੇ ਚੋਏ।
ਅੰਬਰ ਉੱਤੇ ਕੁੱਲ ਫਰਿਸ਼ਤੇ ਡੁਸਕ ਡੁਸਕ ਕੇ ਰੋਏ।

ਧਰਮ ਦੀ ਖ਼ਾਤਿਰ ਸਿੱਖ ਸੂਰਮੇ ਹੱਸ ਕੇ ਦੇ ਗਏ ਜਾਨਾਂ।
ਅੰਬਰ ਤੋਂ ਵੀ ਉੱਚੀਆਂ ਹੋਈਆਂ ਸੀਸ ਗੰਜ ਦੀਆਂ ਸ਼ਾਨਾਂ।

ਹਰ ਦੁਨੀਆਂ ਦਾ 'ਸਫ਼ਰੀ' ਬੰਦਾ ਗੀਤ ਗੁਰਾਂ ਦੇ ਗਾਏ।
ਤੇਗ਼ ਬਹਾਦਰ ਸਿਮਰਿਐ ਘਰ ਨਉ ਨਿਧ ਆਵੈ ਧਾਏ।

***

24

ਤੇਗ਼ੀ ਤੇਗ਼ ਦੇ ਕਰ ਦਊਂ ਹਜ਼ਾਰ ਟੁਕੜੇ

ਨਾਵੇਂ ਪਿਤਾ ਨੇ ਆਖਿਆ ਕਾਤਲਾ ਉਏ
ਹਿਰਦੇ ਵਿਚ ਕੀ ਸੋਚ ਦੌੜਾਈ ਹੋਈ ਏ।
ਤੈਨੂੰ ਕਤਲ ਦਾ ਹੁਕਮ ਹੈ ਕਤਲ ਕਰ ਤੂੰ
ਕਤਲਗਾਹ ਕਿਉਂ ਠੰਢੜੀ ਪਾਈ ਹੋਈ ਏ।
ਅਸੀਂ ਮੌਤ ਕੋਲੋਂ ਹਰਗਿਜ਼ ਝਿਜਕਦੇ ਨਹੀਂ
ਅਸੀਂ ਮੌਤ ਤਾਂ ਹੱਥੀਂ ਖਿਡਾਈ ਹੋਈ ਏ।
ਪੰਚਮ ਪਿਤਾ ਨੇ ਸਾਨੂੰ ਸ਼ਹੀਦੀਆਂ ਦੀ
ਬੜੇ ਚਿਰਾਂ ਤੋਂ ਗੁੜ੍ਹਤੀ ਪਿਲਾਈ ਹੋਈ ਏ।
ਜਾ ਕੇ ਆਖ ਔਰੰਗੇ ਨੂੰ ਭਲੇ ਲੋਕਾ
ਜਿਹਨੂੰ ਜਿੱਤਣਾ ਜਿੱਤ ਪਿਆਰ ਦੇ ਨਾਲ।
ਕਦੋਂ ਕਹਿੰਦਾ ਕੁਰਾਨ ਕਿ ਹਿੰਦੂਆਂ ਨੂੰ
ਮੁਸਲਮਾਨ ਬਣਾਉ ਤਲਵਾਰ ਦੇ ਨਾਲ।
ਅੱਗੋਂ ਕਿਹਾ ਜੱਲਾਦ ਓ ਗੁਰੂ ਬਾਵਾ
ਇਹ ਕੀ ਮੁੱਖ ਤੋਂ ਸ਼ਬਦ ਅਲਾ ਰਿਹਾ ਏਂ।
ਜਾਣੀਂ ਜਾਣ ਹੈਂ ਜ਼ਿੱਦ ਨੂੰ ਜਾਣ ਵੀ ਦੇਹ
ਕਾਹਨੂੰ ਜਾਣ ਕੇ ਜਾਨ ਗੁਆ ਰਿਹਾ ਏਂ।
ਆਖੇ ਲੱਗ ਕੇ ਇਨ੍ਹਾਂ ਬ੍ਰਾਹਮਣਾਂ ਦੇ
ਰੌਲਾ ਜੜੇ ਜਨੇਊਆਂ ਦਾ ਪਾ ਰਿਹਾ ਏਂ।
ਇਹਨਾਂ ਵਕਤ ਕਟਾਉਣਾ ਨਹੀਂ ਕੋਈ ਤੇਰਾ
ਜਿਹਨਾਂ ਵਾਸਤੇ ਸੀਸ ਕਟਾ ਰਿਹਾ ਏਂ।
ਏਸ ਮੁਗ਼ਲ ਸਰਕਾਰ ਦੇ ਰਾਜ ਅੰਦਰ
ਹਿੰਦੂ ਹਿੰਦ ਦਾ ਦਮ ਨਹੀਂ ਮਾਰ ਸਕਦਾ।
ਇਕੋ ਦਿੱਲੀ ਦਾ ਬਾਦਸ਼ਾਹ ਹੈ ਜਿਹੜਾ
ਬੇੜੀ ਡੋਬ ਸਕਦਾ ਬੇੜੀ ਤਾਰ ਸਕਦਾ।

ਗੁਰਾਂ ਆਖਿਆ ਗੱਲਾਂ ਦੇ ਨਾਲ ਕਰਦੈਂ
ਮੇਰੇ ਦਿਲ ਦੀ ਰਬਾਬ ਦੀ ਤਾਰ ਟੁਕੜੇ।
ਦਰ ਨਾਨਕ ਦਰਵੇਸ਼ ਦੇ ਬਾਦਸ਼ਾਹ ਵੀ
ਦੇਖੇ ਮੰਗਦੇ ਬੇ-ਸ਼ੁਮਾਰ ਟੁਕੜੇ।
ਮੇਰੇ ਜਿਗਰ ਦਾ ਹੋਏਗਾ ਇਕ ਟੁਕੜਾ
ਉਹਦੇ ਜਿਗਰ ਦੇ ਹੋਣਗੇ ਚਾਰ ਟੁਕੜੇ।
ਟੁਕੜੇ ਹੋਣਗੇ ਦੋ ਚਮਕੌਰ ਅੰਦਰ
ਦੋ ਹੋਣਗੇ ਵਿਚ ਦੀਵਾਰ ਟੁਕੜੇ।
ਮੁਗ਼ਲਾ ਤੇਗ਼ ਬਹਾਦਰ ਹੈ ਨਾਂ ਮੇਰਾ
ਤੇਗ਼ਾਂ ਨਾਲ ਨਹੀਂ ਹੁੰਦਾ ਪਿਆਰ ਟੁਕੜੇ।
ਤੇਰੀ ਤੇਗ਼ ਧਰਾ ਕੇ ਸੀਸ 'ਤੇ ਮੈਂ
ਤੇਰੀ ਤੇਗ਼ ਦੇ ਕਰ ਦਊਂ ਹਜ਼ਾਰ ਟੁਕੜੇ!!
ਕੱਟਦਾ ਨਹੀਂ ਸੀ ਗ਼ਰੀਬਾਂ ਦਾ ਵਕਤ ਤਾਂ ਮੈਂ
ਦਿੱਲੀ ਸੀਸ ਕਟਾਉਣ ਲਈ ਆ ਗਿਆ ਹਾਂ।
ਮੋਏ ਹਿੰਦੁਸਤਾਨ 'ਚ ਜਿੰਦ ਪੈ ਜਾਏ
ਜਿੰਦ ਘੋਲ ਘੁਮਾਉਣ ਲਈ ਆ ਗਿਆ ਹਾਂ।
ਫੁੱਲ ਜਿਹੇ ਗੋਬਿੰਦ ਦੀ ਬਾਤ ਉੱਤੇ
ਮੈਂ ਤਾਂ ਫੁੱਲ ਚੜ੍ਹਾਉਣ ਲਈ ਆ ਗਿਆ ਹਾਂ।
ਮੇਰਾ ਬਚੇ ਨਾ ਬਚੇ ਬੇਸ਼ਕ ਕੁਝ ਵੀ
ਰੁੜ੍ਹਦਾ ਧਰਮ ਬਚਾਉਣ ਲਈ ਆ ਗਿਆ ਹਾਂ।
ਦਿੱਲੀ ਵਾਲਿਓ ਤੁਹਾਡੇ ਦਬਾਅ ਥੱਲੇ
ਜਜ਼ਬਾ ਸਿੱਖੀ ਪਿਆਰ ਦਾ ਦੱਬਣਾ ਨਹੀਂ।
ਮੇਰੇ ਲਹੂ ਦੀ ਰੋਹੜੂ ਝਨਾਂ ਅੰਦਰ
ਮੁਗ਼ਲ ਸ਼ਾਹੀ ਨੇ ਟੋਲਿਆਂ ਲੱਭਣਾ ਨਹੀਂ।
ਸਾਥੋਂ ਆਰਾ ਨਹੀਂ ਫਿਰਦਾ ਜੱਲਾਦ ਕਹਿੰਦੇ
ਸਾਡੇ ਸਾਹਮਣੇ ਨੂਰ ਕੋਈ ਛਾ ਗਿਆ ਏ।
ਤੇਰੀ ਹਿੱਕ ਨਹੀਂ ਧੜਕਦੀ ਕਾਜ਼ੀਆ ਉਏ
ਆਰਾ ਹਿੱਕ ਤੋਂ ਵੀ ਥੱਲੇ ਆ ਗਿਆ ਏ।
ਮਤੀ ਦਾਸ ਦੇ ਸੀਸ ਦਾ ਚੀਰ ਇਕੋ
ਚੀਰੇ ਜ਼ਾਲਮ ਹਕੂਮਤ ਨੂੰ ਪਾ ਗਿਆ ਏ।

ਇਹਨੂੰ ਆਰੇ ਕੀ ਖਾਣਾ ਸੀ ਹਾਏ! ਰੱਬਾ
ਇਹ ਤਾਂ ਆਰੇ ਨੂੰ ਚੀਰ ਕੇ ਖਾ ਗਿਆ ਏ।
ਖੋਪਰ ਚੀਰਦਾ ਚੀਰਦਾ ਜਦੋਂ ਆਰਾ
ਫਿਰਨ ਲੱਗ੍ਹਾ ਦਿਮਾਗ਼ ਦੇ ਤੰਦਿਆਂ 'ਤੇ।
ਗੁਰੂ ਤੇਗ਼ ਬਹਾਦਰ ਨੇ ਹੱਥ ਆ ਕੇ
ਰੱਖ ਦਿੱਤੇ ਸ਼ਹੀਦ ਦੇ ਕੰਧਿਆਂ 'ਤੇ।
ਕੌਣ ਕਾਲਜਾ ਕਰਕੇ ਸਮੇਰ ਜੇਡਾ
ਖ਼ੂਨੀ ਆਰੇ ਦੇ ਥੱਲੇ ਖਲੋ ਰਿਹਾ ਏ।
ਕਿਹਦੀ ਮਾਂਗ ਦਾ ਸੁਰਖ਼ ਸੰਧੂਰ ਹੈ ਜੋ
ਬਣ ਕੇ ਲਹੂ ਜ਼ਮੀਨ 'ਤੇ ਚੋ ਰਿਹਾ ਏ।
ਵਗਦਾ ਲਹੂ ਸ਼ਹੀਦਾਂ ਦੇ ਜਿਸਮ 'ਚੋਂ ਜਾਂ
ਆਰਾ ਲਹੂ ਦੇ ਅੱਥਰੂ ਰੋ ਰਿਹਾ ਏ।
ਮਤੀ ਦਾਸ ਦੋ-ਫਾੜ ਵੀ ਹੋ ਰਿਹਾ ਏ
ਜਪੁਜੀ ਸਾਹਿਬ ਦਾ ਪਾਠ ਵੀ ਹੋ ਰਿਹਾ ਏ।
ਜਦੋਂ ਭਾਈ ਦਿਆਲੇ ਦੇ ਵੱਲ ਗਏ
ਅੱਖਾਂ ਕੱਢਦਾ ਹੋਇਆ ਜੱਲਾਦ ਆਇਆ।
ਅੱਗੋਂ ਕਿਹਾ ਦਿਆਲੇ ਨੇ ਵੀਰਨਾ ਉਏ
ਅੱਜ ਵਰਗਾ ਨਹੀਂ ਕਦੇ ਸੁਆਦ ਆਇਆ।
ਜਿਹਦੇ ਆਸਰੇ ਹਿੰਦੋਸਤਾਨ ਉਭਰਿਆ
ਉਹਦੇ ਸੀਸ 'ਤੇ ਛੁਰਾ ਉਭਾਰਿਆ ਗਿਆ।
ਫੱਟ ਤੇਗ਼ ਬਹਾਦਰ ਨੂੰ ਮਾਰਿਆ ਕੀ
ਫੱਟ ਰੱਬ ਦੇ ਕਾਲਜੇ ਮਾਰਿਆ ਗਿਆ।
ਜੋ ਵੀ ਕੀਤਾ ਕਰੋਧ ਵਿਚ ਗਿਆ ਕੀਤਾ
ਨਾ ਕੁਝ ਸੋਚਿਆ ਗਿਆ ਨਾ ਵਿਚਾਰਿਆ ਗਿਆ।
ਉਤਰ ਗਿਆ ਕਸ਼ਮੀਰ ਦਾ ਕੁੱਲ ਕਰਜ਼ਾ
ਜਦੋਂ ਗੁਰਾਂ ਦਾ ਸੀਸ ਉਤਾਰਿਆ ਗਿਆ।
ਬਲੀਦਾਨ ਦਾ ਕਰੀਏ ਹਿਸਾਬ ਜੇਕਰ
ਜੱਗੋਂ ਵੱਖਰਾ ਹੈ ਬਲੀਦਾਨ ਤੇਰਾ।
ਰੁੜ੍ਹਦਾ ਹਿੰਦ ਦਾ ਧਰਮ ਬਚਾਉਣ ਵਾਲੇ
ਰਿਣੀ ਰਹੇਗਾ ਹਿੰਦੁਸਤਾਨ ਤੇਰਾ।

***

(25)

ਸ੍ਰੀ ਗੁਰੂ ਤੇਗ਼ ਬਹਾਦਰ

ਅੱਜ ਦਿੱਲੀ ਸ਼ਹਿਰ ਵਿਚ ਕੁਈ ਰੂਹ ਅਨੋਖੀ ਆਈ ਏ।
ਕਤਲਗਾਹ ਦੇ ਵਿਚ ਵੀ ਰੁਸ਼ਨਾਈ ਹੀ ਰੁਸ਼ਨਾਈ ਏ।

ਮੌਤ ਤੱਕ ਕੇ ਜ਼ਿੰਦਗੀ ਤਾਂ ਮੁਸਕ੍ਰਾਉਂਦੀ ਪਈ ਏ।
ਕਾਤਲਾ! ਤਲਵਾਰ ਤੇਰੀ ਥਰ-ਥਰਾਉਂਦੀ ਪਈ ਏ।

ਤੇਗ਼ ਦਾ ਇਹ ਧਨੀ ਹੈ ਤੇਗ਼ ਬਹਾਦਰ ਨਾਮ ਹੈ।
ਇਹ ਹਮੈਤੀ ਜੰਜੂਆਂ ਦਾ ਇਹਦੇ 'ਤੇ ਇਲਜ਼ਾਮ ਹੈ।

ਲਹੂ ਡੁੱਲ੍ਹਾ ਜਦੋਂ ਸਾਡੇ ਏਸ ਨਾਵੇਂ ਪੀਰ ਦਾ।
ਫ਼ੈਸਲਾ ਹੋ ਜਾਊ ਭਾਰਤ ਵਰਸ਼ ਦੀ ਤਕਦੀਰ ਦਾ।

ਗੁਰੂ ਨਾਨਕ ਦੀ ਸਿੱਖੀ ਵਿਚ ਵੱਖਰੀ ਹੀ ਲੋਰ ਹੈ।
ਆਸ਼ਕਾਂ ਦੇ ਮਰਨ ਦਾ ਏਥੇ ਤਰੀਕਾ ਹੋਰ ਹੈ।

ਕਤਲਗਾਹ ਵਿਚ ਜਦੋਂ ਕਾਤਲ ਤੇਗ਼ ਲੈ ਕੇ ਆਏਗਾ।
ਮਰਨ ਵਾਲਾ ਤੇਗ਼ ਦੀ ਧਾਰਾ 'ਤੇ ਲੁੱਡੀ ਪਾਏਗਾ।

ਐ ਔਰੰਗੇ ਤੂੰ ਤਾਂ ਜੜ੍ਹ ਅਖ਼ਲਾਕ ਵਾਲੀ ਵੱਢ ਕੇ।
ਨੈਣ ਆਪਣੇ ਪਿਉ ਦੇ ਤੂੰ ਨਸ਼ਤਰਾਂ ਨਾਲ ਕੱਢ ਕੇ।

ਅੰਨ੍ਹਾ ਕਰਕੇ ਬਾਪ ਨੂੰ ਤੂੰ ਰਾਜ ਗੱਦੀ ਪਾਈ ਏ।
ਸ਼ਰਮ ਤੇ ਅਖ਼ਲਾਕ ਨੂੰ ਵੀ ਬਹੁਤ ਸਾਰੀ ਆਈ ਏ।

ਮਗਰ ਅਜੇ ਤੂੰ ਤੇਗ਼ ਜਿਹੜੀ ਤੇਗ਼ ਉੱਤੇ ਚਾਈ ਏ।
ਇਨ ਤਾਂ ਸਾਰੇ ਵਿਸ਼ਵ ਦੇ ਵਿਚ ਰੌਸ਼ਨੀ ਫੈਲਾਈ ਏ।

ਇਹ ਪਿਆਲਾ ਮੌਤ ਦਾ ਜਦ ਮੁਸਕ੍ਰਾ ਕੇ ਪੀਏਗਾ।
ਦੇਸ਼ ਮੇਰਾ ਤਦੋਂ ਹੀ ਆਜ਼ਾਦ ਹੋ ਕੇ ਜੀਏਗਾ।

ਓ ਆਰਿਆ ਹਤਿਆਰਿਆ ਓ ਭਵਜਲਾਂ ਤੋਂ ਭਾਰਿਆ।
ਆਸ਼ਕਾਂ ਨੂੰ ਚੀਰਦੈ ਇਹ ਕਹਿਰ ਕੀ ਤੂੰ ਮਾਰਿਆ।

ਪਾਪ ਨਾਲੋਂ ਪੀਡਿਆ ਤੇ ਮੌਤ ਨਾਲੋਂ ਤਿੱਖਿਆ।
ਸਿੱਖ ਦਾ ਸਿਰ ਚੀਰ ਦੇਣਾ ਕਿਹਦੇ ਕੋਲੋਂ ਸਿੱਖਿਆ।

ਇਹ ਤਾਂ ਮਤੀ ਦਾਸ ਹੈ ਭਗਤੀ ਦੇ ਅੰਦਰ ਮਤਿਆ।
ਇਹਦੇ ਵਿਚ ਹੈ ਸੱਤ ਦੀ ਤੇ ਸੁਖਮਨੀ ਦੀ ਸਤਿਆ।

ਓਹ ਆਰਿਆ ਤੂੰ ਚੀਰ ਇਹਦੇ ਸੀਸ ਉੱਤੇ ਪਾਏਂਗਾ।
ਅੱਗ ਵਰਗੇ ਲਹੂ ਦੇ ਵਿਚ ਭਸਮ ਨਾ ਹੋ ਜਾਏਂਗਾ।

ਇਕ ਕਾਤਲ ਤੜਫ ਉਠਿਆ ਓ ਜੱਲਾਦੋ ਵੀਰਨੋਂ।
ਸੀਸ ਚਿਰ ਗਿਆ ਹਿੱਕ ਚਿਰ ਗਈ ਬੰਦ ਹੋ ਜਾਓ ਚੀਰਨੋਂ।

ਦਿਲ ਨ ਚੀਰੋ ਅਗਾਂਹ ਇਹ ਤਾਂ ਜ਼ੁਲਮ ਦੀ ਅਖ਼ੀਰ ਹੈ।
ਇਹਦੇ ਦਿਲ ਵਿਚ ਗੁਰੂ ਨਾਨਕ ਸਾਹਿਬ ਦੀ ਤਸਵੀਰ ਹੈ।

ਲਾਲ ਸੂਹੇ ਲਹੂ 'ਚੋਂ ਆਵਾਜ਼ ਆਈ ਗਰਜ ਦੀ।
ਓ ਜੱਲਾਦੋ ਕਿਉਂ ਕੁਤਾਹੀ ਕਰ ਰਹੇ ਹੋ ਫ਼ਰਜ਼ ਦੀ।

ਸਿਰ ਵੀ ਚੀਰੋ ਜਿਗਰ ਚੀਰੋ ਹਿੱਕ ਚੀਰੋ ਖੁੱਲ੍ਹ ਹੈ।
ਆਸ਼ਕਾਂ 'ਤੇ ਤਰਸ ਖਾਣਾ ਇਹ ਸ਼ਰ੍ਹਾ ਦੀ ਭੁੱਲ ਹੈ।

ਸਿੱਖ ਦਾ ਦਿਲ ਜ਼ਾਲਮੋਂ ਦੋ-ਫਾੜ ਵੀ ਹੋ ਜਾਏਗਾ।
ਇਹਦੇ 'ਚੋਂ ਵੀ ਗੁਰੂ ਨਾਨਕ ਸਾਫ਼ ਨਜ਼ਰੀਂ ਆਏਗਾ।

ਜ਼ਾਲਮਾਂ ਨੇ ਪੁੱਛਿਆ ਕੀ ਨੀਂਦ ਆਉਂਦੀ ਪਈ ਏ।
ਬੋਲਦਾ ਨਹੀਂ ਜੀਭ ਤੇਰੀ ਚੁੱਪ ਕਿਉਂ ਹੋ ਗਈ ਏ।

ਹਾਂ ਦਿਆਲਾ ਗਰਜਿਆ ਇਹ ਗੱਲ ਕਿਹੜੀ ਕਹੀ ਏ।
ਮੈਂ ਨਹੀਂ ਠੰਢਾ ਪਿਆ ਤੁਹਾਡੀ ਤੇਗ਼ ਠੰਢੀ ਪਈ ਏ।

ਹਾਂ ਮਤੀ ਦਾਸ ਆਪਣੇ ਸਤਿਗੁਰਾਂ ਤੋਂ ਸਤੀ ਏ।
ਆਸ਼ਕਾਂ ਦੀ ਬੱਸ ਏਸੇ ਗੱਲ ਦੇ ਵਿਚ ਗਤੀ ਏ।

ਮੂੰਹ ਨਾਵੇਂ ਪਾਤਸ਼ਾਹ ਨੇ ਚੁੰਮਿਆ ਸ਼ਮਸ਼ੀਰ ਦਾ।
ਸੀਸ ਲੱਥਾ! ਕੁੱਲ ਕਰਜ਼ਾ ਲਹਿ ਗਿਆ ਕਸ਼ਮੀਰ ਦਾ।

ਲਹੂ ਦੇ ਕੇ ਜ਼ੁਲਮ ਦੀ ਜਿਨ ਅੱਗ ਠੰਢੀ ਪਾਈ ਏ।
ਭੌਵਣਾਂ ਦੀ ਤਾਰ ਉਹਦੇ ਚਰਨ ਚੁੰਮਣ ਆਈ ਏ।

ਸਤਿਗੁਰਾਂ ਦਾ ਧੜ ਤਾਂ ਲੱਖੀ ਸ਼ਾਹ ਦੇ ਲੇਖੇ ਪੈ ਗਿਆ।
ਸੀਸ ਦਸਵੇਂ ਪਾਤਸ਼ਾਹ ਵੱਲ ਭਾਈ ਜੈਤਾ ਲੈ ਗਿਆ।

ਅਸਤੀਆਂ ਦਾ ਪਿੰਜਰਾ ਸੀ ਖੋ ਗਿਆ ਬੱਸ ਖੋ ਗਿਆ।
ਰੂਹ ਦਾ ਪਰਵੇਸ਼ ਵੀ ਨਾਨਕ ਦੀ ਰੂਹ ਵਿਚ ਹੋ ਗਿਆ।

ਓ ਮੂੰਹਾਂ ਦੇ ਗੋਰਿਓ ਤੇ ਦਿਲਾਂ ਦੇ ਕਾਲਿਓ।
ਮੇਰੇ ਨਾਵੇਂ ਪਾਤਸ਼ਾਹ ਦਾ ਸੀਸ ਕੱਟਣ ਵਾਲਿਓ।

ਸਤਿਗੁਰਾਂ ਦੀ ਅਰਸ਼ 'ਤੇ ਵੀ ਖ਼ੂਬ ਜੈ ਜੈ ਕਾਰ ਹੈ।
ਤੁਸਾਂ ਦੇ ਤਾਂ ਮੂੰਹ 'ਤੇ ਫਿਟਕਾਰ ਹੀ ਫਿਟਕਾਰ ਹੈ।

ਨਾਮ ਨਾਵੇਂ ਪਾਤਸ਼ਾਹ ਦਾ ਹਸ਼ਰ ਤੀਕਰ ਰਹੇਗਾ।
ਨਹੀਂ ਜਨੇਊ ਪੰਡਤਾਂ ਦੇ ਗਲੇ ਵਿਚੋਂ ਲਹੇਗਾ।

***

ਗੁਰੂ ਗੋਬਿੰਦ ਸਿੰਘ

ਜੱਗ ਵਿਚ ਆਏ ਗੁਰੂ ਗੋਬਿੰਦ ਸਿੰਘ ਜੱਗ ਵਿਚ ਜਗਮਗ ਜਗਮਗ ਹੋਈ।
ਅੱਜ ਪਟਨੇ ਦੀਆਂ ਗਲੀਆਂ ਅੰਦਰ ਖ਼ੁਸ਼ੀਆਂ ਦੀ ਖਿੰਡ ਗਈ ਖ਼ੁਸ਼ਬੋਈ।

ਚੰਨ ਸਿਤਾਰੇ ਖਿੜ ਖਿੜ ਹੱਸੇ ਅੰਬਰ ਨੇ ਲੱਖ ਸ਼ਗਨ ਮਨਾਇਆ।
ਧਰਤੀ ਮਾਤਾ ਆਪਣੀ ਕੁੱਖੋਂ ਆਪਣਾ ਦਰਦੀ ਆਪੇ ਜਾਇਆ।

ਸਤਿਗੁਰ ਤੇਗ਼ ਬਹਾਦਰ ਦੇ ਘਰ ਵੱਜਣ ਵਾਜੇ ਤੇ ਸ਼ਹਿਨਾਈਆਂ।
ਦੂਰ ਦੂਰ ਤੋਂ ਸੰਗਤਾਂ ਆਈਆਂ ਗੁਜਰੀ ਜੀ ਨੂੰ ਮਿਲਣ ਵਧਾਈਆਂ।

ਅੱਜ ਦਾ ਸਾਨੂੰ ਵਾਰ ਸੁਭਾਗਾ ਅੱਜ ਦੀ ਸਾਨੂੰ ਘੜੀ ਸੁਲੱਖਣੀ।
ਖ਼ੁਸ਼ੀਆਂ 'ਨਾ ਭਰਪੂਰ ਹੋਈ ਏ ਭਾਰਤ ਮਾਂ ਦੀ ਝੋਲੀ ਸੱਖਣੀ।

ਧਰਮ ਰਾਜ ਵੀ ਅੰਬਰ ਉੱਤੇ ਏਸ ਤਰ੍ਹਾਂ ਦੀ ਖ਼ੁਸ਼ੀ ਮਨਾਈ।
ਦੋਜ਼ਖ਼ ਦੇ ਵੀ ਹਰ ਕੈਦੀ ਨੂੰ ਅੱਧੀ ਦਿੱਤੀ ਗਈ ਰਿਹਾਈ।

ਅੱਜ ਪੂਰਬ ਦੀਆਂ ਵਾਵਾਂ ਵਿਚੋਂ ਖ਼ੁਸ਼ੀਆਂ ਭਰੀ ਸੁਗੰਧੀ ਆਏ।
ਅੱਜ ਪਟਨੇ ਦੀ ਧਰਤੀ ਉੱਤੇ ਦੇਵਤਿਆਂ ਨੇ ਫੁੱਲ ਬਰਸਾਏ।

ਸਯਦ ਭੀਖਮ ਸ਼ਾਹ ਪੀਰ ਵੀ ਇਕ ਅਨੋਖੀ ਬਾਤ ਵਿਚਾਰੀ।
ਲਹਿੰਦਾ ਪਾਸਾ ਛੱਡ ਕੇ ਉਸਨੇ ਚੜ੍ਹਦੇ ਵੱਲ ਨਮਾਜ਼ ਗੁਜ਼ਾਰੀ।

ਨੀਲੇ ਦੇ ਕਦਮਾਂ ਨਾਲ ਛੋਹ ਕੇ ਮਿੱਟੀ ਦੀ ਤਾਸੀਰ ਬਦਲ ਗਈ।
ਕਲਗੀ ਦੀ ਇਕ ਝਲਕ ਪੈਂਦਿਆਂ ਭਾਰਤ ਦੀ ਤਕਦੀਰ ਬਦਲ ਗਈ।

ਮੋਈ ਹੋਈ ਮਨੁੱਖਤਾ ਜਾਗੀ ਧਰਤੀ ਤੇ ਆਕਾਸ਼ ਜਾਗਿਆ।
ਹਿੰਮਤ ਜਾਗੀ ਸਾਹਸ ਜਾਗਿਆ ਨਿਰਬਲ ਦਾ ਧਰਵਾਸ ਜਾਗਿਆ।

ਸੰਖਾਂ ਦੀ ਆਵਾਜ਼ ਜਾਗ ਪਈ ਮੋਏ ਹੋਏ ਘੜਿਆਲ ਜਾਗ ਪਏ।
ਬੋਲੇ ਸੋ ਨਿਹਾਲ ਜਾਗ ਪਏ ਸਤਿ ਸ੍ਰੀ ਅਕਾਲ ਜਾਗ ਪਏ।

ਸੰਧਿਆ ਜਾਗੀ ਪੂਜਾ ਜਾਗੀ ਪੂਜਾ ਦਾ ਸਾਮਾਨ ਜਾਗਿਆ।
ਮੂਰਤੀਆਂ ਦੇ ਵਿਚ ਲੁਕ ਕੇ ਸੁੱਤਾ ਪੱਥਰ ਦਾ ਭਗਵਾਨ ਜਾਗਿਆ।

ਬੇ ਓਟੇ ਸਨ ਲੋਕੀਂ ਜਿਹੜੇ ਲੈ ਕੇ ਉਹਦੀ ਓਟ ਜਾਗ ਪਏ।
ਗੁਰੂ ਗੋਬਿੰਦ ਸਿੰਘ ਆਇਆ ਸੁਣ ਕੇ ਆਲ੍ਹਣਿਆਂ ਵਿਚ ਬੋਟ ਜਾਗ ਪਏ।

ਪੰਡਤ ਜੀ ਨੇ ਤਿਲਕ ਲਗਾਇਆ ਬਾਟੇ ਵਿਚ ਸੰਧੂਰ ਘੋਲਿਆ।
ਸਦੀਆਂ ਮਗਰੋਂ ਪਹਿਲੀ ਵਾਰੀ ਪੱਥਰ ਦਾ ਭਗਵਾਨ ਬੋਲਿਆ।

ਓ ਕਸ਼ਮੀਰ ਦੇ ਦੁਖੀ ਪੰਡਤੋ ਧਰਮ ਦਾ ਝੰਡਾ ਝੁੱਲ ਪਵੇਗਾ।
ਅੱਜ ਤੁਹਾਡੇ ਸਿੱਧੇ ਹੋਏ ਅੱਥਰੂਆਂ ਦਾ ਮੁੱਲ ਪਵੇਗਾ।

ਸਤਿਗੁਰ ਸ਼ਕਤੀ ਪੈਦਾ ਕੀਤੀ ਤੇਜ਼ ਧਾਰ ਕਿਰਪਾਨ ਦੇ ਵਿੱਚੋਂ।
ਪੁੱਟ ਦਿੱਤੇ ਉਨ ਪਾਪ ਦੇ ਤੰਬੂ ਸਾਰੇ ਹਿੰਦੋਸਤਾਨ ਦੇ ਵਿੱਚੋਂ।

ਬਾਈਧਾਰ ਦੇ ਲੋਭੀ ਰਾਜੇ ਜੀਊਂਦੇ ਸਨ ਜ਼ਮੀਰੋਂ ਮੋਏ।
ਆਪਣੀਆਂ ਗੱਦੀਆਂ ਦੀ ਖ਼ਾਤਿਰ ਹੈਸਨ ਪੰਥ ਵਿਰੋਧੀ ਹੋਏ।

ਬਾਈਧਾਰ ਦੇ ਲੋਭੀ ਰਾਜੇ ਧਰਮ ਯੁੱਧ ਵਿਚ ਧਾ ਕੇ ਮਾਰੇ।
ਖ਼ਾਨ ਵਜ਼ੀਦੇ ਵਰਗੇ ਪਾਪੀ ਬੰਦੇ ਨੇ ਪਟਕਾ ਕੇ ਮਾਰੇ।

ਐਸੀ ਮਾਰ ਸਿੰਘਾਂ ਨੇ ਮਾਰੀ ਐਸੇ ਤੀਰ ਟਿਕਾ ਕੇ ਮਾਰੇ।
ਕਬਰਾਂ ਦੇ ਵਿਚ ਸੁੱਤੇ ਦੁਸ਼ਮਣ ਦੋਹਰੀ ਵਾਰ ਜਗਾ ਕੇ ਮਾਰੇ।

ਲੋੜ ਪੈਣ 'ਤੇ ਹਰ ਇਕ ਸੂਰਾ ਸੀਸ ਤਲੀ 'ਤੇ ਧਰ ਸਕਦਾ ਹੈ।
ਕੌਣ ਗੁਰੂ ਗੋਬਿੰਦ ਸਿੰਘ ਵਰਗੀ ਪਰ ਕੁਰਬਾਨੀ ਕਰ ਸਕਦਾ ਹੈ।

***

ਦਸਮੇਸ਼ ਆਗਮਨ

ਆ ਗਿਆ ਦਸਮੇਸ਼ ਪਟਨੇ ਸ਼ਹਿਰ ਦੇ ਵਿਚ ਆ ਗਿਆ
ਦੀਦਿਆਂ ਨੂੰ ਸਿੱਕ ਚਿਰ ਤੋਂ ਸੀ ਜਿਹਦੇ ਦੀਦਾਰ ਦੀ।
ਆ ਗਿਆ ਲੋਹੇ ਦੇ ਬਾਟੇ ਵਿਚ ਲੈ ਕੇ ਜ਼ਿੰਦਗੀ
ਜਨਮ ਸਫ਼ਲਾ ਕਰੋ ਪੀਵੋ ਪਹੁਲ ਖੰਡੇਧਾਰ ਦੀ।
ਹੈ ਹਜ਼ਾਰਾਂ ਪਤਝੜਾਂ ਦੇ ਬਾਅਦ ਗੁਲਸ਼ਨ ਮੌਲਿਆ
ਫੁੱਲ ਖਿੜ ਖਿੜ ਹੱਸ ਪਏ ਪਰ ਕਲੀ ਵੀ ਮੁਸਕਾਈ ਏ।
ਹੁਣ ਨਾ ਫਾਹੀਆਂ ਗੱਡਿਉ ਗੁਲਜ਼ਾਰ ਦੇ ਵਿਚ ਫਾਧਕੋ
ਇਕ ਤੇਗ਼ ਲੱਖਾਂ ਫਾਧਕਾਂ ਦੀ ਮੌਤ ਲੈ ਕੇ ਆਈ ਏ।
ਇਹ ਰੌਸ਼ਨੀ ਹਾਂ ਰੌਸ਼ਨੀ ਮਨੁੱਖਤਾ ਦੀ ਰੌਸ਼ਨੀ
ਇਹ ਨੂਰ ਪੈਦਾ ਕਰੇਗੀ ਤੇ ਨ੍ਹੇਰਿਆਂ ਨੂੰ ਖਾਏਗੀ।
ਇਕ ਬੂੰਦ ਅੰਮ੍ਰਿਤ ਦੀ ਜੇ ਮਿਲ ਗਈ ਸਰਬ ਲੋਹ ਦੇ ਬਾਟਿਉਂ
ਹਰ ਚਿੜੀ ਦੇ ਖੰਭ ਦੀ ਤਲਵਾਰ ਬਣ ਕੇ ਆਏਗੀ।
ਹਾਂ ਬੋਲਿਆ ਕਸ਼ਮੀਰ ਦੇ ਪੰਡਤੋ ਸੁਣੋ ਕੁਈ ਬੋਲਿਆ
ਮੈਂ ਬਿਫ਼ਰੇ ਹੋਏ ਜ਼ਾਲਮਾਂ ਨੂੰ ਮੱਤ ਦੇਣੀ ਜਾਣਨਾ।
ਸੰਧੂਰ ਭਾਰਤ ਮਾਂ ਦੇ ਕੇਸ਼ਾਂ 'ਚ ਬੇਸ਼ਕ ਹੈ ਨਹੀਂ
ਮੈਂ ਕਲੇਜੇ ਦੀ ਵਤਨ ਨੂੰ ਰੱਤ ਦੇਣੀ ਜਾਣਨਾ।
ਇਕ ਵਾਰ ਟੁੱਟੇ ਜੰਜੂਆਂ ਨੂੰ ਕਰੋ 'ਕੱਠੇ ਦੇਖ ਲਾਂ
ਮੈਂ ਆਂਦਰਾਂ ਦੀ ਗੰਢ ਲਾ ਕੇ ਜੋੜ ਸਕਦਾਂ ਕਿ ਨਹੀਂ।
ਮੈਂ ਤੇਗ਼ ਬਾਪੂ ਦਾ ਪਵਿੱਤਰ ਖ਼ੂਨ ਦੇ ਕੇ ਵਤਨ ਨੂੰ
ਕਿਸੇ ਖ਼ੂਨੀ ਤੇਗ਼ ਦਾ ਮੂੰਹ ਮੋੜ ਸਕਦਾਂ ਕਿ ਨਹੀਂ।
ਹਾਂ ਜੇ ਪੀ ਲਈ ਖ਼ਾਲਸੇ ਨੇ ਪਹੁਲ ਖੰਡੇਧਾਰ ਦੀ
ਚੰਗਿਆੜੀਆਂ ਦੇ ਵਾਂਗ ਜਜ਼ਬੇ ਤੇਗ਼ ਵਿਚੋਂ ਝੜਨਗੇ।
ਇਹ ਜਨੇਊ ਮੋਏ ਨਹੀਂ ਕੋਈ ਵਕਤ ਐਸਾ ਆਏਗਾ
ਇਹ ਸੱਪ ਬਣਕੇ ਜ਼ਾਲਮਾਂ ਦੀ ਜੀਭ ਉੱਤੇ ਲੜਨਗੇ।

ਧਰੂ ਤਾਰਾ ਧਰਮ ਦਾ ਸਾਹਿਬ ਗੁਰੂ ਗੋਬਿੰਦ ਸਿੰਘ
ਚੰਨ ਲੱਖਾਂ ਜਿਹਦੇ ਮੈਂ ਦੇਖੇ ਚੁਗਿਰਦੇ ਘੁੰਮਦੇ।
ਇਕ ਬੂੰਦ ਅੰਮ੍ਰਿਤ ਦੀ ਮੁਯੱਸਰ ਹੋ ਨਾ ਸਕੀ
ਕਈ ਸ਼ਿਵ ਜੀ ਤਰਸਦੇ ਰਹਿ ਗਏ ਦਲ੍ਹੀਜਾਂ ਚੁੰਮਦੇ।
ਤਲਵਾਰ ਚਮਕੀ ਜਦੋਂ ਆ ਚਮਕੌਰ ਵਿਚ ਦਸਮੇਸ਼ ਦੀ
ਬਿਜਲੀਆਂ ਦੀ ਚਮਕ ਨੂੰ ਵੀ ਮਾਤ ਪਾਉਂਦੀ ਚਲੀ ਗਈ।
ਇਹ ਚੰਡਕਾ ਦਸਮੇਸ਼ ਦੀ ਚਾਨਣ ਫੈਲਾਉਂਦੀ ਚਲੀ ਗਈ।
ਤੇ ਦੁਸ਼ਮਣਾਂ ਦੇ ਦਲਾਂ ਦੇ ਵਿਚ ਰਾਤ ਪਾਉਂਦੀ ਚਲੀ ਗਈ।
ਇਹ ਤਬਾਹੀ ਜਾਂ ਇਹ ਪਰਲੈ ਜਾਂ ਕਿਆਮਤ ਆਖੀਏ
ਇਹ ਜੀਭ ਮਹਾਂ ਕਾਲਕਾ ਦੀ ਕਾਲ ਦਾ ਵੀ ਕਾਲ ਸੀ।
ਇਹ ਜ਼ਿੰਦਗੀ ਸੀ ਵਤਨ ਲਈ ਤੇ ਦੁਸ਼ਮਨਾਂ ਲਈ ਮੌਤ ਸੀ
ਇਹ ਤੇਗ਼ ਜ਼ਾਲਮ ਲਈ ਸੀ ਮਜ਼ਲੂਮ ਦੇ ਲਈ ਢਾਲ ਸੀ।
ਇਹ ਨਿਰੀ ਟਿੱਕੀ ਚੰਨ ਦੀ ਭਾਰਤ ਨੂੰ ਚਾਨਣ ਬਖ਼ਸ਼ ਗਈ
ਤੇ ਨ੍ਹੇਰ ਪਾਉਂਦੇ ਸੂਰਜਾਂ ਦਾ ਰੁਗ ਭਰ ਕੇ ਖਾ ਗਈ।
ਇਹ ਰੱਤ ਕੀ ਛਿੜਕਾ ਗਈ ਮੈਦਾਨ ਦੇ ਵਿਚ ਖ਼ਾਲਸਾ ਜੀ
ਇਕ ਮੋਈ ਕੌਮ ਉੱਤੇ ਜ਼ਿੰਦਗੀ ਛਿੜਕਾ ਗਈ।
ਹੈ ਕੁਈ ਦਾਦੀ ਅੱਜ ਜਿਹਦੇ ਪੋਤਿਆਂ ਨੂੰ ਪਕੜ ਕੇ
ਐਨ ਅੱਖਾਂ ਸਾਹਮਣੇ ਦੀਵਾਰ ਵਿਚ ਚਿਣਿਆ ਜਾਏ।
ਕੰਧ ਮਿਣਦੇ ਜ਼ਾਲਮੋਂ! ਆਪਣਾ ਵੀ ਮੇਚਾ ਦੇ ਦਿਉ
ਕੱਫਣ ਤੁਹਾਡਾ ਵੀ ਤੁਹਾਡੇ ਮੇਚ ਦਾ ਮਿਣਿਆ ਜਾਏ।
ਅਜੀਤ ਕੀਕੂੰ ਜਿੱਤਿਆ ਜੁਝਾਰ ਕੀਕੂੰ ਜੂਝਿਆ
ਇਹ ਅੰਦਾਜ਼ਾ ਫਲਕ ਤੋਂ ਲਾਇਆ ਨਹੀਂ ਜਾਂਦਾ।
ਤੂੰ ਵਤਨ ਦੀ ਪੱਤ ਰੱਖੀ ਐ ਗੁਰੂ ਗੋਬਿੰਦ ਸਿੰਘ
ਇਹ ਗੀਤ ਗ਼ਮ ਦੇ ਸਾਜ਼ 'ਤੇ ਗਾਇਆ ਨਹੀਂ ਜਾਂਦਾ।
ਧੰਨ ਧੰਨ ਹੈ ਮਾਤਾ ਗੁਜਰੀ ਧੰਨ ਨੌਵਾਂ ਪਾਤਸ਼ਾਹ
ਧੰਨ ਗੁਰੂ ਗੋਬਿੰਦ ਸਿੰਘ ਆਵਾਜ਼ ਆਉਂਦੀ ਰਹੇਗੀ।
ਧਰਤ ਤੇ ਆਕਾਸ਼ 'ਸਫ਼ਰੀ' ਜਦੋਂ ਤੀਕਰ ਕਾਇਮ ਨੇ
ਇਹ ਸੁਭਾਗੀ ਹਿੰਦ ਉਸ ਦੇ ਗੀਤ ਗਾਉਂਦੀ ਰਹੇਗੀ।

***

28

ਮਾਤਾ ਗੁਜਰੀ ਜੀ

ਮਾਤਾ ਗੁਜਰੀ ਦੇ ਕੋਲ ਭੱਜਾ ਭੱਜਾ
ਇਕ ਗਇਆਂ ਜੱਲਾਦ ਤੇ ਕਹਿਣ ਲੱਗਾ।
ਇਕ ਜੋੜਾ ਮਾਸੂਮਾਂ ਦਾ ਰਹਿ ਗਿਆ ਸੀ
ਅੱਜ ਜਾਪਦਾ ਉਹ ਵੀ ਨੀ ਰਹਿਣ ਲੱਗਾ।
ਵੱਡੇ ਪੋਤਰੇ ਦਾਦੇ ਦੇ ਮਗਰ ਤੁਰ ਗਏ
ਛੋਟੇ ਆਸਰਾ ਸਨ ਉਹ ਵੀ ਢਹਿਣ ਲੱਗਾ।
ਬੈਠ 'ਨ੍ਹੇਰੇ 'ਚ ਅੰਮੀਏ ਅੱਜ ਤੇਰੇ
ਪੂਰੇ ਚੰਦ ਨੂੰ ਲੱਗਣ ਗ੍ਰਹਿਣ ਲੱਗਾ।

ਬੇਟਾ ਲਾ-ਪਤਾ ਏ ਅੱਗੋਂ ਦੇਖ ਕਿਸਮਤ
ਤੇਰੇ ਬੇਟੇ ਦੇ ਬੇਟੇ ਔਹ ਜਾ ਰਹੇ ਨੇ।
ਰੇਸ਼ਮ ਵਿਚ ਲਪੇਟ ਕੇ ਰੱਖਦੀ ਸੈਂ
ਇੱਟਾਂ ਵਿਚ ਲਪੇਟੇ ਔਹ ਜਾ ਰਹੇ ਨੇ।

ਜੇ ਮੈਂ ਜ਼ਰਾ ਵੀ ਅੰਮੀਏ ਝਿਜਕਿਆ ਤਾਂ
ਮੈਨੂੰ ਮੇਰਿਆਂ ਮਾਲਕਾਂ ਝਿੜਕਣਾ ਏਂ।
ਇੱਟਾਂ ਭਾਰੀਆਂ ਨੇ ਜਿੰਦਾਂ ਹਲਕੀਆਂ ਨੇ
ਇਹਨਾਂ ਡੋਲਣਾ ਕੰਬਣਾ ਥਿੜਕਣਾ ਏਂ।
"ਪਾਣੀ" ਕਿਹਾ ਮਾਸੂਮਾਂ ਨੇ ਸਹਿਮ ਕੇ ਤਾਂ
ਤੇਰੇ ਦੀਦਿਆਂ ਨੇ ਲਹੂ ਛਿੜਕਣਾ ਏਂ।
ਲਾ ਲੈ ਕਾਲਜੇ 'ਨਾ ਜਾ ਕੇ ਬੱਚਿਆਂ ਨੂੰ
ਤੇਰਾ ਫੇਰ ਜੂ ਕਾਲਜਾ ਤਿੜਕਣਾ ਏਂ।

ਮੇਰਾ ਦਿਲ ਗਵਾਹ ਹੈ ਅੱਜ ਜੇਕਰ
ਤੁਹਾਡੀ ਜ਼ਾਮਨੀ ਦੇ ਕੁਈ ਸ਼ਖ਼ਸ ਦੇਵੇ।
ਸੂਬਾ ਬੁੱਢੜੀ ਮਾਂ 'ਤੇ ਤਰਸ ਖਾ ਕੇ
ਖ਼ਬਰੇ ਭੁੱਲ ਮਾਸੂਮਾਂ ਦੀ ਬਖ਼ਸ਼ ਦੇਵੇ।

ਬੁੱਢੀ ਮਾਂ ਨੂੰ ਬੁਰਜ ਦੀ ਕੈਦ ਅੰਦਰ
ਜਦੋਂ ਏਦਾਂ ਦਾ ਸੁਖ ਸੁਨੇਹਾ ਆਇਆ।
ਉਹਦੇ ਚਿਹਰੇ ਦੀਆਂ ਝੁਰੜੀਆਂ ਭੜਕ ਉਠੀਆਂ
ਹਿਰਦੇ ਵਿਚ ਉਬਾਲ ਅਜਿਹਾ ਆਇਆ।

ਬੈਠੀ ਜ਼ਿੰਦਗੀ ਪੁੱਛਦੀ ਜ਼ਿੰਦਗੀ ਨੂੰ
ਸਮਾਂ ਜ਼ਿੰਦਗੀ ਵਿਚ ਇਹ ਕੇਹਾ ਆਇਆ।
ਇਹ ਦਸਮੇਸ਼ ਦੀ ਮਾਂ ਏਂ ਸੂਬ੍ਹਾ ਜਿਹਨੂੰ
ਪਿਆਲਾ ਪਾਣੀ ਦਾ ਤੇ ਟੁੱਕਰ ਬੇਹਾ ਆਇਆ।

ਕਹਿਣ ਲੱਗੀ ਜੱਲਾਦ ਨੂੰ ਜੀ ਸਦਕੇ
ਏਥੋਂ ਤਿਕ ਤੂੰ ਆਇਆ ਏਂ ਜੀ ਸਦਕੇ।
ਮੇਰੇ ਨੈਣਾਂ 'ਚ ਨਮੀਂ ਲਿਆਉਣ ਖ਼ਾਤਿਰ
ਨਵੀਂ ਖ਼ਬਰ ਲਿਆਇਆ ਏਂ ਜੀ ਸਦਕੇ।

ਹੁਕਮ ਮੰਨਦਾ ਏਂ ਤੈਨੂੰ ਕੌਣ ਕਹਿੰਦਾ
ਬੇ-ਘਿਣਿਆਂ ਕਰੀ ਬੇ-ਘਿਣੀ ਜਾਨੈਂ।
ਕੰਧ ਮਿਣੀ ਜਾਨੈਂ ਵਾਰ ਵਾਰ ਜਿਹੜੀ
ਕਫ਼ਨ ਮੁਗ਼ਲ ਹਕੂਮਤ ਦਾ ਮਿਣੀ ਜਾਨੈਂ।
ਕਹਿਨੈਂ ਕਾਲਜੇ 'ਨਾ ਲਾ ਲਾਂ ਬੱਚਿਆਂ ਨੂੰ
ਮਿਹਰਬਾਨੀਆਂ ਦੀ ਗਿਣਤੀ ਗਿਣੀ ਜਾਨੈਂ।
ਮੇਰਾ ਕਾਲਜਾ ਬੀਬਿਆ ਇੱਟ ਹੈ ਸੋ
ਇੱਟਾਂ ਵਿਚ ਤਾਂ ਲਾਲਾਂ ਨੂੰ ਚਿਣੀ ਜਾਨੈਂ।

ਮਸਾਂ ਰਾਜ ਦਰਬਾਰ ਵਿਚ ਕੰਮ ਲੱਭਾ
ਇਹੁ ਜੇਹੀ ਮਜ਼ੂਰੀ ਕਿਉਂ ਛੱਡ ਆਇਉਂ।
ਜਿੱਥੇ ਸਿੱਖੀ ਦੇ ਮਹਿਲ ਦੀ ਛੱਤ ਪੈਣੀ
ਉਹ ਦੀਵਾਰ ਅਧੂਰੀ ਕਿਉਂ ਛੱਡ ਆਇਉਂ।

ਪਰਤ ਗਿਆ ਜੱਲਾਦ ਫਿਰ ਦੁਖੀ ਹੋ ਕੇ
ਖ਼ੂਨੀ ਕੰਧ ਉੱਤੇ ਇੱਟਾਂ ਲਾਉਣ ਲੱਗਾ।
ਅੰਬਰ ਵਿਚ ਕਹਾਰੀ ਦੇ ਛੇਕ ਪੈ ਗਏ।
ਸੀਨਾ ਪ੍ਰਿਥਵੀ ਦਾ ਥਰ-ਥਰਾਉਣ ਲੱਗਾ।
ਫ਼ਤਿਹ ਸਿੰਘ ਮਾਸੂਮ ਦੇ ਮੂੰਹ ਉੱਤੇ
ਜਦੋਂ ਰੱਦਾ ਅਖ਼ੀਰਲਾ ਆਉਣ ਲੱਗਾ।
ਪੱਜ਼ ਗਾਰੇ ਦੇ ਫੇਰ ਜੱਲਾਦ ਭੱਜਾ
ਮਾਤਾ ਗੁਜਰੀ ਤਾਈਂ ਸੁਨਾਉਣ ਲੱਗਾ।

"ਮਾਤਾ ਗੁਜਰੀਏ ਕਿਹੁ ਜਿਹੀ ਗੁਜ਼ਰਦੀ ਏ"
ਦੋ ਜਿੰਦਾਂ ਪਿਆਰੀਆਂ ਗੁਜ਼ਰ ਗਈਆਂ।
ਗਇਆ ਗੁਜ਼ਰਿਆ ਸ਼ਹਿਰ ਵੀ ਆਖਦਾ ਏ
ਗੁਜਰੀ ਉੱਤੇ ਕਹਾਰੀਆਂ ਗੁਜ਼ਰ ਗਈਆਂ।

ਮਾਤਾ ਗੁਜਰੀ ਅੱਗੋਂ ਜਵਾਬ ਦਿੱਤਾ
ਮੇਰਾ ਨਾਂ ਗੁਜ਼ਰੀ ਮੇਰੀ ਅੱਲ ਗੁਜਰੀ।
ਇਹੁ ਜਿਹੀ ਕਹਾਰੀ ਤਾਂ ਮੇਰੇ ਉੱਤੇ
ਘੜੀ ਘੜੀ ਗੁਜਰੀ ਪਲ ਪਲ ਗੁਜਰੀ।
ਪਹਿਲਾਂ ਪਤੀ ਦਿੱਤਾ ਫਿਰ ਮੈਂ ਪੋਤੇ ਦਿੱਤੇ
ਆ ਹੁਣ ਮੌਤ ਮੈਨੂੰ ਕਹਿੰਦੀ ਚੱਲ ਗੁਜਰੀ।
ਗੁਜਰੀ ਲੋਕ ਮੈਨੂੰ ਤਾਹੀਉਂ ਆਖਦੇ ਨੇ
ਜਿਹੜੀ ਆਈ ਸਿਰ 'ਤੇ ਉਹ ਮੈਂ ਝੱਲ ਗੁਜ਼ਰੀ।

ਇਹ ਹੈ ਉਹ ਗੁਜਰੀ ਜਿਹਨੇ ਦੇਸ਼ ਖ਼ਾਤਿਰ
ਸਾਰਾ ਜਿਗਰ ਦਾ ਖ਼ੂਨ ਤਰੌਂਕ ਦਿੱਤਾ।
ਧਰਿਆ ਚੌਂਕ ਆਜ਼ਾਦੀ ਦੇ ਸੀਸ ਉੱਤੇ
ਸੀਸ ਪਤੀ ਦਾ ਚਾਨਣੀ ਚੌਂਕ ਦਿੱਤਾ।

ਇਹ ਹੈ ਉਹ ਗੁਜਰੀ ਜਿਹੜੀ ਵਤਨ ਖ਼ਾਤਿਰ
ਸੀਨੇ ਸੌ ਸੌ ਕਸ਼ਟ ਸਹਾਰਦੀ ਏ।
ਟੋਹਣ ਲਈ ਬੁਢਾਪੇ 'ਚ ਜ਼ੁਲਮ ਜਿਸਨੇ
ਟੋਹਣੀ ਫੜੀ ਹੋਈ ਹੱਥ ਤਲਵਾਰ ਦੀ ਏ।
ਇਹ ਹੈ ਉਹ ਗੁਜਰੀ ਪਿਆਸਾ ਵਤਨ ਤੱਕ ਕੇ
ਜਿਹੜੀ ਆਪਣਾ ਫ਼ਰਜ਼ ਉਤਾਰਦੀ ਏ।
ਜਿਹਦੇ ਹੱਥ ਅਜੀਤ ਦੀ ਖੋਪਰੀ ਏ
ਜਿਹਦੀ ਮਟਕੀ 'ਚ ਰੱਤ ਜੁਝਾਰ ਦੀ ਏ।

ਜਾਉ ਜਾਉ ਬਣਾਉ ਉਹ ਕੰਧ 'ਸਫ਼ਰੀ'
ਮੇਰੇ ਸਫ਼ਰ ਅਨੋਖੜੇ ਮੁੱਕਣੇ ਨਹੀਂ।
ਝੁਕ ਜਾਊ ਹਿਮਾਲਾ ਦਾ ਸੀਸ ਐਪਰ
ਕਲਗੀਧਰ ਦੇ ਲਾਡਲੇ ਝੁੱਕਣੇ ਨਹੀਂ।

***

29

ਚਮਕੌਰ ਦੀ ਗੜ੍ਹੀ

ਅੱਕ ਗਈ ਮੁਗ਼ਲਸ਼ਾਹੀ ਦਿੱਲੀ ਤੇ ਲਾਹੌਰ ਦੀ।
ਬਣੀ ਨਾ ਸਿੰਘਾਂ ਦੇ ਨਾਲ ਗੱਲ ਕਿਸੇ ਤੌਰ ਦੀ।
ਸੂਲਾਂ ਵਿਚ ਵਿਝ ਗਈ ਕਲੇਜੀ ਜਦੋਂ ਭੌਰ ਦੀ।
ਅੱਗ ਵਾਂਗੂ ਆਣ ਲੱਗੀ ਜੰਗ ਚਮਕੌਰ ਦੀ।
ਦੱਸਾਂ ਦੀ ਅੰਦਾਜ਼ਾ ਵੈਰੀ ਕਿੰਨਾ ਕੁ ਸੀ ਆਕਰਾ।
ਚਾਲੀਆਂ ਦਾ ਹੋ ਗਿਆ ਲੱਖਾਂ ਦੇ ਨਾਲ ਟਾਕਰਾ।

ਗ਼ੈਰਤ ਨੂੰ ਦੋਹੀਂ ਵਨੀਂ ਇਕੋ ਜੇਹੀ ਪਾਣ ਸੀ।
ਜ਼ਿੰਦਗੀ ਤੇ ਮੌਤ ਵਾਲੀ ਕਿਹੜੇ ਨੂੰ ਪਛਾਣ ਸੀ।
ਓਧਰ ਜੇ ਫਿੱਟੇ ਹੋਏ ਕਾਬਲੀ ਪਠਾਣ ਸੀ।
ਤਾਂ ਇਧਰ ਵੀ ਸਿੰਘਾਂ ਦੀ ਹਥੇਲੀਆਂ 'ਤੇ ਜਾਨ ਸੀ।
ਕਿਲ੍ਹੇ ਵਿਚੋਂ ਆਉਣ ਲੱਗਾ 'ਕੱਲਾ 'ਕੱਲਾ ਸੂਰਮਾ।
ਤੇਗ਼ਾਂ ਨੇ ਪਸੰਦ ਕੀਤਾ ਬੰਦਿਆਂ ਦਾ ਚੂਰਨਾਂ।

ਲਿਖ ਕੇ ਨਜ਼ਾਰਾ ਕੀ ਮੈਂ ਦੱਸਾਂ ਖ਼ੂਨੀ ਜੰਗ ਦਾ।
ਦੁਪੱਟਾ ਹਰ ਤੇਗ਼ ਦਾ ਸੀ ਸੂਹੇ ਸੂਹੇ ਰੰਗ ਦਾ।
ਖ਼ਾਲਸੇ ਦਾ ਖੰਡਾ ਜਿਹਨੂੰ ਜ਼ਰਾ ਕੂ ਸੀ ਡੰਗਦਾ।
ਅੱਲਾ ਦੇ ਹਜ਼ੂਰ ਜਾ ਕੇ ਪਾਣੀ ਸੀ ਉਹ ਮੰਗਦਾ।
ਸੈਂਕੜੇ ਪਠਾਣਾਂ 'ਤੇ ਸੀ ਸਿੰਘ ਏਦਾਂ ਟੁੱਟਦਾ।
ਮਿੱਟੀ ਦੇ ਖਿਡੌਣੇ ਜਿੱਦਾਂ ਬਾਲ ਭੰਨ ਸੁੱਟਦਾ।

ਵੈਰੀਆਂ ਨੂੰ ਸੂਰਮਾ ਅਜੀਤ ਲਲਕਾਰ ਦਾ।
ਆਵੇ ਜਿਹਨੇ ਫੱਟ ਖਾਣਾ ਮੇਰੀ ਤਲਵਾਰ ਦਾ।
ਫਟਾ ਫੱਟ ਸਾਹਬਜ਼ਾਦਾ ਫੱਟ ਜਿੱਥੇ ਮਾਰਦਾ
ਲਗਦਾ ਹਿਸਾਬ ਨਹੀਂ ਸੀ ਲੋਥਾਂ ਦੇ ਅੰਬਾਰ ਦਾ।
ਖ਼ਾਲਸੇ ਦਾ ਖੰਡਾ ਜਿਥੇ ਜ਼ਰਾ ਕੂ ਵੀ ਟਕਰੇ
ਇਕ ਦੇ ਬਣਾਈ ਜਾਵੇ ਚਾਰ ਚਾਰ ਡਕਰੇ।

ਸੂਰਮਾ ਅਜੀਤ ਸਿੰਘ ਰੋਹ ਵਿਚ ਆ ਗਿਆ
ਵੈਰੀਆਂ ਦੀ ਫ਼ੌਜ 'ਤੇ ਹਨ੍ਹੇਰੀ ਵਾਂਗੂੰ ਛਾ ਗਿਆ।
ਜੰਗ ਦੇ ਮੈਦਾਨ ਵਿਚ ਖੰਡਾ ਖੜਕਾ ਗਿਆ।
ਖਖੜੀ ਦੇ ਵਾਂਗ ਲੱਖਾਂ ਜ਼ਾਲਮਾਂ ਨੂੰ ਖਾ ਗਿਆ।
ਆਖ਼ਰੀ ਅਜੀਤ ਮੁੱਲ ਜ਼ਿੰਦਗੀ ਦਾ ਤਾਰ ਕੇ।
ਹੋ ਗਿਆ ਸ਼ਹੀਦ ਲੱਖਾਂ ਵੈਰੀਆਂ ਨੂੰ ਮਾਰ ਕੇ।

ਵੱਡਾ ਵੀਰ ਦੇਖਿਆ ਸ਼ਹੀਦੀ ਜਦੋਂ ਪਾ ਗਿਆ।
ਛੋਟਾ ਸਾਹਿਬਜ਼ਾਦਾ ਵੀ ਤਿਆਰ ਹੋ ਕੇ ਆ ਗਿਆ।
ਪਿਤਾ ਦਸਮੇਸ਼ ਅੱਗੋਂ ਇੰਝ ਫਰਮਾ ਗਿਆ।
ਕੌਣ ਤੇਰੇ ਕੰਨਾਂ 'ਚ ਅਨੋਖੀ ਗੱਲ ਪਾ ਗਿਆ।
ਮੰਨਿਆ ਤੂੰ ਵੈਰੀਆਂ 'ਨਾ ਸ਼ੇਰ ਹੋ ਕੇ ਲੜੇਂਗਾ।
ਮਲੂਕ ਜਹੇ ਹੱਥ ਨੇ ਕਟਾਰ ਕਿੱਦਾਂ ਫੜੇਂਗਾ।

ਤੋਰ ਪਿਤਾ ਤੋਰ ਇਹ ਜੁਝਾਰ ਕਿਹਾ ਧਾ ਕੇ।
ਨਹੀਂ ਤਾਂ ਤੈਨੂੰ ਕਹੇਗਾ ਜਹਾਨ ਸਮਾਂ ਪਾ ਕੇ।
ਹੋਰਨਾਂ ਦੇ ਹੀਰੇ ਪੁੱਤ ਜੰਗ 'ਚ ਕੁਹਾ ਕੇ।
ਆਪਣੇ ਨੂੰ ਗੁਰੂ ਕਿੱਦਾਂ ਲੈ ਗਿਆ ਬਚਾ ਕੇ।
ਵੱਡਾ ਵੀਰ ਦਾਦਕੇ ਦੀ ਗੋਦੀ ਵਿਚ ਬਹਿ ਗਿਆ।
ਛੋਟਾ ਕਾਹਨੂੰ ਦੇਖਦਾ ਬਰੂਹਾਂ ਉੱਤੇ ਰਹਿ ਗਿਆ।

ਹਉਸਲਾ ਇਹ ਡਿੱਠਾ ਜਦੋਂ ਲਾਡਲੇ ਜੁਝਾਰ ਦਾ।
ਤੋਰ ਦਿੱਤਾ ਜੰਗ ਨੂੰ ਸ਼ਹੀਦ ਜਾਂਦੀ ਵਾਰ ਦਾ।
ਦੇਖ ਕੇ ਵਜੀਦਾ ਉਹਦੇ ਜੋਸ਼ ਨੂੰ ਪੁਕਾਰਦਾ।
'ਕੱਲਾ ਸਾਹਬਜ਼ਾਦਾ ਨਹੀਂ ਹਜ਼ਾਰਾਂ ਕੋਲੋਂ ਹਾਰਦਾ।
ਸੱਪ ਵਾਂਗੂੰ ਸੈਂਕੜੇ ਹਜ਼ਾਰ ਵੈਰੀ ਡੱਸ ਕੇ।
ਹੋ ਗਿਆ ਸ਼ਹੀਦ ਛੋਟਾ ਸਾਹਬਜ਼ਾਦਾ ਹੱਸ ਕੇ।

ਖਾਲਸੇ ਨੇ ਦਿੱਤੇ ਆਹੂ ਵੈਰੀਆਂ ਦੇ ਲਾਹ ਸੀ।
ਅੱਧੀ ਤੋਂ ਵੀ ਵੱਧ ਫ਼ੌਜ ਹੋ ਚੁੱਕੀ ਤਬਾਹ ਸੀ।
ਸੜ ਕੇ ਔਰੰਗਜ਼ੇਬ ਹੋ ਗਿਆ ਸੁਆਹ ਸੀ।
ਚਾਲੀਆਂ ਦੀ ਹੋਰ ਭਲਾ ਕਿਥੋਂ ਤਿਕ ਵਾਹ ਸੀ।
ਤੇਤੀ ਸਿੰਘ ਜਿਸ ਵੇਲੇ ਪਾ ਗਏ ਸ਼ਹੀਦੀਆਂ।
ਲੱਗੀਆਂ ਨਜ਼ਰ ਆਉਣ ਜ਼ਰਾ ਬੇ-ਉਮੀਦੀਆਂ।

ਫ਼ਤਿਹ ਦਾ ਜੈਕਾਰਾ ਇਕ ਸਿੰਘਾਂ ਨੇ ਗਜਾ ਲਿਆ।
ਵੇਲੇ ਨੂੰ ਵਿਚਾਰ ਕਾਬੂ ਦਿਲਾਂ ਉੱਤੇ ਪਾ ਲਿਆ।
ਅਦਬ ਦੇ ਨਾਲ ਦਸਮੇਸ਼ ਨੂੰ ਬਿਠਾ ਲਿਆ।
ਗਲਾਂ ਵਿਚ ਪੱਲੇ ਪਾ ਕੇ ਸਿਰਾਂ ਨੂੰ ਨਿਵਾ ਲਿਆ।
ਆਜਜ਼ੀ ਦੇ ਨਾਲ ਸਿੰਘਾਂ ਗੁਰੂ ਜੀ ਨੂੰ ਆਖਿਆ।
ਹੇਤੂਆ ਧਰਮ ਦਿਆ ਪੰਥ ਦਿਆ ਰਾਖਿਆ!

ਕਿਲ੍ਹੇ ਦੇ ਦੁਆਲੇ ਵੈਰੀ ਖੜ੍ਹਾ ਕਈ ਲੱਖ ਹੈ।
ਕਿੰਨਿਆਂ ਚਿਰਾਂ ਤੋਂ ਉਹਦੀ ਤੇਰੇ ਉੱਤੇ ਅੱਖ ਹੈ।
ਪੰਜ ਸੱਤ ਸਿੰਘ ਨੇ ਬਰੂਦ ਮੁੱਕਾ ਵੱਖ ਹੈ।
ਪੰਥ ਦੇ ਪਿਆਰੇ ਤੈਨੂੰ ਪੰਥ ਦਾ ਜੇ ਪੱਖ ਹੈ।
ਹੋਰ ਤੇਲ ਪਾ ਕੇ ਵਿਚ ਆਸਾਂ ਦੇ ਚਰਾਗ਼ ਦੇ।
ਕੋਈ ਪੱਜ ਪਾ ਕੇ ਏਸ ਕਿਲ੍ਹੇ ਨੂੰ ਤਿਆਗ ਦੇ।

ਚਾਹੇ ਹਿੱਕ ਤਾਣ ਲੈ ਚਾਹੇ ਨੀਵੀਂ ਪਾ ਕੇ।
ਚਾਹੇ ਚੁੱਪ ਗੁੱਪ ਚਾਹੇ ਨੀਲੇ ਨੂੰ ਦੌੜਾ ਕੇ।
ਚਾਹੇ ਵੇਸ ਉੱਚ ਵਾਲੇ ਪੀਰ ਦਾ ਬਣਾ ਕੇ।
ਕਿਸੇ ਤਰ੍ਹਾਂ ਲੈ ਜਾ ਏਥੋਂ ਜਿੰਦੜੀ ਬਚਾ ਕੇ।
ਸੂਰਤਾਂ ਨੇ ਜੱਗ ਉੱਤੇ ਹੋਰ ਵੀ ਬਥੇਰੀਆਂ।
ਲੋੜਾਂ ਦਸਮੇਸ਼ ਪਿਤਾ ਪੰਥ ਨੂੰ ਨੇ ਤੇਰੀਆਂ।

ਸੁਣ ਕੇ ਬਚੰਨ ਗੁਰਾਂ ਬਚਨ ਉਚਾਰਿਆ।
ਕਿਲ੍ਹੇ ਨੂੰ ਤਿਆਗ ਜਾਵਾਂ ਲੋਹੜਾ ਕੀ ਇਹ ਮਾਰਿਆ।
ਜ਼ਰਾ ਵੀ ਨੀ ਸਿੰਘੋ ਤੁਸੀਂ ਸੋਚਿਆ ਵਿਚਾਰਿਆ।
ਕਿੱਦਾਂ ਮੇਰੇ ਸੀਨੇ ਉੱਤੇ ਖੰਜਰ ਉਭਾਰਿਆ।
ਹੋ ਕੇ ਗੋਬਿੰਦ ਸਿੰਘ ਅਣਖ ਨੂੰ ਭੱਜ ਜਾਂ?
ਵੈਰੀ ਨੂੰ ਵਖਾ ਕੇ ਕੰਡ ਕਿਲ੍ਹੇ ਵਿਚੋਂ ਤੱਜ ਜਾਂ?

ਤਦ ਦਇਆ ਸਿੰਘ ਵਾਹਿਗੁਰੂ ਨੂੰ ਧਿਆ ਕੇ।
ਜ਼ਰਾ ਕੁ ਪਰੇਡੇ ਜਿਹੇ ਗੁਰਾਂ ਕੋਲੋਂ ਜਾ ਕੇ।
ਪੰਜਾਂ ਸਿੰਘਾਂ ਕੋਲੋਂ ਮਤਾ ਪਾਸ ਕਰਵਾ ਕੇ।
ਏਦਾਂ ਦਸਮੇਸ਼ ਜੀ ਨੂੰ ਕਹਿਣ ਲੱਗਾ ਆ ਕੇ।
ਹੌਸਲਾ ਨਾ ਕਰੀਂ ਅੱਗੋਂ ਕੋਈ ਗੱਲ ਕਹਿਣ ਦਾ।
ਘੜੀ ਨਹੀਂ ਹੁਕਮ ਤੈਨੂੰ ਕਿਲ੍ਹੇ ਵਿਚ ਰਹਿਣ ਦਾ!!

ਪੰਥ ਦਾ ਹੁਕਮ ਹੈ ਇਹ ਪੈਣਾ ਤੈਨੂੰ ਮੰਨਣਾ।
ਹੋਰ ਨੀ ਗੋਬਿੰਦ ਸਿੰਘਾ ਸਮਾਂ ਅਸੀਂ ਭੰਨਣਾ।
ਬਨ੍ਹਣ ਅਜੇਹਾ ਨਹੀਂ ਤਾਂ ਪਹਿਲਾਂ ਨਹੀਂ ਸੀ ਬੰਨ੍ਹਣਾ।
ਪੈ ਗਿਆ ਵਿਚਾਰਾਂ ਵਿਚ ਗੁਜਰੀ ਦਾ ਚੰਨਣਾ।
ਭਖਦੇ ਨੈਣਾਂ ਨੂੰ ਗੁਰਾਂ ਨੀਵੇਂ ਕਾਹਦਾ ਪਾ ਲਿਆ।
ਪਲਕਾਂ ਦੇ ਵਿਚ ਮਾਨੋਂ ਅੱਗ ਨੂੰ ਲੁਕਾ ਗਿਆ।

ਟਾਲਿਆ ਗਿਆ ਨਾ ਜਿਹੜਾ ਹੁਕਮ ਅਟੱਲ ਸੀ।
ਪਿਤਾ ਦਸਮੇਸ਼ ਪਿਆ ਕਿਲ੍ਹੇ ਵਿਚੋਂ ਚੱਲ ਸੀ।
ਦੇਸ਼ ਦੀਆਂ ਔਕੜਾਂ ਦਾ ਏਹੋ ਇਕ ਹੱਲ ਸੀ।
ਪੁੱਤਾਂ ਦਾ ਨਹੀਂ ਸੀਨੇ ਵਿਚ ਵਤਨਾਂ ਦਾ ਸੱਲ ਸੀ।
ਦਇਆ ਸਿੰਘ ਵਾਸਤੇ ਭੁਲੇਖਾ ਜੇਹਾ ਪੈ ਗਿਆ।
ਅੱਗੇ ਅੱਗੇ ਜਾਂਦਾ ਸੀ ਪਛਾੜੀ ਕਿੱਦਾਂ ਰਹਿ ਗਿਆ।

ਬੱਦਲਾਂ 'ਚੋਂ ਬਿਜਲੀ ਝਮੱਕੇ ਸੀਗੀ ਮਾਰਦੀ।
ਹੋਈ ਰੌਸ਼ਨਾਈ ਜਾਂ ਸੁਨਹਿਰੀ ਜੇਹੀ ਤਾਰ ਦੀ।
ਦਇਆ ਸਿੰਘ ਵੱਲੇ ਨਿਗ੍ਹਾ ਗਈ ਜਾਂ ਦਾਤਾਰ ਦੀ।
ਪੱਟਾਂ ਵਿਚ ਲੋਥ ਲੈ ਕੇ ਬੈਠਾ ਸੀ ਜੁਝਾਰ ਦੀ।
ਮੌਤ ਦੇ ਨਸ਼ੇ 'ਚ ਓਥੇ ਜ਼ਿੰਦਗੀ ਸੀ ਝੂਮਦੀ।
ਬੋਲੇ ਦਇਆ ਸਿੰਘ ਲਾਸ਼ ਤੱਕ ਕੇ ਮਾਸੂਮ ਦੀ।

ਜ਼ਿੰਦਗੀ ਦੇ ਦਾਤਿਆ ਸੁਨਹਿਰੀ ਬਾਜ਼ਾਂ ਵਾਲਿਆ।
ਬੜੇ ਹੀ ਪਿਆਰ ਨਾਲ ਪੁੱਤਾਂ ਨੂੰ ਤੂੰ ਪਾਲਿਆ।
ਸਹਿਕਦਾ ਜੁਝਾਰ ਦੇਖ ਪੈਰ ਖਿਸਕਾ ਲਿਆ।
ਇਕ ਵਾਰੀ ਚੁੱਕ ਕੇ ਕਲੇਜੇ ਕਿਉਂ ਨੀ ਲਾ ਲਿਆ।
ਲੱਗਾ ਹੋਇਓਂ ਪਾਤਸ਼ਾਹਾ ਪਿੱਛੇ ਕਿਹੜੀ ਗੱਲ ਦੇ।
ਪੁੱਤਰਾਂ ਦੀ ਪੀੜ ਤਾਂ ਪੰਖੇਰੂ ਵੀ ਨੀ ਝੱਲਦੇ।

ਜੀ ਚਾਹੁੰਦਾ ਏਥੇ ਕੁਝ ਪਿਆਰ ਜਤਲਾ ਦਿਆਂ।
ਨਿਭਾਈਦੀ ਅਖ਼ੀਰ ਜਿਹੜੀ ਰਸਮ ਨਿਭਾ ਦਿਆਂ।
ਪੱਗ ਲਾਹ ਕੇ ਸੀਸ ਦੀ ਮੈਂ ਟੋਟਕੇ ਬਣਾ ਦਿਆਂ।
ਅੱਧੀ ਅੱਧੀ ਦੋਹਾਂ ਦੇ ਸਰੀਰ ਉੱਤੇ ਪਾ ਦਿਆਂ।
ਲੱਖਾਂ ਹੀ ਗ਼ਰੀਬ ਮਾਪੇ ਜੱਗ ਵਿਚ ਪਏ ਨੇ।
ਕ਼ਫ਼ਨੋਂ ਬ਼ਗੈਰ ਦੱਸੋ ਕਿਹਦੇ ਪੁੱਤ ਗਏ ਨੇ?

ਬੋਲੇ ਦਸਮੇਸ਼ ਜ਼ਰਾ ਅੱਗੋਂ ਲਲਕਾਰ ਕੇ।
ਲੈਣਾ ਕੀ ਤੂੰ ਸਿੰਘਾ ਮੇਰੇ ਪੁੱਤਾਂ ਨੂੰ ਪਿਆਰ ਕੇ।
ਦੇਖ ਨਾ ਮੈਦਾਨ ਵਿਚ ਜ਼ਰਾ ਨਿਗਾਹ ਮਾਰ ਕੇ।
ਸਿੰਘ ਵੀ ਸ਼ਹੀਦ ਕਿੰਨੇ ਹੋਏ ਜਾਨਾਂ ਵਾਰ ਕੇ।
ਖ਼ਾਲਸੇ ਨੂੰ ਛੱਡ ਪਿਆਰ ਪੁੱਤਾਂ ਦਾ ਜਤਾ ਦਿਆਂ।
ਦਇਆ ਸਿੰਘਾ ਸਿੱਖੀ 'ਚ ਵਖੇਵਾਂ ਕਿੱਦਾਂ ਪਾ ਦਿਆਂ।

ਔਖ ਸੌਖ ਵੇਲੇ ਮੇਰੇ ਸਿੰਘ ਭਾਈਵਾਲ ਨੇ।
ਵੇਖ ਨਾ ਮੈਦਾਨ ਵਿਚ ਪਏ ਕਿਹੜੇ ਹਾਲ ਨੇ।
ਲਾਲਾਂ ਤੋਂ ਪਿਆਰੇ ਇਹ ਵੀ ਮਾਪਿਆਂ ਦੇ ਲਾਲ ਨੇ।
ਬਿਨਾਂ ਤਨਖਾਹੋਂ ਜਿਹੜੇ ਰਹੇ ਮੇਰੇ ਨਾਲ ਨੇ।
ਜਦੋਂ ਤੱਕ ਇਹਨਾਂ ਦਾ ਹਿਸਾਬ ਨਹੀਓਂ ਮੁੱਕਦਾ।
ਅਜੀਤ ਤੇ ਜੁਝਾਰ ਦੀ ਮੈਂ ਲਾਸ਼ ਨਹੀਓਂ ਚੁੱਕਦਾ।

ਜੰਗ ਦੇ ਮੈਦਾਨ ਵਿਚ ਬੰਨਾ ਹੈ ਨਾ ਵੱਟ ਹੈ।
ਕੋਈ ਰਵਿਦਾਸੀਆ ਤੇ ਕੋਈ ਪਿਆ ਜੱਟ ਹੈ।
ਇਕੋ ਜੇਹੀਆਂ ਛਾਤੀਆਂ 'ਚ ਇਕੋ ਜਹੇ ਫੱਟ ਹੈ।
ਅਜੀਤ ਤੇ ਜੁਝਾਰ ਨਾਲੋਂ ਫੇਰ ਕਿਹੜਾ ਘੱਟ ਹੈ।
ਜਿਹੜੇ ਜਿਹੜੇ ਸੂਰਮੇ ਸ਼ਹੀਦ ਹੋਣ ਆਏ ਨੇ।
ਲਾਲ ਦਸਮੇਸ਼ ਜੀ ਦੇ ਜੀਤੋ ਜੀ ਦੇ ਜਾਏ ਨੇ।

ਦਇਆ ਸਿੰਘਾ ਮੋਹ ਵਾਲੇ ਤਿਨਕੇ ਤਰੋੜ ਦੇ।
ਛੋੜ ਦੇ ਜੁਝਾਰ ਦਾ ਖ਼ਿਆਲ ਏਥੇ ਛੋੜ ਦੇ।
ਦੇਸ਼ ਦੇ ਸ਼ਹੀਦ ਨਹੀਓਂ ਕੱਫਨਾਂ ਨੂੰ ਲੋੜਦੇ।
ਇਹਦਾ ਹੀ ਦੁਮਾਲਾ ਇਹਦੇ ਮੂੰਹ ਉੱਤੇ ਮੋੜ ਦੇ।
'ਸਫ਼ਰੀ' ਕੀ ਦਈ ਜਾਨੈ ਮੋਹ ਦੀਆਂ ਥੰਮ੍ਹੀਆਂ।
ਸਿੱਖੀ ਦੀਆਂ ਵਾਟਾਂ ਅਜੇ ਹੋਰ ਵੀ ਨੇ ਲੰਮੀਆਂ।

***

ਸ਼ਹੀਦੀ ਛੋਟੇ ਸਾਹਿਬਜ਼ਾਦੇ

ਪੰਜਾਬ ਹੈ ਪਰਦੇਸ ਇਕ ਸਰਹੰਦ ਵਰਗਾ ਸ਼ਹਿਰ ਏ।
ਹੈ ਹਕੂਮਤ ਕੁਫ਼ਰ ਦੀ ਬੱਸ ਜ਼ੁਲਮ ਏ ਤੇ ਕਹਿਰ ਏ।
ਬਾਜ਼ਾਰ ਸਭ ਬੰਦ ਨੇ ਹੱਟਾਂ ਨੂੰ ਲੱਗੇ ਜੰਦਰੇ।
ਕੁਈ ਜਾਪਦੇ ਨੇ ਸ਼ਹਿਰ 'ਤੇ ਆ ਗਏ ਦਿਹਾੜੇ ਚੰਦਰੇ।
ਅੱਜ ਤਾਂ ਉਚੇਚੇ ਸੰਤਰੀ ਬੈਠੇ ਨੇ ਵਿਚ ਹਰ ਚੌਕ ਦੇ!
ਹਾਕਮ ਪਏ ਕੀ ਚੌਂਕਦੇ ਕੁੱਤੇ ਪਏ ਨੇ ਭੌਂਕਦੇ!

ਆਹ ਲਉ ਜੀ ਦਸ ਵੱਜ ਗਏ ਸ਼ਾਹੀ ਕਚਹਿਰੀ ਖੁੱਲ੍ਹ ਗਈ।
ਹੈ ਪੇਸ਼ ਕਿਹੜਾ ਹੋ ਰਿਹਾ ਇਹ ਕੀ ਹਨੇਰੀ ਝੁੱਲ ਗਈ।
ਨਿਰਦਈ ਸੂਬੇ ਸਾਹਮਣੇ ਦੋ ਲਾਲ ਕਿਸ ਦੇ ਖੜ੍ਹੇ ਨੇ।
ਉਮਰਾਂ ਤੇ ਕੁਝ ਨੀ ਲਗਦੀਆਂ ਕਿਹੜੇ ਕਸੂਰੋਂ ਫੜੇ ਨੇ।
ਸਾਹਵੇਂ ਖਲੋਤੇ ਬਾਲ ਨੂੰ ਸੂਬਾ ਕਿਵੇਂ ਹੈ ਤਾੜਦਾ।
ਡੇਲੇ ਪਿਆ ਏ ਟੱਡਦਾ ਕੇਡਾ ਏ ਮੂੰਹ ਬਘਿਆੜ ਦਾ।

ਕਹਿੰਦਾ ਏ ਪਾਪੀ ਸੁਣ ਖਾਂ ਮੁੰਡਿਆ ਉਏ ਅੜੀ ਖੋਰਿਆ।
ਕਰੜੀ ਸਿਖਾ ਕੇ ਸਿੱਖਿਆ ਕਿਸ ਨੇ ਹੈ ਤੈਨੂੰ ਤੋਰਿਆ।
ਮੰਨ ਈਨ ਸਾਡੀ ਬੀਬਿਆ ਏਥੇ ਅੜੀ ਨਹੀਂ ਪੁੱਗਣੀ।
ਏਦੂੰ ਵੀ ਨਹੀਂ ਤਾਂ ਕੱਲ੍ਹ ਨੂੰ ਸਖ਼ਤੀ ਕਰਾਂਗਾ ਦੁੱਗਣੀ।
ਸੁਣਕੇ ਤੇ ਕੈਦੀ ਬਾਲ ਇਕ ਸੂਬੇ ਨੂੰ ਪਿਆ ਗੁਟਕ ਕੇ।
ਬਰਮੀ ਦੇ ਵਿਚੋਂ ਉਟਕਣਾ ਜਿਉਂ ਸੱਪ ਪੈਂਦਾ ਉਟਕ ਕੇ।

ਤੇ ਕਹਿਣ ਲੱਗਾ ਸੁਣ ਖਾਂ ਓ ਸੰਗ-ਦਿਲ ਜਰਵਾਣਿਆਂ।
ਓ ਦੂਤੀਆ ਓ ਪਾਜੀਆ ਬੇ-ਰਹਿਮ ਦੁੰਬੇ ਖਾਣਿਆਂ।
ਤੂੰ ਕੌਣ ਹੈਂ ਬੇਸ਼ਕ ਸਾਨੂੰ ਮੌਤ ਦੇ ਕਰ ਪੇਸ਼ ਦੇ।
ਈਨਾਂ ਕਦੇ ਨਹੀਂ ਮੰਨਦੇ ਇਹ ਲਾਡਲੇ ਦਸਮੇਸ਼ ਦੇ।
ਉੱਤਰ ਫ਼ਤਿਹ ਸਿੰਘ ਦਾ ਸੁਣ ਕੇ ਤੇ ਹਾਕਮ ਬੋਲਿਆ।
ਕਿਉਂ ਮੌਤ ਨੂੰ ਸਿਸਕਾਰਦਾ ਹੈਂ ਤੂੰ ਨਾਦਾਨਾਂ ਭੋਲਿਆ।

ਸੱਤ ਵਰ੍ਹੇ ਸਾਰੀ ਉਮਰ ਏ ਅਜੇ ਅੱਧ-ਖਿੜਿਆ ਫੁੱਲ ਏਂ।
ਜੋਧੇ ਮਨਾ ਲਏ ਮੌਤ ਨੇ ਕਾਕਾ ਤੂੰ ਕਿਹਦੇ ਭੁੱਲ ਏਂ।
ਅੱਛਾ ਤੂੰ ਠਹਿਰ ਆਖ ਕੇ ਵੱਲ ਜ਼ੋਰਾਵਰ ਦੇ ਹੋ ਪਿਆ।
ਏਨਾ ਕੁ ਗੁੱਸਾ ਭੜਕਿਆ ਅੱਖਾਂ 'ਚੋਂ ਲਹੂ ਚੋ ਪਿਆ।
ਤੇ ਕਹਿਣ ਲੱਗਾ ਆਖ਼ਰੀ ਜੋ ਬੋਲਣਾ ਹੈ ਬੋਲ ਦੇ।
ਜੋੜੀ ਨਹੀਂ ਭਲਕੇ ਲੱਭਣੀ ਮਾਪੇ ਫਿਰਨਗੇ ਟੋਲਦੇ।

ਤਾਂ ਸਾਹਿਬਜ਼ਾਦੇ ਆਖਿਆ ਸ਼ਾਹੀ ਦਾ ਕਰ ਤੂੰ ਮਾਣ ਨਾ।
ਸਿਰ-ਲੱਥ ਜੋਧੇ ਹਾਂ ਅਸੀਂ ਸਾਨੂੰ ਡਰਾਕਲ ਜਾਣ ਨਾ।
ਅਸੀਂ ਅਣਸ ਹਾਂ ਉਸ ਪਿਤਾ ਦੀ ਹੋਣੀ ਤੋਂ ਜੋ ਨਹੀਂ ਹਾਰਿਆ।
ਜਿਸ ਨੇ ਪਿਤਾ ਦੀ ਮੌਤ ਤੇ ਹਉਕਾ ਵੀ ਨਹੀਂ ਸੀ ਮਾਰਿਆ।
ਸਾਨੂੰ ਕੀ ਉਸਨੇ ਟੋਲਣਾ ਓ ਹਾਕਮਾ ਹਤਿਆਰਿਆ!
ਚਮਕੌਰ ਦੇ ਵਿਚ ਕੱਲ੍ਹ ਅਜੇ ਜੋੜਾ ਹੈ ਜਿਸਨੇ ਵਾਰਿਆ।

ਆਪਾ ਲੁਟਾ ਕੇ ਵੀ ਅਸੀਂ ਸਿੱਖੀ ਦੀ ਸ਼ਾਨ ਰੱਖਣੀ।
ਸਾਡੇ ਦਰੋਂ ਤਾਂ ਮੌਤ ਵੀ ਹੱਥੋਂ ਨਹੀਂ ਜਾਂਦੀ ਸੱਖਣੀ।
ਤੇ ਫੇਰ ਸੂਬਾ ਬੋਲਿਆ ਕਿਉਂ ਭੁੱਲ ਕਰਦੇ ਪਏ ਓ।
ਅਨਿਆਈ ਮੌਤ ਬੀਬਿਉ ਕਾਹਦੇ ਲਈ ਮਰਦੇ ਪਏ ਓ।
ਤੱਕੋ ਤਾਂ ਸਹੀ ਵੱਲ ਮਹਿਲ ਦੇ ਕੀ ਸਿਤਮ ਢਹਿੰਦੇ ਨੇ ਪਏ।
ਕੀ ਆਸ ਕਿੰਨੇ ਨਰਗਸੀ ਦੋ ਨੈਣ ਕਹਿੰਦੇ ਨੇ ਪਏ।

ਆਸਾਂ ਨਾ ਤੋੜੋ ਕਹੋ ਤਾਂ ਅੱਜ ਹੀ ਤੁਸਾਂ ਲੜ ਲਾ ਦਿਆਂ।
ਮਿਲਖਾ ਜਾਗੀਰਾਂ ਦੇ ਦਿਆਂ ਸੋਨੇ ਦੇ ਬੰਗਲੇ ਪਾ ਦਿਆਂ।
ਪਰ ਇਕ ਵਾਰੀ ਕਹਿ ਦਿਉ ਦਰਬਾਰ ਦੇ ਵਿਚ ਮੱਖਣਾ।
ਕਲਮਾਂ ਪੜ੍ਹਾਂਗੇ ਨਬੀ ਦਾ ਸਿੱਖੀ ਧਰਮ ਨਹੀਂ ਰੱਖਣਾ।
ਤਦ ਸਾਹਿਬਜ਼ਾਦੇ ਆਖਿਆ ਇਹ ਨਹੀਂ ਕਹਾਣੀ ਮੁੱਕਣੀ।
ਨਹੀਂ ਲਾਲਚਾਂ ਦੀ ਮੇਖ ਇਹ ਸਾਡੇ ਮਨਾਂ ਵਿਚ ਠੁੱਕਣੀ।

ਰੱਬ ਜਾਣੇ ਸਾਡੇ ਪਿਤਾ ਨੇ ਕਿੰਨੇ ਕੂ ਜਫ਼ਰ ਜਾਲ ਕੇ।
ਏਡਾ ਵਡੇਰਾ ਕੀਤਾ ਏ ਸਿੱਖੀ ਦਾ ਬੂਟਾ ਪਾਲ ਕੇ।
ਕੱਟੋਗੇ ਜਿਉਂ ਜਿਉਂ ਏਸ ਨੂੰ ਇਹ ਹੋਰ ਵਧਦਾ ਜਾਏਗਾ।
ਇੱਟਾਂ ਵੀ ਮਾਰੋਗੇ ਤੁਸੀਂ ਤਾਂ ਫੁੱਲ ਇਹ ਵਰਸਾਏਗਾ।
ਪੁੱਛੋਂ ਤਾਂ ਹਿੰਦੂ ਧਰਮ ਲਈ ਤੇਰੇ ਨਾ ਪਾਉਂਦੇ ਵੈਰ ਨਹੀਂ।
ਹਿੰਦੂ ਹੈ ਜੇਕਰ ਆਪਣਾ ਤਾਂ ਮੁਸਲਮਾਂ ਕੁਈ ਗ਼ੈਰ ਨਹੀਂ।

ਕਲਮੇਂ ਥੀਂ ਸਾਡੇ ਧਰਮ ਨੂੰ ਕੁਈ ਦਾਗ਼ ਜਾਂਦੇ ਲੱਗ ਨਹੀਂ।
ਜੋ ਬਾਂਗ ਸੁਣ ਕੇ ਟੁੱਟ ਜਾਏ ਸਿੱਖੀ ਹੈ ਕੱਚਾ ਤੱਗ ਨਹੀਂ।
ਸੱਭੇ ਖ਼ੁਦਾ ਦਾ ਨੂਰ ਹੈ ਪਰ ਖਾਰ ਹੈ ਇਸ ਗੱਲ ਦੀ।
ਹਰਦਮ ਗ਼ਰੀਬਾਂ ਦੇ ਗਲੇ ਤਲਵਾਰ ਜਿਹੜੀ ਚੱਲਦੀ।
ਸੂਬੇ ਸੁਣ ਤਕਰੀਰ ਜਾਂ ਸੋਚਾਂ ਦੇ ਵਹਿਣੀ ਖੁੱਭ ਗਿਆ।
ਖ਼ਬਰੇ ਕੀ ਕੰਡਾ ਓਸ ਦੇ ਪੱਥਰ ਦਿਲੇ ਵਿਚ ਚੁੱਭ ਗਿਆ।

ਪਰ ਖ਼ਿਆਲ ਉਸਦਾ ਬਦਲਿਆ ਇਕ ਸੁੱਚਾ ਨੰਦ ਵਜ਼ੀਰ ਨੇ।
ਆਪਣੀ ਜ਼ੁਬਾਨੋਂ ਆਖਿਆ ਆਕ੍ਰਿਤਘਣ ਬੇ-ਪੀਰ ਨੇ।
ਸ਼ਾਹਾ ਤੂੰ ਮੇਰੀ ਗੱਲ ਵੱਲ ਕੁਝ ਗ਼ੌਰ ਕਰਕੇ ਕੰਨ ਦੇ।
ਚੰਗੀ ਕਰਦੈਂ ਤਾਂ ਜੰਮਦੀਆਂ ਸੂਲਾਂ ਦੇ ਮੂੰਹ ਭੰਨ ਦੇ।
ਤਾਂ ਫੇਰ ਹਾਕਮ ਆਖਿਆ ਮੈਂ ਥੁੱਕ ਕੇ ਨਹੀਂ ਚੱਟਣਾ।
ਸਿੱਖੀ ਦਾ ਬੂਟਾ ਅੱਜ ਹੀ ਮੈਂ ਤਾਂ ਜੜ੍ਹਾਂ ਤੋਂ ਪੱਟਣਾ।

ਉੱਠੋ ਜੱਲਾਦੋ ਮੇਰਿਓ ਦੋਹਾਂ ਦੇ ਕੱਫ਼ਨ ਮਿਣ ਦਿਉ।
ਨੀਹਾਂ 'ਚ ਸਿੱਧੇ ਗੱਡ ਕੇ ਇੱਟਾਂ ਦੁਆਲੇ ਚਿਣ ਦਿਉ।
ਜੱਲਾਦ ਬੱਧਾ ਹੁਕਮ ਦਾ ਇੱਟਾਂ ਚਿਣਨ ਤਾਂ ਲੱਗ ਪਿਆ।
ਪਰ ਫ਼ਤਿਹ ਸਿੰਘ ਵੱਲ ਦੇਖ ਕੇ ਅੱਖਾਂ 'ਚੋਂ ਪਾਣੀ ਵਗ ਪਿਆ।
ਤੇ ਬੋਲਿਆ ਓ ਬੱਚਿਓ ਅਨਿਆਈ ਮੌਤੇ ਮਰ ਦਿਉ।
ਕੀ ਹੈ ਤੁਹਾਡਾ ਵਿਗੜਦਾ ਇਕ ਵਾਰ ਸਜਦਾ ਕਰ ਦਿਉ।

ਕੁਝ ਖ਼ੌਫ਼ ਖਾਵੋ ਮੌਤ ਤੋਂ ਗੱਲ ਮੰਨ ਲਓ ਸ਼ਰੀਕ ਦੀ।
ਬੈਠੀ ਕਲੇਜਾ ਪਕੜ ਕੇ ਹੋਵੇਗੀ ਮਾਂ ਉਡੀਕ ਦੀ।
ਤਾਂ ਸਾਹਿਬਜ਼ਾਦਾ ਬੋਲਿਆ ਸੁਣ ਓ ਜੱਲਾਦਾ ਭੋਲਿਆ।
ਤੂੰ ਕਾਰ ਆਪਣੀ ਕਰੀ ਜਾ ਦਿਲ ਕਾਸ ਨੂੰ ਹੈ ਡੋਲਿਆ।
ਸਾਡੇ ਤਾਂ ਘਰ ਵਿਚ ਖ਼ੁਸ਼ੀ ਏ ਤੇ ਸੋਗ ਦਾ ਕੁਈ ਨਾਂ ਨਹੀਂ।
ਬੈਠੇ ਕਲੇਜਾ ਥੰਮ੍ਹ ਕੇ ਸਾਡੀ ਇਹੁ ਜਹੀ ਮਾਂ ਨਹੀਂ।

ਉਸ ਨੇ ਤਾਂ ਸਾਨੂੰ ਆਪ ਹੀ ਗਾਨੇ ਸ਼ਹੀਦੀ ਬੰਨ੍ਹ ਕੇ।
ਹੈ ਮੌਤ ਘੋੜੀ ਚਾੜ੍ਹਿਆ ਸਤਿਗੁਰ ਦਾ ਭਾਣਾ ਮੰਨ ਕੇ।
ਜਦ ਏਸ ਮਾਂ ਦੇ ਲਾਡਲੇ ਸੌ ਸੌ ਤਸੀਹੇ ਸਹਿਣਗੇ।
ਚੂਨੇ ਤੇ ਇੱਟਾਂ ਦੀ ਜਗ੍ਹਾ ਨੀਂਹਾਂ 'ਚ ਆ ਕੇ ਪੈਣਗੇ।
ਜਦ ਸਿਰ ਕਟਾਵਣ ਲੱਗਿਆਂ ਮੂੰਹੋਂ ਨਾ "ਹਾਏ ਮਾਂ" ਕਹਿਣਗੇ।
ਲੋਕਾਂ ਦੇ ਪੁੱਤਰ ਤਾਂ ਕਿਤੇ ਮਾਵਾਂ ਦੀ ਗੋਦੀ ਬਹਿਣਗੇ।

ਏਨੇ ਨੂੰ ਖ਼ੂਨੀ ਕੰਧ ਵੀ ਆਹ ਛਾਤੀਆਂ ਤੱਕ ਆ ਗਈ।
ਸਿਰ 'ਤੇ ਮਾਸੂਮਾਂ ਦੇ ਹਾਏ! ਕਹਿਰਾਂ ਦੀ ਬਦਲੀ ਛਾ ਗਈ।
ਛੋਟੇ ਭਰਾ ਦੀਆਂ ਕੰਧ ਵਿਚ ਜਦ ਲੁਕਣ ਲੱਗੀਆਂ ਬੁੱਲ੍ਹੀਆਂ।
ਇਹ ਤੱਕ ਵੱਡੇ ਵੀਰ ਦੇ ਨੈਣਾਂ 'ਚੋਂ ਬੂੰਦਾਂ ਡੁੱਲ੍ਹੀਆਂ।
ਤੇ ਫ਼ਤਿਹ ਸਿੰਘ ਨੇ ਆਖਿਆ ਜੇ ਹੰਝੂਆਂ ਨੂੰ ਡੋਲ੍ਹਣਾ।
ਸੁਵਰਗਾਂ 'ਚ ਬੈਠੇ ਵੀਰ ਵੇ ਬਾਬੇ ਨੇ ਨਹੀਓਂ ਬੋਲਣਾ।

ਤੇ ਜ਼ੋਰਾਵਰ ਸਿੰਘ ਬੋਲਿਆ ਸੁਣ ਓ ਭਰਾਵਾ ਭੋਲਿਆ।
ਮੇਰਾ ਹੈ ਰੋਸਾ ਵੀਰ ਇਕ ਮੈਂ ਮੌਤ ਤੋਂ ਨਹੀਂ ਡੋਲਿਆ।
ਜੋੜਾ ਇਹ 'ਕੱਠਾ ਖੇਡਿਆ ਜੋੜਾ ਇਹ 'ਕੱਠਾ ਪੱਲਿਆ।
ਜੋੜੇ ਦਾ ਜੋੜਾ ਕਿਲ੍ਹੇ 'ਚੋਂ ਦਾਦੀ ਨੇ ਹੈ ਸੀ ਘੱਲਿਆ।
ਰੋਣਾ ਭਰਾਵਾ ਏਸ ਲਈ ਮੈਥੋਂ ਗਿਆ ਨਹੀਂ ਠੱਲ੍ਹਿਆ।
ਵੇਲੇ ਸ਼ਹੀਦੀ ਦੇ ਵੀ ਇਹ ਜੋੜਾ ਹੀ ਕਿਉਂ ਨਾ ਚੱਲਿਆ।

ਆਖ਼ੀਰ ਜ਼ੋਰਾਵਰ ਨੂੰ ਸੀ ਬਾਬੇ ਦਾ ਸੱਦਾ ਆ ਗਿਆ।
ਜੋੜੇ ਦਾ ਜੋੜਾ ਇਸ ਤਰ੍ਹਾਂ ਕਰਕੇ ਸ਼ਹੀਦੀ ਪਾ ਗਿਆ।
ਦੁੱਖ ਸਹਿ ਕੇ ਵਤਨ ਦੇ ਸਭ ਦੁਖੜੇ ਵੰਡਾ ਗਿਆ।
'ਸਫ਼ਰੀ' ਦੀ ਅਲ੍ਹੜ ਕਲਮ ਨੂੰ ਕੋਈ ਰੋਗ ਗੁੱਝੇ ਲਾ ਗਿਆ।

***

ਸਾਡੀ ਜਿੰਦ ਸਿੱਖੀ ਸਾਡੀ ਜਾਨ ਸਿੱਖੀ

ਗੁੱਡੀ ਚੜ੍ਹੀ ਔਰੰਗੇ ਦੀ ਅੰਬਰਾਂ 'ਤੇ
ਚੜ੍ਹਿਆ ਜ਼ੁਲਮ ਦਾ ਤੀਰ ਕਮਾਨ ਉੱਤੇ।
ਮੁਸਲਮਾਨਾਂ ਦੇ ਰਾਜ ਵਿਚ ਜ਼ੁਲਮ ਢੱਠਾ
ਬੁੱਧੂ ਸ਼ਾਹ ਵਰਗੇ ਮੁਸਲਮਾਨ ਉੱਤੇ।
ਕਿਹਾ ਮਜ਼੍ਹਬੀ ਮੌਲਾਣਿਆਂ ਪਾਤਸ਼ਾਹਾ!
ਲਿਖੇ ਹੋਏ ਨੇ ਹਰਫ਼ ਕੁਰਾਨ ਉੱਤੇ।
ਜਿਹੜੇ ਕਲਮਾ ਕਰੀਮ ਦਾ ਨਹੀਂ ਪੜ੍ਹਦੇ
ਕਾਫ਼ਰ ਲੋਕ ਨੇ ਹਿੰਦੋਸਤਾਨ ਉੱਤੇ।

ਹਿੰਦੂ ਹਿੰਦ ਦੇ ਜਾਣਗੇ ਦੋਜ਼ਖਾਂ ਨੂੰ
ਇਹ ਫ਼ੈਸਲਾ ਸਾਡੇ ਰਸੂਲ ਦਾ ਏ।
ਪਾਕ ਅੱਲ੍ਹਾ ਦੀ ਪਾਕ ਦਰਗਾਹ ਅੰਦਰ
ਕਾਫ਼ਰ ਲੋਕਾਂ ਨੂੰ ਕੌਣ ਕਬੂਲਦਾ ਏ।

ਔਰੰਗਜ਼ੇਬ ਨੇ ਅੱਗੋਂ ਜਵਾਬ ਦਿੱਤਾ
ਚੰਗਾ ਮੋਮਨੋਂ ਰਸਤਾ ਵਿਖਾਲਿਆ ਜੇ।
ਮੈਂ ਵੀ ਦੀਨ ਇਸਲਾਮ ਫੈਲਾਉਣ ਖ਼ਾਤਿਰ
ਜਿਹੜਾ ਨਹੀਂ ਉਹ ਵੀ ਜਫ਼ਰ ਜਾਲਿਆ ਜੇ।
ਮੱਥੇ ਮੈਂ ਭਰਾਵਾਂ ਦੇ ਨਹੀਂ ਲੱਗਾ
ਮੱਥਾ ਨਾਲ ਮੁਸੀਬਤਾਂ ਲਾ ਲਿਆ ਜੇ।
ਅੱਖਾਂ ਕੱਢ ਕੇ ਆਪਣੇ ਬਾਪ ਦੀਆਂ
ਭਾਰਤਵਰਸ਼ ਦਾ ਰਾਜ ਸੰਭਾਲਿਆ ਜੇ।

ਹਿੰਦ ਦੇਸ਼ ਦਾ ਮੈਂ ਵੀ ਸ਼ਹਿਨਸ਼ਾਹ ਹਾਂ
ਸ਼ਹਿਨਸ਼ਾਹਾਂ ਦੇ ਫ਼ਰਜ਼ ਨਿਭਾ ਦਿਆਂਗਾ।
ਸੂਝਵਾਨ ਮਨੁੱਖ ਦੀ ਗੱਲ ਕਾਹਦੀ
ਜਾਨਵਰਾਂ ਨੂੰ ਕਲਮਾਂ ਪੜ੍ਹਾ ਦਿਆਂਗਾ।

ਹੇਮ ਕੁੰਡ 'ਚੋਂ ਬੋਲਿਆ ਕੋਈ ਠਹਿਰੋ!
ਮਦਦਗਾਰ ਮਜ਼ਲੂਮਾਂ ਦਾ ਆ ਰਿਹਾ ਏ।
ਕੌਣ ਮਜ਼੍ਹਬੀ ਤੁਅੱਸਬ ਦੀ ਛੁਰੀ ਫੜ ਕੇ
ਭਾਰਤ ਮਾਂ ਦਾ ਕਾਲਜਾ ਖਾ ਰਿਹਾ ਏ।

ਕੌਣ ਅਰਥ ਕੁਰਾਨ ਦੇ ਗ਼ਲਤ ਕਰਕੇ
ਗ਼ਲਤ ਰਾਹੇ ਅਵਾਮ ਨੂੰ ਪਾ ਰਿਹਾ ਏ।
ਕੌਣ ਫ਼ਿਰਕਾਪ੍ਰਸਤੀ ਦੀ ਹਵਾ ਦੇ ਕੇ
ਜ਼ੁਲਮ ਸਿਤਮ ਦੀ ਅੱਗ ਭੜਕਾ ਰਿਹਾ ਏ।
ਮੈਂ ਨਹੀਂ ਕਿਸੇ ਮਜ਼ਲੂਮ ਦੀ ਅੱਖ ਵਿਚੋਂ
ਹੰਝੂ ਇਕ ਵੀ ਦੁੱਖਾਂ ਦਾ ਵਹਿਣ ਦੇਣਾ।
ਮੇਰਾ ਰਹੇ ਨਾ ਰਹੇ ਬੇਸ਼ੱਕ ਕੁਝ ਵੀ
ਮੈਂ ਨਹੀਂ ਜ਼ੁਲਮ ਜਹਾਨ 'ਤੇ ਰਹਿਣ ਦੇਣਾ।
ਉਠੋ! ਹਿੰਦੁਸਤਾਨ ਦੇ ਮੋਏ ਰਿੰਦੋ
ਸਾਕੀ ਜ਼ਿੰਦਗੀ ਦਾ ਲੈ ਕੇ ਜਾਮ ਆਇਆ।
ਭਾਰਤ ਮਾਂ ਦੀ ਲਿਲ੍ਹਕਦੀ ਜੀਭ ਉੱਤੇ
ਪਹਿਲੀ ਵਾਰ ਦਸਮੇਸ਼ ਦਾ ਨਾਮ ਆਇਆ।
ਮੱਛੀ ਵਾਂਗ ਮਨੁੱਖਤਾ ਤੜਫਦੀ ਸੀ
ਦਿਲ ਨੂੰ ਚੈਨ ਆਇਆ ਤੇ ਆਰਾਮ ਆਇਆ।
ਉਹਨੂੰ ਮੱਥਾ ਬ੍ਰਾਹਮਣਾਂ ਟੇਕਣਾ ਸੀ
ਭੀਖਣ ਸ਼ਾਹ ਵੀ ਕਰਨ ਸਲਾਮ ਆਇਆ।
ਹਿੱਕ ਨਾਲ ਦਸਮੇਸ਼ ਨੇ ਲਾਏ ਨਿਰਧਨ
ਹੰਝੂ ਇਕ ਨਹੀਂ ਭੋਂ 'ਤੇ ਚੋਣ ਦਿੱਤਾ।
ਛੋਟੀ ਉਮਰੇ ਆਪ ਯਤੀਮ ਹੋ ਗਿਆ
ਭਾਰਤਵਰਸ਼ ਯਤੀਮ ਨਹੀਂ ਹੋਣ ਦਿੱਤਾ।
ਪੰਜੇ ਬਾਣੀਆਂ ਪੜ੍ਹਕੇ ਦਸਮੇਸ਼ ਦਾਤੇ
ਕੀਤਾ ਖ਼ਾਲਸੇ ਲਈ ਤਿਆਰ ਅੰਮ੍ਰਿਤ।
ਮਲ੍ਹਮ ਬਣ ਗਿਆ ਵਤਨ ਦੇ ਜ਼ਖ਼ਮ ਉੱਤੇ
ਦੁਸ਼ਮਣ ਵਾਸਤੇ ਤੇਜ਼ ਤਲਵਾਰ ਅੰਮ੍ਰਿਤ।
ਲੱਖ ਦੁਸ਼ਮਣ ਨੂੰ ਪਾਰ ਬੁਲਾ ਕੇ ਤੇ
ਬੇੜੇ ਵਤਨ ਦੇ ਕਰ ਗਿਆ ਪਾਰ ਅੰਮ੍ਰਿਤ।
ਫ਼ਤਹਿ ਸਿੰਘ ਪੀਤਾ ਜ਼ੋਰਾਵਰ ਪੀਤਾ
ਪੀਤਾ ਜਦੋਂ ਅਜੀਤ ਜੁਝਾਰ ਅੰਮ੍ਰਿਤ।
ਵਾਰ ਵਾਰ ਬੇ-ਦਰਦਾਂ ਨੇ ਵਾਰ ਕੀਤੇ
ਪਰ ਨਾ ਵਾਰ ਅਜੀਤ ਦਾ ਝੱਲ ਹੋਇਆ।
ਇਹ ਦਸਮੇਸ਼ ਨੂੰ ਪਤਾ ਏ ਕਿੰਨ੍ਹੀਂ ਹਾਲੀਂ
ਮਸਲਾ ਟੁੱਟੇ ਜਨੇਊਆਂ ਦਾ ਹੱਲ ਹੋਇਆ।

ਮੁੜਿਆ ਪਿਤਾ ਦਸਮੇਸ਼ ਇਰਾਦਿਉਂ ਨਾ
ਪੈਰ ਪੈਰ 'ਤੇ ਪੈਰ ਮਚਕੋੜਦਾ ਗਿਆ।
ਤੋੜ ਤੋੜ ਕੇ ਆਂਦਰਾਂ ਢਿੱਡ ਦੀਆਂ
ਟੁੱਟੇ ਹੋਏ ਜਨੇਊਆਂ ਨੂੰ ਜੋੜਦਾ ਗਿਆ।
ਲਾਲੀ ਵਤਨ ਦੇ ਫੁੱਲਾਂ 'ਤੇ ਰਹੀ ਆਉਂਦੀ
ਜਿਉਂ ਜਿਉਂ ਜਿਗਰ ਦਾ ਲਹੂ ਨਚੋੜਦਾ ਗਿਆ।

ਕਿਵੇਂ ਸਮੇਂ ਨੂੰ ਬਦਲਿਆ ਸਤਿਗੁਰਾਂ ਨੇ
ਸਮਾਂ ਜਾਣੇ ਜਾਂ ਸਮੇਂ ਦਾ ਤੌਰ ਜਾਣੇ।
ਕਿੰਨੀ ਪੀੜ ਕਲੇਜੇ 'ਚ ਗੁਰਾਂ ਝੱਲੀ
ਇਹ ਸਰਹੰਦ ਜਾਣੇ ਜਾਂ ਚਮਕੌਰ ਜਾਣੇ।

ਅਸੀਂ ਸਿੱਖ ਹਾਂ ਪਿਤਾ ਦਸਮੇਸ਼ ਜੀ ਦੇ
ਸਾਡੀ ਜਿੰਦ ਸਿੱਖੀ ਸਾਡੀ ਜਾਨ ਸਿੱਖੀ।
ਸਿੱਖੀ ਲਈ ਜੋ ਮੌਤ ਕਬੂਲ ਕਰਦਾ
ਉਸ ਸਿੱਖ ਦੀ ਹੁੰਦੀ ਪਰਵਾਨ ਸਿੱਖੀ।
ਸਿੱਖਾ ਪਾਣੀ ਪਿਲਾਉਣਾ ਤਾਂ ਬੜਾ ਸੌਖਾ
ਗਾੜ੍ਹੇ ਲਹੂ ਦੀ ਮੰਗਦੀ ਦਾਨ ਸਿੱਖੀ।
ਮਿਟ ਗਏ ਸਿੱਖੀ ਨੂੰ ਆਖ਼ਿਰ ਮਿਟਾਉਣ ਵਾਲੇ
ਮੇਟ ਸਕੇ ਨਾ ਕੋਈ ਨਿਸ਼ਾਨ ਸਿੱਖੀ।

'ਸਫ਼ਰੀ' ਟੋਲਿਆਂ ਕਿਤੇ ਨਹੀਂ ਨਜ਼ਰ ਆਉਂਦੇ
ਕੀਤੇ ਜਿਨ੍ਹਾਂ ਨੇ ਪਾਪ ਅਸਚਰਜ ਦੇ ਨੇ।
ਐਪਰ ਖ਼ਾਲਸੇ ਗੁਰੂ ਗੋਬਿੰਦ ਸਿੰਘ ਦੇ
ਸਾਰੇ ਹਿੰਦੁਸਤਾਨ ਵਿਚ ਗਰਜਦੇ ਨੇ।

***

ਅੱਖਾਂ ਮੀਟ ਕੇ ਸੌਂ ਗਿਆ ਕੰਡਿਆਂ 'ਤੇ

ਭਾਂਬੜ ਮੱਚਿਆ ਜ਼ੁਲਮ ਦੀ ਅੱਗ ਭੜਕੀ
ਤਾਂਬੇ ਵਾਂਗ ਤਪ ਕੇ ਧਰਤੀ ਲਾਲ ਹੋ ਗਈ।
ਜ਼ੋਰਾਵਰਾਂ ਨੇ ਲੁੱਟਣਾ ਮਾੜਿਆਂ ਨੂੰ
ਇਕ ਰਸਮ ਹੋ ਗਈ ਇਕ ਚਾਲ ਹੋ ਗਈ।
ਮੰਦਰ ਢੱਠ ਕੇ ਮਸਜਦਾਂ ਬਣਨ ਲੱਗੀਆਂ
ਸੰਧਿਆ ਗਾਤਰੀ ਪੂਜਾ ਮੁਹਾਲ ਹੋ ਗਈ।
ਛੁਰੀ ਥੱਲੇ ਕਸ਼ਮੀਰ ਦੇ ਪੰਡਤਾਂ ਦੀ
ਜਿੰਦ ਬੱਕਰੇ ਵਾਂਗ ਹਲਾਲ ਹੋ ਗਈ।
ਜੰਞੂ ਟੁੱਟ ਗਏ, ਮੱਥਿਉਂ ਤਿਲਕ ਲਹਿ ਗਏ
ਸਤ ਰਹੀ ਨਾ ਧਰਮ ਦੇ ਧੁਰੇ ਅੰਦਰ।
ਲਾਟਾਂ ਵਾਲੀ ਵੀ ਲੇਟ ਗਈ ਲੇਫ ਲੈ ਕੇ
ਜਾ ਕੇ ਕਿਸੇ ਪਹਾੜ ਦੇ ਧੁਰੇ ਅੰਦਰ।
ਬੰਦ ਕਲੀ ਦੇ ਵਿਚ ਖ਼ੁਸ਼ਬੋ ਤੜਫੇ
ਤੜਫੇ ਦਿਲ ਦਿਲ ਦੇ ਅਰਮਾਨ ਤੜਫੇ।
ਦੇਖ ਤੜਫਦੇ ਫੁੱਲ ਨੂੰ ਫੁੱਲ ਤੜਫੇ
ਬੈਠਾ ਬਾਗ਼ ਅੰਦਰ ਬਾਗ਼ਬਾਨ ਤੜਫੇ।
ਥੱਲੇ ਜ਼ੁਲਮ ਦੀ ਛੁਰੀ ਦੇ ਆਈ ਹੋਈ
ਪਾਰੇ ਵਾਂਗ ਗ਼ਰੀਬਾਂ ਦੀ ਜਾਨ ਤੜਫੇ।
ਓਧਰ ਬੰਦ ਮਿਆਨ ਦੀ ਕੈਦ ਅੰਦਰ
ਕਲਗੀ ਵਾਲੇ ਦੀ ਪਈ ਕਿਰਪਾਨ ਤੜਫੇ।
ਨੀਲੇ ਅੰਬਰੋਂ ਪਹਿਨ ਕੇ ਨੀਲ ਬਾਣਾ
ਨੀਲੇ ਘੋੜੇ 'ਤੇ ਹੋ ਅਸਵਾਰ ਆਇਆ।
ਚਾਨਣ ਹੋ ਗਿਆ ਚੰਨ ਨੇ ਅੱਖ ਪੱਟੀ
ਪਟਨੇ ਸ਼ਹਿਰ ਦਸਮੇਸ਼ ਅਵਤਾਰ ਆਇਆ।

ਉਹਦੀ ਤੇਗ 'ਚ ਸੈਂਕੜੇ ਬਿਜਲੀਆਂ ਸਨ
ਮੁੱਠ ਹੀਰਿਆਂ ਮੋਤੀਆਂ ਜੜੀ ਹੋਈ ਸੀ।
ਉਹਦੀ ਘਾੜ ਕੋਈ ਵੱਖਰੀ ਘਾੜ ਹੈ ਸੀ
ਘੜੀਆਂ ਭੰਨ ਕੇ ਕਿਸੇ ਨੇ ਘੜੀ ਹੋਈ ਸੀ।
ਲਹੂ ਪੀ ਕੇ ਰਹਾਂਗੀ ਦੁਸ਼ਮਣਾਂ ਦਾ
ਏਨੀ ਗੱਲ ਦੀ ਅੜੀ ਤੇ ਅੜੀ ਹੋਈ ਸੀ।
ਲੱਖਾਂ ਵੈਰੀਆਂ ਦਾ ਇਕੋ ਘੁੱਟ ਕਰ ਗਈ
ਖ਼ਬਰੇ ਕਿਹੜਿਆਂ ਜੁਗਾਂ ਦੀ ਸੜੀ ਹੋਈ ਸੀ।
ਥੱਲੇ ਧਾਰ ਦੇ ਜ਼ੁਲਮ ਦੀ ਧਾਰ ਬਹਿ ਗਈ
ਝਾਲਾਂ ਉਹਦੀਆਂ ਕਿਸੇ ਸਹਾਰੀਆਂ ਨਹੀਂ।
ਜਦੋਂ ਵਿਚ ਮੈਦਾਨ ਦੇ ਆਣ ਲਿਸ਼ਕੀ
ਲਿਸ਼ਕਾਂ ਸੂਰਜ ਭਗਵਾਨ ਵੀ ਮਾਰੀਆਂ ਨਹੀਂ।
ਦਸਮ ਪਿਤਾ ਨੇ ਪਿਤਾ ਦੀ ਬਲੀ ਦੇ ਕੇ
ਰੁੜ੍ਹਨੋਂ ਦੇਸ਼ ਦਾ ਬੇੜਾ ਬਚਾ ਲਿਆ ਏ।
ਪੁੱਤਰ ਵਾਰਨੇ ਦੀ ਵੀ ਤਰਤੀਬ ਦੇਖੋ
ਦੋਂਹ ਦੋਂਹ ਦਾ ਜੋੜਾ ਬਣਾ ਲਿਆ ਏ।
ਜੋੜਾ ਵਿਚ ਚਮਕੌਰ ਦੇ ਵਾਰਿਆ ਏ,
ਜੋੜਾ ਨੀਹਾਂ ਦੇ ਵਿਚ ਚਿਣਵਾ ਲਿਆ ਏ।
ਰੌਸ਼ਨ ਕਰਨ ਲਈ ਦੇਸ਼ ਦੇ ਚਾਰ ਕੋਨੇ
ਆਪਣਾ ਦੀਵਾ ਚੁਰਖ਼ੀਆ ਬੁਝਾ ਲਿਆ ਏ।
ਵੱਡੇ ਹੋ ਗਏ ਸ਼ਹੀਦ ਤਾਂ ਪਿਤਾ ਦਸਵੇਂ
ਇੰਝ ਖ਼ਿਆਲ ਕਰਕੇ ਕਿਹਾ ਛੋਟਿਆਂ ਦਾ।
ਟੋਟੇ ਕਰਕੇ ਨਾ ਕੰਧ ਨੂੰ ਇੱਟ ਲਾਇਓ
ਜਿਗਰ ਦੇਖਣਾ ਜਿਗਰ ਦੇ ਟੋਟਿਆਂ ਦਾ।
ਜੂਝ ਡਿੱਗਾ ਜੁਝਾਰ ਤਾਂ ਇਕ ਕਹਿੰਦਾ
"ਆਹ ਇਕ ਵੀ ਨਹੀਂ ਸੀ ਲੁਕ ਸਕਦਾ।
ਆਖੋ ਪਿਤਾ ਨੂੰ ਚੁੱਕ ਲਏ ਲਾਸ਼ ਆ ਕੇ
ਏਸ ਜੱਗ ਦਾ ਮੋਹ ਨਹੀਂ ਮੁੱਕ ਸਕਦਾ।

ਸੁਣਕੇ ਆਖਿਆ ਗੁਰੂ ਗੋਬਿੰਦ ਸਿੰਘ ਨੇ
ਜਜ਼ਬਾ ਅਣਖ ਦਾ ਕਦੇ ਨਹੀਂ ਰੁਕ ਸਕਦਾ।
ਚੁਕਦਾ ਵਤਨ ਦਾ ਨਹੀਉਂ ਹਿਸਾਬ ਜਦ ਤੱਕ
ਮੈਂ ਨਹੀਂ ਲਾਸ਼ ਮਾਸੂਮ ਦੀ ਚੁੱਕ ਸਕਦਾ।
ਕੁੱਜੇ ਵਿਚ ਸਮੁੰਦਰ ਸਮਿਟ ਸਕਦਾ
ਸੂਰਜ ਲਹਿੰਦਿਉਂ ਚੜ੍ਹਦੇ ਘਰੋ ਸਕਦਾ।
ਦਾਨੀ ਲਹੂ ਦਾ ਪਿਤਾ ਦਸਮੇਸ਼ ਵਰਗਾ
ਕੋਈ ਨਹੀਂ ਹੋਰ ਜਹਾਨ 'ਤੇ ਹੋ ਸਕਦਾ।
ਉਹਦੇ ਤੀਰ ਸੁਨਹਿਰੀ ਸਨ ਏਸ ਲਈ ਕਿ
ਦੁਸ਼ਮਣ ਲੋਭ ਥੀਂ ਹੋ ਮੁਰੀਦ ਸਕੇ?
ਜਾਂ ਫਿਰ ਝਲਕ ਤੋਂ ਡਰਦਾ ਮੈਦਾਨ ਅੰਦਰ
ਕੋਈ ਸ਼ੱਤਰੂ ਨਾ ਖੋਹਲ ਦੀਦ ਸਕੇ।
ਨਹੀਂ! ਸੋਨੇ ਦੇ ਤੀਰ ਸਨ ਏਸ ਲਈ ਕਿ
ਪੂਰੀ ਹਰ ਇਕ ਦੀ ਹੋ ਉਮੀਦ ਸਕੇ।
ਜਿਹੜਾ ਡਿੱਗੇ ਦਸਮੇਸ਼ ਦਾ ਤੀਰ ਖਾ ਕੇ
ਵਾਰਸ ਓਸ ਲਈ ਕੱਫਣ ਖ਼ਰੀਦ ਸਕੇ।
ਹਿੰਦੂ ਸਿੱਖ ਈਸਾਈ ਤੇ ਵੀਰ ਮੋਮਨ
ਥੱਲੇ ਇਕ ਝੰਡੇ ਇਕ ਜਾਨ ਹੋ ਗਏ।
ਬੁੱਧੂ ਸ਼ਾਹ ਵਰਗੇ ਧਰਮ ਸ਼ਮ੍ਹਾਂ ਉੱਤੋਂ
ਆ ਕੇ ਭੰਬਟਾਂ ਵਾਂਗ ਕੁਰਬਾਨ ਹੋ ਗਏ।
"ਢਇੰਦੇ ਦੇਸ਼ ਦਾ ਕੋਈ ਸਹਾਰਾ ਨਹੀਂ ਸੀ
ਤਾਹੀਉਂ ਪਿਤਾ ਦਾ ਸੱਲ ਸਹਾਰਿਆ ਮੈਂ।
ਗੁਜਰੀ ਮਾਤ ਗੁਜ਼ਰੀ ਤਾਂ ਵੀ ਛੰਭ ਅੰਦਰ
ਜਿਵੇਂ ਗੁਜ਼ਾਰਿਆ ਵਕਤ ਗੁਜ਼ਾਰਿਆ ਮੈਂ।
ਪੁੱਤਰ ਚਾਰ ਬਖਸ਼ੇ ਸਨ ਪ੍ਰਮਾਤਮਾ ਨੇ
ਉਹ ਵੀ ਜੋੜਾ ਜੋੜਾ ਕਰਕੇ ਵਾਰਿਆ ਮੈਂ।
ਮੈਨੂੰ ਮਤ ਸ਼ਹਿਨਸ਼ਾਹ ਕਹੋ ਸਿੰਘੋ
ਕਿਸ਼ਤਾਂ ਨਾਲ ਤਾਂ ਕਰਜ਼ਾ ਉਤਾਰਿਆ ਮੈਂ।
ਬੇ-ਮਿਸਾਲ ਕੁਰਬਾਨੀ ਦੀ ਕੁਈ ਆਪਾਂ
ਜੇ ਮਿਸਾਲ ਵੀ ਦਈਏ ਤਾਂ ਓਪਰੀ ਏ।

ਹੱਥ ਤੇਗ਼ ਨਹੀਂ ਪਿਤਾ ਦੀ ਪਸਲੀ ਏ
ਹੱਥ ਢਾਲ ਨਹੀਂ ਪੁੱਤਰ ਦੀ ਖੋਪਰੀ ਏ।
ਸੁੱਤਾ ਛੰਭ ਦੀ ਭੋਂ 'ਤੇ ਆਣ ਜਿਸਨੇ
ਲੱਖਾਂ ਨੈਣਾਂ ਦੇ ਛੰਭ ਸੁਕਾ 'ਤੇ ਐ।
ਟੁਕੜੇ ਨਹੀਂ ਜਨੇਊਆਂ ਦੇ ਹੋਣ ਦਿੱਤੇ
ਟੁਕੜੇ ਜਿਗਰ ਦੇ ਟੁਕੜੇ ਕਰਾ 'ਤੇ ਐ।
ਉਹਦੇ ਪੈਰਾਂ ਦੇ ਸਜਰੇ ਛਾਲਿਆਂ ਨੇ
ਛਾਲੇ ਜ਼ੁਲਮ ਦੀ ਜੀਭ 'ਤੇ ਪਾ 'ਤੇ ਐ।
ਕਿਸੇ ਕਿਹਾ ਦਸਮੇਸ਼ ਨੂੰ ਲਾਲ ਤੇਰੇ
ਗੰਗੂ ਦੁਸ਼ਮਣਾਂ ਕੋਲ ਪਕੜਾ 'ਤੇ ਐ।
ਅੱਗੋਂ ਕਿਹਾ ਦਸਮੇਸ਼ ਬ੍ਰਾਹਮਣਾਂ ਲਈ
ਜਦੋਂ ਖੁੱਲ੍ਹ ਸਹੈਤਾ ਦਾ ਹੱਟ ਜਾਵੇ।
ਮੇਰੇ ਪੁੱਤਰ ਫੜਾਈ ਦਾ ਜੋ ਲਭਣਾ
ਉਹ ਵੀ ਗ਼ੈਰ ਬ੍ਰਾਹਮਣ ਕਿਉਂ ਖੱਟ ਜਾਵੇ।
ਸਾਨੂੰ ਗ਼ਫ਼ਲਤ ਦੀ ਨੀਂਦੋਂ ਜਗਾ ਕੇ ਤੇ
ਨੱਸ ਨੱਸ 'ਚ ਬੀਰਤਾ ਭਰ ਗਿਆ ਉਹ।
ਧੌਣਾਂ ਨੀਵੀਆਂ ਭੰਨ ਹੰਕਾਰ ਦੀਆਂ
ਝੰਡੇ ਧਰਮ ਵਾਲੇ ਉੱਚੇ ਕਰ ਗਿਆ ਉਹ।
ਦੁੱਖ ਦੇਖ ਕੇ ਕਿਸੇ ਦੀ ਜਾਨ ਉੱਤੇ
ਦੁੱਖ ਆਪਣੀ ਜਾਨ 'ਤੇ ਜਰ ਗਿਆ ਉਹ।
ਸਿੱਖੀ ਪੰਥ ਦਾ ਮਹਿਲ ਬਣਾਉਣ ਲੱਗਾ
ਸੀਸ ਪੁੱਤਾਂ ਦੇ ਨੀਂਹਾਂ 'ਚ ਧਰ ਗਿਆ ਉਹ।
ਦਾਗ਼ੀ ਪੈਰ ਹੋ ਗਏ ਐਪਰ ਦਾਗ਼ 'ਸਫ਼ਰੀ'
ਪੈਣ ਦਿੱਤੇ ਨਹੀਂ ਪੰਥ ਦੇ ਝੰਡਿਆਂ 'ਤੇ।
ਮਾਛੀਵਾੜੇ ਦੀ ਸੁੰਨਮਸਾਨ ਅੰਦਰ
ਅੱਖਾਂ ਮੀਟ ਕੇ ਸੌਂ ਗਿਆ ਕੰਡਿਆਂ 'ਤੇ।

***

33

ਪਾਉਂਟਾ ਸਾਹਿਬ

ਪਾਉਂਟਾ ਸਾਹਿਬ ਅਸਥਾਨ ਹੈ ਸਤਿਗੁਰਾਂ ਦਾ
ਏਥੇ ਤੇਗ਼ਾਂ ਦਸਮੇਸ਼ ਨੇ ਮਾਰੀਆਂ ਨੇ।
ਏਥੇ ਖ਼ਾਲਸਈ ਫ਼ੌਜਾਂ ਜਿੱਤੀਆਂ ਨੇ
ਏਥੇ ਮੁਗ਼ਲ ਹਕੂਮਤਾਂ ਹਾਰੀਆਂ ਨੇ।
ਜਮਨਾ ਲੰਘਦੀ ਏਥੋਂ ਖ਼ਾਮੋਸ਼ ਹੋ ਕੇ
ਇਹ ਵੀ ਉਹਦੀਆਂ ਖੇਡਾਂ ਨਿਆਰੀਆਂ ਨੇ।
ਏਥੇ ਬੈਠ ਕੇ ਓਸ ਪ੍ਰਮਾਤਮਾ ਦੀ
ਉਸਤਤ ਲਿਖੀ ਬਵੰਜਾ ਲਿਖਾਰੀਆਂ ਨੇ।
ਏਥੇ ਰਿਧੀਆਂ ਸਿਧੀਆਂ ਕਰਾਮਾਤਾਂ
ਰੱਬੀ ਰਹਿਮਤਾਂ ਹੋਰ ਵੀ ਸਾਰੀਆਂ ਨੇ।
ਕਾਈ ਸ਼ੈ ਦੀ ਏਥੇ ਤਰੋਟ ਕੋਈ ਨਹੀਂ
ਏਥੇ ਬਰਕਤਾਂ ਵਧਦੀਆਂ ਭਾਰੀਆਂ ਨੇ।
ਏਥੇ ਹਿਰਦੇ 'ਚ ਵਸਦਾ ਗੁਰੂ ਨਾਨਕ
ਏਥੇ ਨੈਣਾਂ 'ਚ ਨਾਮ ਖ਼ੁਮਾਰੀਆਂ ਨੇ।
ਏਥੇ ਸਾਹਿਬ ਅਜੀਤ ਨੂੰ ਨਾਲ ਲੈ ਕੇ
ਗੁਜਰੀ ਮਾਂ ਨੇ ਵਰਸਾਂ ਗੁਜ਼ਾਰੀਆਂ ਨੇ।
ਜਾਪ ਸਾਹਿਬ, ਸਵੱਈਏ, ਅਕਾਲ ਉਸਤਤ
ਏਥੇ ਬਾਣੀਆਂ ਗਈਆਂ ਉਚਾਰੀਆਂ ਨੇ।
ਬੁੱਧੂ ਸ਼ਾਹ ਵਰਗੇ ਕਈਆਂ ਭੰਬਟਾਂ ਨੇ
ਏਸੇ ਸ਼ਮ੍ਹਾਂ ਉਤੋਂ ਜਾਨਾਂ ਵਾਰੀਆਂ ਨੇ।
ਅੰਮ੍ਰਿਤ ਏਸ ਸਰੋਵਰ ਦਾ ਬੜਾ ਮਿੱਠਾ
ਬਾਕੀ ਜੱਗ ਦੀਆਂ ਖੂਹੀਆਂ ਖਾਰੀਆਂ ਨੇ।
ਏਥੇ ਆਣ ਕੇ ਮੋਇਆਂ 'ਚ ਜਾਨ ਪਇੰਦੀ
ਏਥੇ ਬਰਕਤਾਂ ਵਧਦੀਆਂ ਭਾਰੀਆਂ ਨੇ।

ਆਸਾਂ ਪੂਰੀਆਂ ਕਰਨ ਲਈ ਜੀਵ ਦੀਆਂ
ਏਥੇ ਆਸਾ ਦੀ ਵਾਰ ਨੂੰ ਗਾਇਆ ਜਾਂਦੈ।

ਕਿਧਰੇ ਜੀਵਨ ਮਨੁੱਖ ਦਾ ਰਾਸ ਆ ਜਾਏ
ਰਹਿਰਾਸ ਦਾ ਪਾਠ ਸੁਣਾਇਆ ਜਾਂਦੈ।

ਏਥੇ ਅਮਰ ਬਣਾਉਣ ਲਈ ਖ਼ਾਲਸੇ ਨੂੰ
ਖੰਡੇ ਧਾਰ ਦਾ ਅੰਮ੍ਰਿਤ ਛਕਾਇਆ ਜਾਂਦੈ।

ਏਥੇ ਜ਼ਾਲਮ ਮਨੁੱਖ ਨੂੰ ਪਰ੍ਹੇ ਕਰਕੇ
ਹਿੱਕ ਨਾਲ ਮਜ਼ਲੂਮ ਨੂੰ ਲਾਇਆ ਜਾਂਦੈ।

ਏਥੇ ਪਿਤਾ ਦਸਮੇਸ਼ ਦੀ ਤੇਗ ਅੱਗੇ
ਘੁਟਨੇ ਟੇਕ ਦਿੱਤੇ ਬਾਈ ਧਾਰੀਆਂ ਨੇ।

ਦੇਵੀ ਦੇਵਤੇ ਏਥੇ ਨਿਵਾਸ ਕਰਦੇ
ਏਥੇ ਬਰਕਤਾਂ ਵਸਦੀਆਂ ਭਾਰੀਆਂ ਨੇ।

ਪਾਉਂਟੇ ਸਾਹਿਬ ਦਸਮੇਸ਼ ਨੇ ਲਾ ਚੱਪੂ
ਡੁੱਬੀ ਹਿੰਦ ਦੀ ਬੇੜੀ ਨੂੰ ਤਾਰ ਦਿੱਤਾ।

ਇਹ ਤਾਂ ਸਾਡੀ ਤਵਾਰੀਖ਼ ਹੀ ਦੱਸਦੀ ਏ
ਸਾਨੂੰ ਕੀ ਕੀ ਓਸ ਦਾਤਾਰ ਦਿੱਤਾ।

ਫ਼ਤਿਹ ਸਿੰਘ ਦਿੱਤਾ ਜ਼ੋਰਾਵਰ ਦਿੱਤਾ
ਜੰਗ ਵਿਚ ਅਜੀਤ, ਜੁਝਾਰ ਦਿੱਤਾ।

ਟੁੱਟੇ ਹੋਏ ਜਨੇਊਆਂ ਦੇ ਧਾਗਿਆਂ ਤੋਂ
ਉਨਹੇ ਪਿਤਾ ਦਾ ਸੀਸ ਵੀ ਵਾਰ ਦਿੱਤਾ।

ਏਥੇ ਸਿਰਾਂ ਦੇ ਵਣਜ ਵਪਾਰ ਕੀਤੇ
ਬੇ-ਖ਼ੌਫ਼ ਸਿਰ ਲੱਥ ਵਪਾਰੀਆਂ ਨੇ।

ਏਥੇ ਸਦਾ ਸ਼ਹੀਦਾਂ ਦਾ ਵਾਸ ਸਿੰਘੋ
ਏਥੇ ਬਰਕਤਾਂ ਵਸਦੀਆਂ ਭਾਰੀਆਂ ਨੇ।

ਪਾਉਂਟਾ ਸਾਹਿਬ ਤੋਂ ਇਕ ਆਰੰਭ ਹੁੰਦੀ
ਦਾਸਤਾਨ ਹੈ ਗੁਰੂ ਗੋਬਿੰਦ ਸਿੰਘ ਦੀ।

ਪਾਉਂਟਾ ਸ਼ਾਨ ਹੈ ਗੁਰੂ ਗੋਬਿੰਦ ਸਿੰਘ ਦੀ
ਅਣਖ ਆਣ ਹੈ ਗੁਰੂ ਗੋਬਿੰਦ ਸਿੰਘ ਦੀ।

ਜਿਹਨੂੰ ਦੇਖ ਕੇ ਸ਼ਤਰੂ ਤੀਰ ਹੁੰਦੇ
ਇਹ ਕਮਾਨ ਹੈ ਗੁਰੂ ਗੋਬਿੰਦ ਸਿੰਘ ਦੀ।
ਪਾਉਂਟਾ ਜਿਸਮ ਹੈ ਗੁਰੂ ਗੋਬਿੰਦ ਸਿੰਘ ਦਾ
ਪਾਉਂਟਾ ਜਾਨ ਹੈ ਗੁਰੂ ਗੋਬਿੰਦ ਸਿੰਘ ਦੀ।
ਏਥੇ ਸਿਰਾਂ 'ਤੇ ਦੇਖੇ ਨੇ ਚੌਰ ਝੁਲਦੇ
ਏਥੇ ਸਿਰਾਂ 'ਤੇ ਚਲਦੀਆਂ ਆਰੀਆਂ ਨੇ।
ਏਥੇ ਸਦਾ ਸ਼ਹੀਦਾਂ ਦਾ ਵਾਸ 'ਸਫ਼ਰੀ'
ਏਥੇ ਬਰਕਤਾਂ ਵਸਦੀਆਂ ਭਾਰੀਆਂ ਨੇ।

***

ਮਾਤਾ ਭਾਗੋ

ਮਾਤਾ ਭਾਗੋ ਨੇ ਆਖਿਆ ਮਹਾਂ ਸਿੰਘਾ
ਮੁੱਖ ਪਿਤਾ ਦਸਮੇਸ਼ ਤੋਂ ਮੋੜ ਆਇਓਂ।
ਵੱਧ ਤੋੜਿਓਂ ਲੰਬਾ ਜਵਾਨ ਸੈਂ ਤੂੰ
ਸਿੱਖੀ ਨਾਲੋਂ ਪ੍ਰੀਤ ਕਿਉਂ ਤੋੜ ਆਇਓਂ।
ਫ਼ਤਿਹ ਸਿੰਘ ਮਾਸੂਮ ਨੂੰ ਛੱਡ ਆਇਓਂ?
ਜ਼ੋਰਾਵਰ ਦੀ ਬਾਂਹ ਝੰਜੋੜ ਆਇਓਂ।
ਤੈਨੂੰ ਚੱਪੂ ਦਸਮੇਸ਼ ਨੇ ਬਖ਼ਸ਼ਿਆ ਸੀ
ਬੇੜਾ ਕਿਹੜੇ ਸਮੁੰਦਰ 'ਚ ਛੋੜ ਆਇਓਂ।
ਗੁਰੂ ਤੇਗ਼ ਬਹਾਦਰ ਕੀ ਆਖਦਾ ਹਊ
ਜ਼ਰਾ ਤੱਕ ਤਾਂ ਸਹੀ ਆਕਾਸ਼ ਉੱਤੇ।
ਪੱਥਰ ਦਿਲਾ ਮੈਦਾਨ 'ਚੋਂ ਪਰਤ ਆਇਓਂ
ਧਰ ਕੇ ਲੱਤ ਅਜੀਤ ਦੀ ਲਾਸ਼ ਉੱਤੇ।
ਲੈ ਕੇ ਮਾਝੇ ਦੇ ਸਿੰਘਾਂ ਨੂੰ ਜਥੇਦਾਰਾ!
ਚੰਗੀ ਸਿੱਖੀ ਪ੍ਰੀਤ ਨਿਭਾ ਆਇਓਂ।
ਢਾਉਣਾ ਸੀਗਾ ਮੈਦਾਨ ਵਿਚ ਦੁਸ਼ਮਣਾਂ ਨੂੰ
ਸਗੋਂ ਸਿੰਘਾਂ ਦੇ ਹਉਸਲੇ ਢਾ ਆਇਓਂ।
ਉਜਲੇ ਸਿੱਖ ਇਤਿਹਾਸ ਦੇ ਪੰਨਿਆਂ 'ਤੇ
ਕਾਲਾ ਦਾਗ਼ ਕਲੰਕੀਆ ਲਾ ਆਇਓਂ।
ਜਿਹਨੇ ਤੇਗ਼ ਫੜਾਈ ਸੀ ਹੱਥ ਤੇਰੇ
ਉਹਦੇ ਹੱਥ ਬੇ-ਦਾਵਾ ਫੜਾ ਆਇਓਂ?
ਜਦੋਂ ਜੱਗ ਨੇ ਸਿੱਖ ਇਤਿਹਾਸ ਪੜ੍ਹਿਆ
ਹੱਤਕ ਹੋਏਗੀ ਦੇਸ਼ ਦੀਵਾਨਿਆਂ ਦੀ।
ਬਲਦੀ ਸ਼ਮ੍ਹਾਂ ਨੂੰ ਦੇਖ ਕੇ ਮਹਾਂ ਸਿੰਘਾ
ਪਰਤ ਆਈ ਕਿਉਂ ਡਾਰ ਪਰਵਾਨਿਆਂ ਦੀ।

ਪਰਤਣ ਲੱਗਿਆਂ ਤੈਨੂੰ ਮੈਦਾਨ ਵਿਚੋਂ
ਪੀਤੇ ਅੰਮ੍ਰਿਤ ਪਿਆਲੇ ਨਾ ਯਾਦ ਆਏ।
ਤੱਤੀ ਤਵੀ ਲਾਹੌਰ ਦੀ ਦਿਸੀ ਕੁਈ ਨਾ
ਪੰਚਮ ਪਿਤਾ ਦੇ ਛਾਲੇ ਨਾ ਯਾਦ ਆਏ।
ਕੀ ਸੀ ਕਿਹਾ ਕਸ਼ਮੀਰ ਦੇ ਪੰਡਤਾਂ ਨੇ
ਢੱਠੇ ਮੰਦਰ ਸ਼ਵਾਲੇ ਨਾ ਯਾਦ ਆਏ।
ਕਲਗੀਧਰ ਦੇ ਲਾਡ ਲਡਿੱਕੜੇ ਦੋ
ਹੋ ਗਏ ਕੰਧਾਂ ਹਵਾਲੇ ਨਾ ਯਾਦ ਆਏ।
ਦੇ ਕੇ ਕੰਡ ਮੈਦਾਨ 'ਚੋਂ ਤੁਸੀਂ ਪਰਤੇ
ਤਾਂ ਵੀ ਮਰਦ ਹੋ ਅਸੀਂ ਜ਼ਨਾਨੀਆਂ ਹਾਂ।
ਜਾਉ ਖਾਉ ਆਰਾਮ ਦਾ ਆ ਕੇ ਆਪਾਂ
ਤੀਰ ਵੈਰੀ ਦੇ ਖਾਣ ਨੂੰ ਜਾਨੀਆਂ ਹਾਂ।
ਲੱਗੀ ਕਾਨੀ ਕਲੇਜੇ 'ਚ ਮਹਾਂ ਸਿੰਘ ਦੇ
ਬਲਦੀ ਅੱਗ ਵਾਂਗੂੰ ਅੱਖਾਂ ਭੜਕ ਉਠੀਆਂ।
ਸਰਕੇ ਤੀਰ ਕੁਰੁੰਡੀਏ ਸੱਪ ਬਣ ਕੇ
ਤੇਗ਼ਾਂ ਵਿਚ ਮਿਆਨਾਂ ਦੇ ਫੜਕ ਉਠੀਆਂ।
ਸੱਦੇ ਭੇਜ ਕੇ ਸਿੰਘ ਬੁਲਾਏ ਸਾਰੇ
ਰੜਕਾਂ ਸਾਰੀਆਂ ਹਿੱਕਾਂ 'ਚ ਰੜਕ ਉਠੀਆਂ।
ਮੁਕਤਸਰ ਮੈਦਾਨ ਵਿਚ ਦੁਸ਼ਮਣਾਂ ਦੇ
ਮਾਨੋਂ ਸਿਰਾਂ 'ਤੇ ਬਿਜਲੀਆਂ ਕੜਕ ਉਠੀਆਂ।
ਹੈਸਨ ਸਿੰਘ ਸਵਾਏ ਤੇ ਮੁਗ਼ਲ ਬਹੁਤੇ
ਕਟਾ-ਵੱਢੀ ਮੈਦਾਨ ਵਿਚ ਹੋ ਰਹੀ ਸੀ।
ਕਿਸੇ ਸੱਜ ਵਿਆਹੀ ਦੀ ਮਾਂਗ ਵਾਂਗੂੰ
ਲਾਲੀ ਹਰ ਤਲਵਾਰ 'ਚੋਂ ਚੋ ਰਹੀ ਸੀ।
ਕਿਹਾ ਮੁਗ਼ਲ ਹਕੂਮਤ ਦੇ ਘੋੜ-ਚੜ੍ਹਿਆਂ
ਸਮਾਂ ਜ਼ਿੰਦਗੀ ਵਿਚ ਇਹ ਕੇਹਾ ਆਇਆ।
ਆਈ ਪਾਣੀ ਦੀ ਤੋਟ ਮੈਦਾਨ ਅੰਦਰ
ਟੁੱਕਰ ਸੱਜਰਾ ਆਇਆ ਨਾ ਬੇਹਾ ਆਇਆ।

ਇਕ ਸ਼ੂਕਦਾ ਸੋਨੇ ਦੇ ਸੱਪ ਵਰਗਾ
ਉੱਚੀ ਟਿੱਬੀਉਂ ਤੀਰ ਅਜੇਹਾ ਆਇਆ।
ਪਤਾ ਮੁਗ਼ਲ ਜਰਨੈਲਾਂ ਨੂੰ ਤਾਂ ਲੱਗਾ
ਜਦੋਂ ਮੌਤ ਦਾ ਲੈ ਸੁਨੇਹਾ ਆਇਆ।
ਓਥੇ ਮੁਗ਼ਲ ਹਜ਼ਾਰਾਂ ਹੀ ਕਤਲ ਹੋ ਗਏ
ਬਾਕੀ ਭੱਜ ਗਏ ਬੇ-ਉਮੀਦ ਹੋ ਕੇ।
ਖ਼ਾਤਿਰ ਪੰਥ ਦੀ ਚਾਲੀਆਂ ਮੁਕਤਿਆਂ ਨੇ
ਦਿੱਤੀ ਆਪਣੀ ਜ਼ਿੰਦ ਸ਼ਹੀਦ ਹੋ ਕੇ।
ਉੱਚੀ ਟਿੱਬੀਉਂ ਪਿਤਾ ਦਸਮੇਸ਼ ਉਤਰੇ
ਜੂਝ ਗਇਆਂ ਦਾ ਕਰਨ ਸਤਕਾਰ ਲੱਗੇ।
ਉਹਨੂੰ ਲਹੂ ਦੇ ਵਿਚ ਗੜੁੱਚ ਹੋਇਆਂ
ਕੋਈ ਅਜੀਤ ਲੱਗੇ ਕੋਈ ਜੁਝਾਰ ਲੱਗੇ।
ਘੂਕ ਸੁੱਤੇ ਸ਼ਹੀਦਾਂ ਦੇ ਸਿਰਾਂ ਉੱਤੇ
ਜਦੋਂ ਮੋਹ ਥੀਂ ਦੇਣ ਪਿਆਰ ਲੱਗੇ।
ਮਹਾਂ ਸਿੰਘ ਚਰੋਕਣਾ ਸਿਸਕਦਾ ਸੀ
ਦੇਖਣ ਓਸ ਨੂੰ ਜਦੋਂ ਦਾਤਾਰ ਲੱਗੇ।
ਫਰਕੇ ਬੁੱਲ੍ਹ ਬੇ-ਹੋਸ਼ੀ 'ਚ ਕਹਿਣ ਲੱਗਾ
ਦਿਲ ਵਿਚ ਤੇਰੀ ਤਸਵੀਰ ਤਾਂ ਵਸੀ ਹੋਈ ਹੈ।
ਮੇਰੀ ਜਿੰਦ ਸਰੀਰ 'ਚੋਂ ਨਿਕਲਦੀ ਨਹੀਂ
ਜਿੰਦ ਓਸੇ ਬੇਦਾਵੇ 'ਚ ਫਸੀ ਹੋਈ ਹੈ।
ਬੋਲੇ ਪਿਤਾ ਦਸਮੇਸ਼ ਓ ਮਹਾਂ ਸਿੰਘਾ
ਤੇਰੀ ਸਿੱਖੀ ਪ੍ਰੀਤ ਨੂੰ ਹਾੜਿਆ ਮੈਂ।
ਤਾੜ ਤਾੜ ਤੂੰ ਮਾਰਿਆ ਦੁਸ਼ਮਣਾਂ ਨੂੰ
ਉੱਚੀ ਟਿੱਬੀ 'ਤੇ ਬੈਠ ਕੇ ਹਾੜਿਆ ਮੈਂ।
ਲਾਇਆ ਹਿੱਕ ਦੇ ਨਾਲ ਮੈਂ ਖ਼ਾਲਸੇ ਨੂੰ
ਹਰ ਸ਼ਤਰੂ ਤਾਈਂ ਪਛਾੜਿਆ ਮੈਂ।
ਰਿਹਾ ਪਾੜਦਾ ਮੈਂ ਸੀਨੇ ਦੁਸ਼ਮਣਾਂ ਦੇ
ਆਹ ਲੈ ਤੇਰਾ ਬੇਦਾਵਾ ਵੀ ਪਾੜਿਆ ਮੈਂ।

'ਸ਼ਫ਼ਰੀ' ਪਿਤਾ ਦਸਮੇਸ਼ ਦੀ ਗੋਦ ਅੰਦਰ
ਮਹਾਂ ਸਿੰਘ ਦੇ ਅੱਥਰੂ ਡੁੱਲ੍ਹ ਰਹੇ ਸਨ।
ਏਥੇ ਅੱਖੀਆਂ ਮੀਟੀਆਂ ਜਾ ਰਹੀਆਂ ਸਨ
ਓਧਰ ਬੂਹੇ ਬਹਿਸ਼ਤ ਦੇ ਖੁੱਲ੍ਹ ਰਹੇ ਸਨ।

***

ਮੰਹਾਰਾਜਾ ਰਣਜੀਤ ਸਿੰਘ

ਕਾਰਨ ਭੁੱਖ਼ ਦੇ ਜਦੋਂ ਹਜ਼ੂਰ ਤੇਰੇ
ਅੱਖਾਂ ਡੁੱਲ੍ਹੀਆਂ ਕਿਸੇ ਮੁਹਤਾਜ ਦੀਆਂ।
ਪਾਂਡੀ ਪਾਤਸ਼ਾਹਾ! ਆਪੇ ਤੁਰ ਪਿਆ ਸੈਂ
ਪੰਡਾਂ ਸੀਸ 'ਤੇ ਚਾ ਕੇ ਅਨਾਜ ਦੀਆਂ।
ਤਾਜਦਾਰ ਜ਼ਮਾਨੇ ਦੇ ਮਾਤ ਪੈ ਗਏ
ਰਿਸ਼ਮਾਂ ਜਦੋਂ ਪਈਆਂ ਤੇਰੇ ਤਾਜ ਦੀਆਂ।
ਤੇਰੀ ਸ਼ਰਨ ਕੰਧਾਰ ਦੇ ਬਾਦਸ਼ਾਹ ਵੀ
ਲੈ ਕੇ ਖ਼ਿਲਵਤਾਂ ਪੁੱਜੇ ਖੁਰਾਜ ਦੀਆਂ।
ਚਾਲੀ ਸਾਲ ਤੂੰ ਰਾਖੀਆਂ ਰਿਹੋਂ ਕਰਦਾ
ਸਾਡੀ ਪੱਤ ਦੀਆਂ ਸਾਡੀ ਲਾਜ ਦੀਆਂ।
ਰਾਜ ਕੌਰ ਦੇ ਰਾਜ ਦੁਲਾਰਿਆ ਓਏ!
ਗੱਲਾਂ ਹੋ ਰਹੀਆਂ ਤੇਰੇ ਰਾਜ ਦੀਆਂ।
ਮਹਾਂ ਬਲੀ ਤੇਜੱਸਵੀ ਮਹਾਂ ਜੋਧਾ
ਸਖੀ ਸੂਰਮਾ ਸ਼ਾਹ ਸੁਲਤਾਨ ਸੈਂ ਤੂੰ।
ਜਿਹਨੂੰ ਦੇਵਤੇ ਰਹੇ ਸਲਾਮ ਕਰਦੇ
ਮੇਰੇ ਦੇਸ਼ ਦਾ ਪਰਮ ਇਨਸਾਨ ਸੈਂ ਤੂੰ।
ਦੇਸ਼ ਭਗਤ ਮੁਜੱਸਮਾ ਨੇਕੀਆਂ ਦਾ
ਨਿਆਂ-ਕਾਰ ਸੈਂ ਤੂੰ ਨੀਤੀ-ਵਾਨ ਸੈਂ ਤੂੰ।
ਸਾਡੀ ਅਣਖ ਸੈਂ ਤੂੰ ਸਾਡੀ ਆਨ ਸੈਂ ਤੂੰ
ਸਾਡੇ ਸਾਂਝੇ ਪੰਜਾਬ ਦੀ ਸ਼ਾਨ ਸੈਂ ਤੂੰ।
ਫ਼ਿਕਰਾਂ ਜਿਸ ਤਰ੍ਹਾਂ ਬਾਪ ਨੂੰ ਹੁੰਦੀਆਂ ਨੇ
ਆਪਣੀ ਲਾਡਲੀ ਧੀ ਦੇ ਦਾਜ ਦੀਆਂ।

ਸੋਚਾਂ ਤੈਨੂੰ ਸੀ ਦਾਨੀ ਸ਼ਹਿਨਸ਼ਾਹਾ
ਸਿੱਖ ਕੌਮ ਦੀਆਂ ਸਿੱਖ ਰਾਜ ਦੀਆਂ।

ਸ਼ਾਨਾਂ ਉੱਚੀਆਂ ਵਾਲੇ ਰਣਜੀਤ ਸਿੰਘਾ
ਜਿੰਨਾ ਰਾਜ ਕੀਤਾ, ਕੀਤਾ ਸ਼ਾਨ ਦੇ ਨਾਲ।

ਬਾਰਾਂ ਹੋਰ ਆ ਕੇ ਖ਼ਾਨਦਾਨ ਮਿਲ ਗਏ
ਸ਼ੁਕਰ ਚੱਕੀਆ ਦੇ ਖ਼ਾਨਦਾਨ ਦੇ ਨਾਲ।

ਤੂੰ ਲਾਹੌਰ, ਪਸ਼ੌਰ, ਕਸ਼ਮੀਰ ਜਿੱਤਿਆ
ਤੇ ਮੁਲਤਾਨ ਲੀਤਾ ਵੱਡੇ ਤਾਨ ਦੇ ਨਾਲ।

ਤੇਰੇ ਉੱਤੇ ਦਸਮੇਸ਼ ਦੀ ਰਹੀ ਕਿਰਪਾ
ਜੋ ਵੀ ਲਿਆ ਤੂੰ ਲਿਆ ਕਿਰਪਾਨ ਦੇ ਨਾਲ।

ਕਾਬਲ ਵਿਚ ਕਹਾਣੀਆਂ ਪੈਂਦੀਆਂ ਨੇ
ਲੱਖਾਂ ਦੁਸ਼ਮਣਾਂ ਨੂੰ ਪਾਈ ਭਾਜ ਦੀਆਂ।

ਹਰੀ ਸਿੰਘ ਵਰਗੇ ਸੀ ਜਰਨੈਲ ਤੇਰੇ
ਸਿਫ਼ਤਾਂ ਹੋ ਰਹੀਆਂ ਤੇਰੇ ਰਾਜ ਦੀਆਂ।

ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਦੇ
ਨਾਂ ਦਾ ਸਿੱਕਾ ਚਲਾਇਆ ਰਣਜੀਤ ਸਿੰਘ ਨੇ।

ਕੋਹਨੂਰ ਹੀਰਾ ਬੇਸ਼ੁਮਾਰ ਸੋਨਾ
ਹਰੀ ਮੰਦਰ ਚੜ੍ਹਾਇਆ ਰਣਜੀਤ ਸਿੰਘ ਨੇ।

ਜਿੰਨਾ ਧਨ ਸ਼ਵਾਲੇ ਦੇ ਨਾਮ ਲਾਇਆ
ਉੱਨਾ ਮਸਜਦ ਦੇ ਲਾਇਆ ਰਣਜੀਤ ਸਿੰਘ ਨੇ।

ਫੂਲਾ ਸਿੰਘ ਤੋਂ ਕੋਰੜੇ ਖਾ ਕੇ ਵੀ
ਮੱਥੇ ਵੱਟ ਨਾ ਪਾਇਆ ਰਣਜੀਤ ਸਿੰਘ ਨੇ।

ਹਿੰਦੂ ਸਿੱਖ ਈਸਾਈ ਤੇ ਵੀਰ ਮੋਮਨ
ਨਿੱਗਰ ਬਾਹਵਾਂ ਸੀ ਤੇਰੇ ਸਮਾਜ ਦੀਆਂ।

ਤੇਰੇ ਰਾਜ ਵਰਗਾ ਕਿਧਰੇ ਰਾਜ ਕੁਈ ਨੀ
ਗੱਲਾਂ ਹੋ ਰਹੀਆਂ ਤੇਰੇ ਰਾਜ ਦੀਆਂ।

ਸਿੱਧਾ ਦੋਸਤ ਮੁਹੰਮਦ ਨੂੰ ਤੀਰ ਕੀਤਾ
ਆਪਣੇ ਤੀਰ ਦੇ ਨਾਲ ਤੇ ਕਮਾਨ ਦੇ ਨਾਲ।
ਚੜ੍ਹਤ ਸਿੰਘ ਦੇ ਪੋਤੇ ਦੀ ਚੜ੍ਹਤ ਦੇਖੀ
ਅਹਿਮਦ ਸ਼ਾਹ ਦੇ ਪੋਤੇ ਜ਼ਮਾਨ ਦੇ ਨਾਲ।
ਤੇਰੀ ਧਾਂਕ ਪਸ਼ੌਰ ਤੋਂ ਪਰ੍ਹੇ ਤੱਕ ਸੀ
ਜਿੱਤਾਂ ਜਿੱਤਦਾ ਰਿਹੋਂ ਤੂੰ ਸ਼ਾਨ ਦੇ ਨਾਲ।
ਤੈਨੂੰ ਨਿਰਾ ਪੰਜਾਬ ਹੀ ਪਿਆਰਾ ਨਹੀਂ ਸੀ
ਤੇਰਾ ਪਿਆਰ ਸੀ ਹਿੰਦੋਸਤਾਨ ਦੇ ਨਾਲ।
ਮੌਤੇ ਆ ਕੁਲਹਿਣੀਏ ਆ ਤਾਂ ਸਹੀ
ਖ਼ਬਰਾਂ ਪੁੱਛੀਏ ਤੇਰੇ ਮਜ਼ਾਜ ਦੀਆਂ।
ਅੱਗ ਵਾਂਗ ਗੋਦਾਵਰੀ ਮੱਚ ਉਠਦੀ
ਗੱਲਾਂ ਯਾਦ ਕਰਕੇ ਤੇਰੇ ਰਾਜ ਦੀਆਂ।
ਇਕੋ ਘਾਟ ਤੇ ਸ਼ੀਂਹ ਤੇ ਬੱਕਰੀ ਨੂੰ
'ਕੱਠਾ ਪਾਣੀ ਪਿਲਾਇਆ ਰਣਜੀਤ ਸਿੰਘ ਨੇ।
ਏਧਰ ਬਾਂਗ ਮਿਲਦੀ ਓਧਰ ਸੰਖ ਵਜਦਾ
ਕੈਸਾ ਜਾਦੂ ਦਿਖਾਇਆ ਰਣਜੀਤ ਸਿੰਘ ਨੇ।
ਕੀ ਮਜਾਲ ਜੇ ਕਿਸੇ ਗ਼ਰੀਬੜੇ ਦਾ
ਹੋਵੇ ਦਿਲ ਦੁਖਾਇਆ ਰਣਜੀਤ ਸਿੰਘ ਨੇ।
ਜ਼ਹਿਰੀ ਨਾਗਾਂ ਕਲੇਜੇ 'ਚ ਡੰਗ ਮਾਰੇ
ਅੱਗੋਂ ਦੁੱਧ ਪਿਲਾਇਆ ਰਣਜੀਤ ਸਿੰਘ ਨੇ।
ਕੋਈ ਬਲੀ ਬਜਰੰਗ ਦੇ ਲਾਏ ਨਾਅਰੇ
ਸਿਫ਼ਤਾਂ ਕਰੇ ਕੋਈ ਖਿਜ਼ਰ ਖੁਆਜ ਦੀਆਂ।
ਤੇਰਾ ਰਾਜ ਸੀ ਰਾਜ ਪੰਜਾਬੀਆਂ ਦਾ
ਸਿਫ਼ਤਾਂ ਹੋ ਗਈਆਂ ਤੇਰੇ ਰਾਜ ਦੀਆਂ।
ਅਸਤ ਮਾਂ ਦੇ ਤਾਰਨ ਦਲੀਪ ਆਇਆ
ਅਸੀਂ ਜਾ ਗੋਦਾਵਰੀ ਭਾਲ ਲੈਂਦੇ।

ਉਹਦੇ ਸੀਸ ਦੇ ਉੱਤੇ ਪਿਆਰ ਦਿੰਦੇ
ਉਹਨੂੰ ਅੱਖੀਆਂ ਉੱਤੇ ਬਿਠਾਲ ਲੈਂਦੇ।
ਉਹਦੀ ਮਾਂ ਦਾ ਅਸੀਂ ਅਫ਼ਸੋਸ ਕਰਦੇ
ਉਹਨੂੰ ਲਾ ਕਲੇਜੇ ਦੇ ਨਾਲ ਲੈਂਦੇ।
ਉਹਨੂੰ ਤਖ਼ਤ ਪੰਜਾਬ ਦਾ ਸੌਂਪ ਦਿੰਦੇ
ਅਸੀਂ ਆਪਣਾ ਰਾਜ ਸਮਾਲ੍ਹ ਲੈਂਦੇ।
'ਸਫ਼ਰੀ' ਮੂਲ ਹੀ ਗਿਆ ਅਜਾਈਂ ਸਾਡਾ
ਸੋਚਾਂ ਸੋਚਦੇ ਕੀ ਵਿਆਜ ਦੀਆਂ।
ਅਸੀਂ ਆਪਣਾ ਰਾਜ ਗੁਆ ਕੇ ਵੀ
ਗੱਲਾਂ ਕਰ ਰਹੇ ਹਾਂ ਤੇਰੇ ਰਾਜ ਦੀਆਂ।

***

ਬੰਦਾ ਬਹਾਦਰ

ਬੰਦੇ ਨੂੰ ਕਿਸੇ ਨੇ ਦਸਿਆ ਜੰਗਲ ਵਿਚ ਜਾ ਕੇ।
ਸਿੰਘਾਂ ਨੇਂ ਭੜਥੂ ਪਾ 'ਤਾ ਤੇਰੇ ਘਰ ਵਿਚ ਆ ਕੇ।

ਉਹ ਪੂਜਾ ਦੀ ਥਾਂ ਬੈਠ ਗਏ ਬੱਕਰੇ ਝਟਕਾ ਕੇ।
ਇਕ ਪਲੰਘ ਤੇਰੇ 'ਤੇ ਬਹਿ ਗਿਆ ਕ੍ਰਿਪਾਨ ਸਜਾ ਕੇ।

ਉਹਦੇ ਹੱਥ ਸੁਨਹਿਰੀ ਬਾਜ਼ ਹੈ ਇਕ ਬੜਾ ਪਿਆਰਾ।
ਉਹਦੇ ਨੀਲੇ ਨੀਲੇ ਕੱਪੜੇ ਨੀਲਾ ਦਸਤਾਰਾ।

ਕਲਗੀ ਦਾ ਨੀਲੀ ਪੱਗ 'ਚੋਂ ਪੈਂਦਾ ਲਿਸ਼ਕਾਰਾ।
ਜਿਉਂ ਨੀਲੇ ਅੰਬਰ ਚਮਕਦਾ ਸੋਨੇ ਦਾ ਤਾਰਾ।

ਸੁਣ ਬਚਨ ਵੈਰਾਗੀ ਬੀਰ ਬਹੁਤ ਗੁੱਸੇ ਵਿਚ ਆਇਆ।
ਉਹ ਮੁੜਿਆ ਕੁਟੀਆ ਵੱਲ ਬੱਦਲ ਜਿਉਂ ਗਜ ਗਜਾਇਆ।

ਕਹਿੰਦਾ ਮੇਰੀ ਜੂਹ ਵਿਚ ਕਿਸਮਤ ਦਾ ਮਾਰਾ।
ਕੋਈ ਮੌਤ ਵਿਹਾਜਣ ਆ ਗਿਆ ਅਲ੍ਹੜ ਵਣਜਾਰਾ।

ਉਸ ਮੰਤਰ ਪੜ੍ਹਕੇ ਪਲੰਘ ਨੂੰ ਪਲਟਾਉਣਾ ਚਾਹਿਆ।
ਤੇ ਚੌਂਹ ਬੀਰਾਂ ਦੇ ਜ਼ੋਰ ਨੂੰ ਅਜ਼ਮਾਉਣਾ ਚਾਹਿਆ।
ਉਨ ਮੱਥਾ ਨਾਲ ਹਿਮਾਲੀਆ ਦੇ ਲਾਉਣਾ ਚਾਹਿਆ।

ਕਰ ਲਈ ਬਥੇਰੀ ਓਸ ਨੇ ਉਥੱਲ ਪਥੱਲੀ।
ਪਰ ਦਸਮ ਪਿਤਾ ਦੇ ਸਾਮ੍ਹਣੇ ਕੁਈ ਪੇਸ਼ ਨਾ ਚੱਲੀ।

ਉਹ ਕਰ ਕਰ ਥੱਕਾ ਜਤਨ ਪੇਸ਼ ਨਾ ਚੱਲੀ ਕਾਈ।
ਤੱਦ ਸੰਨ੍ਹੋਂ ਫੜਿਓਂ ਚੋਰ ਵਾਂਗ ਉਸ ਧੌਣ ਨਿਵਾਈ।

ਜੱਦ ਦੇਖੀ ਬਾਜ਼ਾਂ ਵਾਲੜੇ ਉਸ ਦੀ ਨਰਮਾਈ।
ਭਰ ਬਾਟਾ ਖੰਡੇ ਧਾਰ ਦੀ ਉਹਨੂੰ ਪਹੁਲ ਪਿਲਾਈ।

ਅੰਮ੍ਰਿਤ ਦੀ ਪਹਿਲੀ ਬੂੰਦ ਜਦ ਉਸ ਬੁੱਲ੍ਹੀਂ ਲਾਈ।
ਉਹਦੇ ਦਿਲ ਦਾ 'ਨ੍ਹੇਰਾ ਉੱਡ ਗਿਆ ਹੋ ਗਈ ਰੁਸ਼ਨਾਈ।

ਉਹਨੂੰ ਦਿਸ ਪਏ ਗਊਆਂ ਘੇਰ ਕੇ ਸੀ ਖੜ੍ਹੇ ਕਸਾਈ।
ਉਹਨੂੰ ਦਿਸ ਪਈ ਧਰਤ ਪੰਜਾਬ ਦੀ ਹੈ ਲਹੂ ਤਿਹਾਈ।

ਉਹਨੂੰ ਕਰਦੇ ਦਿਸ ਪਏ ਦਸ ਲੱਖ ਨਾਲ ਦਸ ਲੜਾਈ।
ਉਹਨੂੰ ਦਿਸ ਪਈ ਸਿੰਘਾਂ ਲਹੂ ਦੀ ਜੋ ਨਹਿਰ ਚਲਾਈ।
ਉਹਦੇ ਦਿਲ ਨੇ ਦਿੱਤੀ ਦੇਖ ਕੇ ਇਸ ਤਰ੍ਹਾਂ ਦੁਹਾਈ।
ਜਿਉਂ ਅੱਖਾਂ ਦੇ ਵਿਚ ਫੇਰ ਦਏ ਕੋਈ ਗਰਮ ਸਲਾਈ।
ਉਹਦੇ ਕੰਨਾਂ ਵਿਚੀਂ ਲੰਘਦੀ ਗਈ ਕੁਲ ਕਹਾਣੀ।
ਉਹਦਾ ਸੱਜਰਾ ਬਣ ਗਈ ਸੱਲ ਜਿਗਰ ਦੀ ਪੀੜ ਪੁਰਾਣੀ।
ਚਮਕੌਰ 'ਚ ਦੁਸ਼ਮਣ ਕੂਕਦੇ ਪਏ ਪਾਣੀ ਪਾਣੀ।
ਉਨ ਹੋਰ ਵੀ ਖ਼ੂਨੀ ਕੰਧ 'ਚੋਂ ਇਕ 'ਵਾਜ਼ ਪਛਾਣੀ।
ਆਖ਼ਿਰ ਦੋ ਜਿੰਦਾਂ ਬੋਲੀਆਂ 'ਕੱਠਾ ਜੈਕਾਰਾ।
ਵਗ ਪਈ ਫਿਰ ਉਸ ਕੰਧ ਚੋਂ ਇਕ ਖ਼ੂਨ ਦੀ ਧਾਰਾ।
ਜਦ ਏਨਾ ਬੰਦੇ ਵੇਖਿਆ ਭੈ ਭੀਤ ਨਜ਼ਾਰਾ।
ਉਹਦਾ ਇਕਦਮ ਸਿਖਰੇ ਚੜ੍ਹ ਗਿਆ ਗੁੱਸੇ ਦਾ ਪਾਰਾ।
ਉਹਦਾ ਕੁੜਤਾ ਭਿੱਜਕੇ ਹੋ ਗਿਆ ਮੁੜ੍ਹਕੇ ਵਿਚ ਗਾਰਾ।
ਉਨ ਫਤਿਹ ਗਜਾਕੇ ਚੁੰਮਿਆ ਖੰਡਾ ਦੋ ਧਾਰਾ।
ਤੇ ਘੱਲੂਘਾਰੇ ਜੰਗ ਦਾ ਕਰ ਲਿਆ ਤਿਆਰਾ।
ਹੁਣ ਕਿਹੜਾ ਜਿਤਦਾ ਹਾਰਦਾ ਰੱਬ ਕਰੂ ਨਿਤਾਰਾ।
ਹੁਣ ਜੰਗ ਸਿੰਘਾਂ ਦੀ ਚੜ੍ਹਨ ਨੂੰ ਫਿਰਦੀ ਸੀ ਲੱਠੇ।
ਸੁਣ ਸਿਦਕੀ ਸਿੰਘ ਪਸ਼ੌਰ ਦੇ ਦੂਹੋ ਦੂਹ ਨੱਠੇ।
ਜੱਟ ਸ਼ੇਖ਼ੂਪੁਰਾ ਲਾਹੌਰ ਜ਼ਿਲ੍ਹਾ ਮਾਝੇ ਦੇ ਪੱਠੇ।
ਢਾਕੇ ਦੀ ਮਲਮਲ ਸਿਰੀਂ ਤੇੜ ਚਾਬੀ ਦੇ ਲੱਠੇ।
ਤੁਰ ਪਿਆ ਦੁਆਬਾ ਮਾਲਵਾ ਕਰ ਅੱਠੋ ਅੱਠੇ।
ਸਝਰੇ ਜਹੇ ਉਠ ਸੁਆਣੀਆਂ ਲਏ ਰਾੜ੍ਹ ਪਰੱਠੇ।
ਰੱਖ ਦਿੱਤਾ ਚਾਰ ਦੁਆਬਣਾਂ ਮਲਵੈਣਾਂ ਗੱਠੇ।
ਤੇ ਕਹਿਣ ਕਿਤੇ ਕੁਈ ਸੂਰਮਾ ਭੁੱਖਾ ਨਾ ਢੱਠੇ।
ਦੂਹਿ ਦੂਹਿ ਸਿਰ ਅੰਨ ਬਨ੍ਹਾ 'ਤਾ ਸਭਨਾਂ ਦੀ ਗੱਠੇ।
ਉਥੇ ਲਗਪਗ ਪੰਜ ਹਜ਼ਾਰ ਦੇ ਸਿੰਘ ਹੋ ਗਏ ਕੱਠੇ।
ਓਧਰ ਵੀ ਸਰਹੰਦ ਦਾ ਸੂਬਾ ਬਲਕਾਰੀ।
ਕਰ ਰੱਖੀ ਪਹਿਲਾਂ ਜੰਗ ਦੀ ਜਿਨ ਸੀਗੀ ਤਿਆਰੀ।
ਓਹ ਤੋਪਾਂ ਲੈ ਕੇ ਆ ਗਿਆ ਭਾਰੀ ਤੋਂ ਭਾਰੀ।
ਉਨ ਕੋਲ ਬੰਦੇ ਦੇ ਘੱਲ ਕੇ ਆਪਣਾ ਦਰਬਾਰੀ।

ਅਖਵਾਇਆ ਜੇ ਹੈ ਬੰਦਿਆ ਤੈਨੂੰ ਜਾਨ ਪਿਆਰੀ।
ਸਿੰਘਾਂ ਨੂੰ ਲੈ ਕੇ ਭੱਜ ਜਾ ਏਥੋਂ ਇਕ ਵਾਰੀ।
ਬੰਦੇ ਤੋਂ ਕਰੜੀ ਚੋਟ ਨਾ ਇਹ ਗਈ ਸਹਾਰੀ।
ਲਿਖ ਭੇਜੀ ਮੁੜਦੇ ਹੱਥ ਉਹਨੂੰ ਇਹ ਗੱਲ ਕਰਾਰੀ।
ਮੈਨੂੰ ਯਾਦ ਹੈ ਪਾਪੀ ਸੂਬਿਆ ਤੇਰੀ ਕੀਤੀ ਸਾਰੀ।
ਉਹ ਦਸਮ ਪਿਤਾ ਦੇ ਬੱਚਿਆਂ ਦੀ ਖ਼ੂਨ ਗੁਜ਼ਾਰੀ।
ਸਰਹੰਦ ਹੈ ਬੇਸ਼ੱਕ ਸੂਬਿਆ ਤੈਨੂੰ ਬੜੀ ਪਿਆਰੀ।
ਪਰ ਹੱਥ ਵਿਚ ਫੜ ਕੇ ਅੱਜ ਮੈਂ ਇਕ ਤੇਗ਼ ਦੋ-ਧਾਰੀ।
ਇਹਦੀ ਹਰੀ ਚੁੰਨੀ ਨੂੰ ਲਾ ਦਿਆਂਗਾ ਲਾਲ ਕਨਾਰੀ।
ਮਰ ਕੇ ਨਹੀਂ ਆਉਣਾ ਜੱਗ 'ਤੇ ਕਿਨੇ ਦੂਜੀ ਵਾਰੀ।
ਬਸ ਗੱਲ ਕਾਹਦੀ ਆ ਸੂਰਮੇ ਵਿਚ ਰਣ ਦੇ ਜੁੱਟੇ।
ਉਥੇ ਵਿੰਹਦਿਆਂ-ਵਿੰਹਦਿਆਂ ਬੱਝ ਗਏ ਲੋਥਾਂ ਦੇ ਗੁੱਟੇ।
ਓਥੇ ਘਰ ਬੇਦਰਦਣ ਮੌਤ ਨੇ ਕਈਆਂ ਦੇ ਲੁੱਟੇ।
ਓਥੇ ਗਿਰਝਾਂ ਲਾਏ ਮਾਸ ਨੂੰ ਰੱਜ ਰੱਜ ਕੇ ਝੁੱਟੇ।
ਓਥੇ ਵੱਡ ਵੱਡਿਆਂ ਦੀ ਜ਼ਿੰਦਗੀ ਦੇ ਭਾਂਡੇ ਫੁੱਟੇ।
ਬੰਦੇ ਦਾ ਤੀਰ ਕਮਾਨ 'ਚੋਂ ਜਿੱਧਰ ਵੀ ਛੁੱਟੇ।
ਬੱਸ ਢੇਰੀਆਂ ਹੁੰਦੇ ਜਾਣ ਸੂਰਮੇਂ ਅੱਠ ਅੱਠ ਫੁੱਟੇ।
ਜਿੰਨੇ ਵੀ ਗੋਲੇ ਤੋਪ ਦੇ ਸੂਬੇ ਨੇ ਸੁੱਟੇ।
ਓਨੇ ਹੀ ਕਦਮ ਅਗਾਂਹ ਨੂੰ ਸਿੰਘਾਂ ਨੇ ਪੁੱਟੇ।
ਇਕ ਸ਼ੇਰ ਮੁਹੰਮਦ ਨੈਬ ਸੀ ਮੁਗ਼ਲਾਂ ਦਾ ਮੋਹਰੀ।
ਓਨ ਸਿੰਘਾਂ ਦਾ ਦਲ ਘੇਰਨੇ ਨੂੰ ਸੁੱਟੀ ਡੋਰੀ।
ਇਕ ਬਗਲੋਂ ਕੱਢ ਕੇ ਫ਼ੌਜ ਓਨ ਉਪਰ ਨੂੰ ਤੋਰੀ।
ਤੇ ਬਾਜ਼ ਸਿੰਘ ਨੇ ਤਾੜ ਲਈ ਉਸਦੀ ਇਹ ਚੋਰੀ।
ਤੇ ਇਕ ਦਮ ਦਿੱਤੇ ਚਾਹੜ ਉਨ ਸਿੰਘਾਂ ਦੇ ਜੱਥੇ।
ਓਥੇ ਹੋ ਪਏ ਮੌਤ ਤੇ ਜ਼ਿੰਦਗੀ ਦੇ ਹੱਥ ਪਲੱਥੇ।
ਜੰਗਾਲ ਸਿੰਘਾਂ ਦੀ ਤੇਗ਼ ਦੇ ਪਈ ਓਥੇ ਲੱਥੇ।
ਸਿੰਘਾਂ ਨੇ ਝਟਕੇ ਇਸ ਤਰ੍ਹਾਂ ਖੈਰੇ ਤੇ ਨੱਥੇ।
ਟੋਕੇ ਵਿਚ ਦਿੰਦਾ ਜੱਟ ਜਿਉਂ ਕਾਹੀ ਦੇ ਦੱਥੇ।
ਪਰ ਸ਼ੇਰ ਮੁਹੰਮਦ ਜ਼ਰਾ ਨਾ ਦਿਲ ਕੀਤਾ ਥੋਹੜਾ।
ਉਹਦਾ ਗੋਲੀ ਲਗ ਕੇ ਡਿੱਗ ਪਿਆ ਧਰਤੀ 'ਤੇ ਘੋੜਾ।

ਉਹ ਦੇਖਣ ਯੋਗ ਜੁਆਨ ਸੀ ਤੌੜੇ ਦਾ ਤੌੜਾ।
ਫਿਰ ਖਾਧਾ ਜ਼ਹਿਰੀ ਸੱਪ ਵਾਂਗ ਉਹਦੀ ਮੁੱਛ ਮਰੋੜਾ।

ਉਨ ਬਾਜ਼ ਸਿੰਘ ਦੇ ਮਾਰਿਆ ਸੀਨੇ ਵਿਚ ਨੇਜਾ।
ਉਨ ਕਰ ਲਈ ਅੱਗੇ ਢਾਲ ਤੇ ਬਚ ਗਿਆ ਕਲੇਜਾ।

ਨਹੀਂ ਤਾਂ ਸੀ ਮੂੰਹ ਤੇ ਪੈ ਗਿਆ ਖੱਦਰ ਦਾ ਰੇਜਾ।
ਹੁਣ ਬਾਜ਼ ਸਿੰਘ ਵੀ ਧੂ ਲਿਆ ਇਕ ਖੰਡਾ ਤੇਜਾ।

ਉਹ ਖੰਡਾ ਹੈਸੀ ਜਿੰਦਗੀ ਦੇ ਭੋਗ ਦਾ ਟੱਪਾ।
ਜਾਂ ਸੀ ਉਹ ਰਾਣੀ ਮੌਤ ਦੀ ਸਾਹੜੀ ਦਾ ਲੱਪਾ।

ਜਿਹਨੂੰ ਵੀ ਜਾਂਦਾ ਡੱਸ ਸੀ ਉਹ ਸੱਪ ਖੜੱਪਾ।
ਮੂੰਹ ਵਿਚੋਂ ਨਹੀਂ ਸੀ ਨਿਕਲਦਾ ਪਾਣੀ ਦਾ ਪੱਪਾ।

ਰੰਗ ਮੁਗ਼ਲ ਦੇ ਮੂੰਹ ਦਾ ਵੀ ਸੀ ਸੰਧੂਰੀ ਅੰਬਾ।
ਜਦੋਂ ਬਾਜ਼ ਗਿਆ ਉਹ ਦੇਖਿਆ ਖੰਭੇ ਦਾ ਖੰਭਾ।

ਤਾਂ ਏਦਾਂ ਖੰਡਾ ਮਾਰਿਆ ਹੱਥ ਕਰਕੇ ਲੰਬਾ।
ਜਿਉਂ ਗਾਜਰ ਵਿਚ ਅਵੇਸਲਾ ਖੁਭ ਜਾਂਦਾ ਰੰਬਾ।

ਉਹਦੀ ਸਿਰੀ ਹਾਥੀ ਦੇ ਪੈਰ ਹੇਠ ਮੈਂ ਏਦਾਂ ਤੱਕੀ।
ਜਿਉਂ ਚੱਕੀ ਥੱਲੇ ਦੇ ਗਿਆ ਕੁਈ ਸਾਬਣ ਦੀ ਚੱਕੀ।

ਓਥੇ ਨੰਗੀ ਆ ਗਈ ਮੌਤ ਨੂੰ ਕਈ ਝੱਖੜ ਝੁੱਲੇ।
ਕੁਈ ਵਰਜ ਗਿਆ ਕਲਜੋਗਣਾਂ ਨੂੰ ਨਿਉਂਦਾ ਚੁੱਲੇ।

ਸੀ ਰੱਤ 'ਚ ਤਰਦੇ ਇਸ ਤਰ੍ਹਾਂ ਮੁਗ਼ਲਾਂ ਦੇ ਕੁੱਲੇ।
ਜਿਉਂ ਬੇੜੀਆਂ ਛੱਡ ਮਲਾਹ ਸਨ ਪੱਤਣ ਤੇ ਭੁੱਲੇ।

ਹੁਣ ਕੀਤਾ ਗਿਆ ਵਜ਼ੀਰ ਖ਼ਾਨ ਬੰਦੇ ਦੇ ਸਾਹਵਾਂ।
ਜੁਟ ਲਈਆਂ ਝੱਟ ਮੈਦਾਨ ਵਿਚ ਉਹਨਾਂ ਲੱਤਾਂ ਬਾਹਵਾਂ।

ਫਿਰ ਇਕ ਸਿੰਘ ਨੇ ਰੋਹ ਵਿਚ ਆ ਨਾਲ ਗੰਡਾਸੇ।
ਕਰ ਦਿੱਤੀ ਮੁੰਡੀ ਓਸ ਦੀ ਧੜ ਤੋਂ ਇਕ ਪਾਸੇ।

ਏਦਾਂ 'ਸਫ਼ਰੀ' ਜੱਗ ਦੇ ਉਹ ਸਫ਼ਰ ਮੁਕਾਏ।
ਸਿੰਘ ਫੜ ਕੇ ਝੰਡੇ ਕੇਸਰੀ ਪਿੰਡਾਂ ਨੂੰ ਆਏ।

***

37

ਭਾਈ ਘਨੱਈਆ

ਦਸਮ ਪਿਤਾ ਦੇ ਸਾਹਵੇਂ ਇਕ ਦਿਨ ਕੁਝ ਸੂਰਮੇ ਸ਼ਸਤਰ ਧਾਰੀ।
ਆਪਣੇ ਦਿਲ ਦੀ ਬਾਤ ਸੁਣਾਵਨ ਆ ਪਹੁੰਚੇ ਸਿਰ ਲੱਥ ਵਪਾਰੀ।
ਆਖਣ ਲੱਗੇ ਭਾਈ ਘਨ੍ਹਈਆ ਦੁਸ਼ਟਾਂ ਦਾ ਹੈ ਆਗਿਆਕਾਰੀ।
ਇਹ ਗੱਲ ਉਹਦੀ ਦਾਤਾ ਸਾਥੋਂ ਹਰਗਿਜ਼ ਜਾਂਦੀ ਨਹੀਂ ਸਹਾਰੀ।

ਉਸ ਦੀ ਕਾਰ ਅਵੱਲੀ ਤੱਕ ਕੇ ਤੁਹਾਨੂੰ ਵੀ ਮਹਿਸੂਸ ਹੋਏਗਾ।
ਇਹ ਕੋਈ ਪੰਥ ਵਿਰੋਧੀ ਜਾਂ ਕੁਈ ਦੁਸ਼ਮਣ ਦਾ ਜਾਸੂਸ ਹੋਏਗਾ।

ਭਾਈ ਘਨ੍ਹਈਆ ਦੇਖੋ ਕੈਸੀ ਉਲਟੀ ਕਾਰ ਕਮਾਈ ਜਾਂਦੈ।
ਦੁਸ਼ਮਣ ਨੂੰ ਚਮਲਾਈ ਜਾਂਦੈ ਸਾਡੀ ਗੱਲ ਗੁਆਈ ਜਾਂਦੈ।
ਚੜ੍ਹਦੀ ਕਲਾ ਦੀ ਥਾਂ ਓਹ ਸਾਨੂੰ ਗੁੱਸਾ ਹੋਰ ਚੜ੍ਹਾਈ ਜਾਂਦੈ।
ਫੱਟੜ ਪਏ ਵਿਰੋਧੀ ਦੇ ਵੀ ਮੂੰਹ ਵਿਚ ਪਾਣੀ ਪਾਈ ਜਾਂਦੈ।

ਜ਼ਖ਼ਮੀ ਦੁਸ਼ਮਣ ਦੇ ਮੂੰਹ ਪਾਣੀ ਜਦੋਂ ਘਨ੍ਹਈਆ ਪਾ ਜਾਂਦਾ ਹੈ।
ਉਹ ਦੁਸ਼ਮਣ ਤਲਵਾਰ ਪਕੜ ਕੇ ਫਿਰ ਲੜਨੇ ਨੂੰ ਆ ਜਾਂਦਾ ਹੈ।

ਇਹਦੇ ਤਨ ਤੋਂ ਬਾਣਾ ਲਾਹ ਲਉ ਲੰਬਾ ਚੋਲਾ ਲਾਹ ਕੇ ਮਾਰੋ।
ਇਹਦੇ ਗਲ ਵਿਚ ਫਾਹਾ ਪਾਵੋ ਇਹਨੂੰ ਕਿਧਰੇ ਫਾਹ ਕੇ ਮਾਰੋ।
ਭਾਵੇਂ ਨਜ਼ਰਾਂ ਸਾਹਵੇਂ ਮਾਰੋ ਭਾਵੇਂ ਨਜ਼ਰ ਬਚਾ ਕੇ ਮਾਰੋ।
ਮਾਰੋ ਮਾਰੋ ਸਿੰਘੋ ਇਹਨੂੰ ਮਛਕ ਸਣੇ ਵਗਾਹ ਕੇ ਮਾਰੋ।

ਆਪਾਂ ਘੁਲੀਏ ਮੌਤ ਨਾਲ ਇਹ ਨਵੇਂ ਘੋਲਣੇ ਘੋਲ ਰਿਹਾ ਹੈ।
ਦੁਸ਼ਮਣ ਨੂੰ ਤੇ ਮਿੱਤਰ ਨੂੰ ਇਹ ਇਕ ਬਰਾਬਰ ਤੋਲ ਰਿਹਾ ਹੈ।

ਦਸਮ ਪਿਤਾ ਨੂੰ ਵੀ ਰੋਹ ਚੜ੍ਹਿਆ ਸਿੰਘ ਸੂਰਮੇਂ ਰਣ ਵਲ ਧਾਏ।
ਭਾਈ ਘਨ੍ਹਈਏ ਜੀ ਨੂੰ ਇਕ ਦਮ ਜ਼ੰਜੀਰਾਂ ਵਿਚ ਜਕੜ ਲਿਆਏ।
ਦਸਮ ਪਿਤਾ ਫ਼ਰਮਾਇਆ ਸਿੰਘਾ ਇਹ ਕੀ ਉਲਟੇ ਕਾਰ ਕਮਾਏ।
ਦੁਸ਼ਮਣ ਕਿਹੜਾ ਮਿੱਤਰ ਕਿਹੜਾ ਕੀ ਤੈਨੂੰ ਇਹ ਸਮਝ ਨਾ ਆਏ।

ਮੰਨਣੇ ਹਾਂ ਕਿ ਸਿੰਘਾ ਜਿਹੜਾ ਲਾਈਏ ਹੁਕਮ ਬਜਾ ਦੇਨਾ ਏਂ।
ਮੰਦਾ ਕਰਦੈਂ ਜੋ ਤੂੰ ਪਾਣੀ ਮੂੰਹ ਦੁਸ਼ਮਣ ਦੇ ਪਾ ਦੇਨਾ ਏਂ।

ਭਾਈ ਘਨ੍ਹਈਏ ਨਿਉਂ ਕੇ ਏਦਾਂ ਗੁਰ ਚਰਨਾਂ ਵਿਚ ਅਰਜ਼ ਗੁਜ਼ਾਰੀ।
ਜਿਉਂ ਸਦਾਮਾ ਢੈਅ ਪਿਆ ਹੋਵੇ ਤੱਕ ਕੇ ਆਪਣਾ ਕ੍ਰਿਸ਼ਨ ਮੁਰਾਰੀ।
ਹੇ ਮੇਰੀ ਦੁਨੀਆਂ ਦੇ ਮਾਲਿਕ ਹੇ ਮੇਰੀ ਕਿਸਮਤ ਦੇ ਲਿਖਾਰੀ।
ਮੈਂ ਤੇਰੇ ਚਰਨਾਂ ਦਾ ਭੌਰਾ ਤੇਰੇ ਦਰ ਦਾ ਅਨਨ ਭਿਖਾਰੀ।

ਹੇ ਦਾਤਾ ਮੈਂ ਜਦ ਤੋਂ ਤੇਰੇ ਨਾਲ ਪ੍ਰੀਤਾਂ ਪਾ ਬੈਠਾ ਹਾਂ।
ਕੌਣ ਆਪਣਾ ਕੌਣ ਪਰਾਇਆ ਸਾਰੀ ਸੁਰਤ ਭੁਲਾ ਬੈਠਾ ਹਾਂ।

ਰਣ ਭੂਮੀ ਵਿਚ ਜਿਹੜਾ ਜ਼ਖ਼ਮੀ ਪਾਣੀ ਪਾਣੀ ਕੂਕ ਸੁਣਾਉਂਦਾ।
ਸਰਵਨ ਦਾ ਕੋਈ ਮਾਂ ਪਿਉ ਜਾਂ ਕੁਈ ਹਸਨ ਹੁਸੈਨ ਪਿਆ ਕੁਰਲਾਉਂਦਾ।
ਦੁਸ਼ਮਣ ਦਾ ਜੇ ਮੁੱਖ ਪਾਤਸ਼ਾਹ ਤੇਰਾ ਮੁੱਖ ਨਜ਼ਰ ਨਾ ਆਉਂਦਾ।
ਇਕ ਬੂੰਦ ਪਾਣੀ ਨਾ ਹਰਗਿਜ਼ ਮੈਂ ਦੁਸ਼ਮਣ ਦੇ ਮੂੰਹ ਵਿਚ ਪਾਉਂਦਾ।

ਕਿਉਂ ਨਾ ਸਭ ਨੂੰ ਨੀਰ ਪਿਲਾਵਾਂ ਹੈਂਕੜਬਾਜ਼ ਹੰਕਾਰੀ ਨਹੀਂ ਹਾਂ।
ਗੁਰੂ ਨਾਨਕ ਦਾ ਚੇਲਾ ਹਾਂ ਮੈਂ ਪੱਥਰ ਦਿਲ ਕੰਧਾਰੀ ਨਹੀਂ ਹਾਂ।

ਦੁਸ਼ਟ ਦਮਨ ਦੇ ਸਾਹਵੇਂ ਆਪਣਾ ਜਦੋਂ ਕਨ੍ਹੀਏ ਪੱਖ ਸੁਣਾਇਆ।
ਦਿਲ ਦੀ ਕਾਹਦੀ ਆਖ ਸੁਣਾਈ ਆਪਣਾ ਸੀਨਾ ਚੀਰ ਵਿਖਾਇਆ।
ਉਸ ਦੇ ਦਿਲ ਦੇ ਸ਼ੀਸ਼ੇ ਵਿਚੋਂ ਗੁਰੂ ਗੋਬਿੰਦ ਸਿੰਘ ਨਜ਼ਰੀਂ ਆਇਆ।
ਸੋਚ ਸੋਚ ਕੇ ਕਲਗੀਧਰ ਨੇ ਭਰੀ ਸਭਾ ਵਿਚ ਇਹ ਫ਼ਰਮਾਇਆ।

ਇਹਨੂੰ ਨਾ ਹੁਣ ਪਕੜੋ ਸਿੰਘੋ ਇਨ ਮੇਰਾ ਦਿਲ ਪਕੜ ਲਿਆ ਹੈ।
ਪਿਆਰ ਦੀਆਂ ਜ਼ੰਜੀਰਾਂ ਅੰਦਰ ਤਨ ਮਨ ਮੇਰਾ ਜਕੜ ਲਿਆ ਹੈ।

ਕਿੰਨੀ ਮੁਸ਼ਕਲ ਘਾਟੀ ਅੰਦਰ ਕਰ ਗਿਆ ਮੁਸ਼ਕਲ ਕਾਰ ਘਨੱ੍ਹਈਆ।
ਕੋਹ ਹਮਾਲਾ ਤੋਂ ਵੀ ਉੱਚੇ ਦੇ ਗਿਆ ਨੇਕ ਵਿਚਾਰ ਘਨੱ੍ਹਈਆ।
ਮੇਰਾ ਪੁੱਤ ਅਜੀਤ ਘਨ੍ਹਈਆ ਮੇਰਾ ਇਹ ਜੁਝਾਰ ਘਨੱ੍ਹਈਆ।
ਬਚ ਸਕਦਾ ਸੰਸਾਰ ਤਬਾਹੀਉਂ ਬਣ ਜਾਏ ਜੇ ਸੰਸਾਰ ਘਨੱ੍ਹਈਆ।

ਆਹ ਫੜ ਡੱਬੀ ਭਾਈ ਘਨ੍ਹਈਆ ਸਭ ਦੀ ਸੇਵ ਕਮਾ ਛੱਡਿਆ ਕਰ।
ਦੁਸ਼ਮਣ ਦੇ ਵੀ ਫੱਟਾਂ ਉੱਤੇ ਅੱਜ ਤੋਂ ਮਲ੍ਹਮ ਲਾ ਛੱਡਿਆ ਕਰ।

***

38

ਸਿਦਕ ਨੱਚਿਆ ਆਰੇ ਦੇ ਦੰਦਿਆਂ 'ਤੇ

ਜਦੋਂ ਰੱਬ ਦੀ ਬੰਦਗੀ ਜਾਏ ਪਰਖੀ
ਜ਼ੁਲਮ ਢੱਠਦਾ ਰੱਬ ਦੇ ਬੰਦਿਆਂ 'ਤੇ।
ਮਤੀ ਦਾਸ 'ਤੇ ਫੁੱਲਾਂ ਦੀ ਹੋਈ ਵਰਖਾ
ਡਿੱਗਾ ਗੰਦ ਇਰਾਦੇ ਦੇ ਗੰਦਿਆਂ 'ਤੇ।
ਖੋਪਰ ਚੀਰਦਾ ਚੀਰਦਾ ਜਦੋਂ ਆਰਾ
ਫਿਰਨ ਲੱਗਾ ਦਿਮਾਗ ਦੇ ਤੰਦਿਆਂ 'ਤੇ।
ਗੁਰੂ ਤੇਗ਼ ਬਹਾਦਰ ਨੇ ਹੱਥ ਆ ਕੇ
ਰੱਖ ਦਿੱਤੇ ਸ਼ਹੀਦ ਦੇ ਕੰਧਿਆਂ 'ਤੇ।
ਭਗਤੀ ਭਾਵ ਦੇ ਬੰਦ ਕੁਵਾੜ ਖੁੱਲ੍ਹੇ
ਵੱਜੀ ਸੱਟ ਸ਼ਰੀਅਤ ਦੇ ਜੰਦਿਆਂ 'ਤੇ।
ਪਈਆਂ ਦੰਦਲਾਂ ਦਿੱਲੀ ਦੇ ਦੂਤੀਆਂ ਨੂੰ
ਸਿਦਕ ਨੱਚਿਆ ਆਰੇ ਦੇ ਦੰਦਿਆਂ 'ਤੇ।
ਕਰਜ਼ਾ ਵਤਨ ਦਾ ਉਤਰਦਾ ਗਿਆ ਜਿਉਂ ਜਿਉਂ
ਜ਼ਾਲਮ ਸੀਸ 'ਚ ਆਰਾ ਉਤਾਰਦਾ ਗਿਆ।
ਰਿਹਾ ਰੱਤ ਦੇ ਹੰਝੂ ਆਕਾਸ਼ ਰੋਂਦਾ
ਧਰਮ ਧੌਲ ਦੋਹੱਥੜਾ ਮਾਰਦਾ ਰਿਹਾ।
ਮਤੀ ਦਾਸ ਖੜੋਤਾ ਅਡੋਲ ਮੁੱਖੋਂ
ਜਪੁਜੀ ਸਾਹਿਬ ਦਾ ਪਾਠ ਉਚਾਰਦਾ ਰਿਹਾ।
ਗੁਰੂ ਅਰਜਨ ਤੋਂ ਲੈ ਕੇ ਅੱਜ ਤੀਕਰ
ਸਬਰ ਜਿਤਦਾ ਰਿਹਾ ਜਬਰ ਹਾਰਦਾ ਰਿਹਾ।
ਗੁਰੂ ਤੇਗ਼ ਬਹਾਦਰ ਦੇ ਬਾਝ ਆ ਕੇ
ਕੌਣ ਤਰਸ ਖਾਂਦਾ ਹਾਲਾਂ ਮੰਦਿਆਂ 'ਤੇ।
ਆਰਾ ਦੰਦ ਕਰੀਚ ਕੇ ਕਹਿਣ ਲੱਗਾ
ਸਿਦਕ ਨੱਚਿਆ ਆਰੇ ਦੇ ਦੰਦਿਆਂ 'ਤੇ।

ਦੇਗੇ ਵਾਲਿਆ ਉਏ! ਤੇਰਾ ਹਾਲ ਕੀ ਏ
ਆਰੇ ਵਾਲੇ ਦੇ ਜਜ਼ਬੇ ਪੁਕਾਰ ਨਿਕਲੇ।
ਨਿਕਲੇ ਜਿੰਦ ਸਰੀਰ 'ਚੋਂ ਲੱਖ ਵਾਰੀ
ਹਿਰਦੇ ਵਿਚੋਂ ਨਾ ਸਿੱਖੀ ਪਿਆਰ ਨਿਕਲੇ।
ਆਰੇ ਵਾਲੇ ਮੂੰਹੋਂ ਸਤਿਨਾਮ ਨਿਕਲੇ
ਤੱਤੀ ਤੇਗ਼ ਚੋਂ ਇਕ ਓਂਕਾਰ ਨਿਕਲੇ।
ਦੋਵੇਂ ਜਣੇ ਹਕੀਕਤ ਦੇ ਵੀਰ ਨਿਕਲੇ
ਦੋਵੇਂ ਜਣੇ ਮਨਸੂਰ ਦੇ ਯਾਰ ਨਿਕਲੇ।
ਪੁੱਤਰ ਭਾਈ ਪਰਾਗੇ ਦਾ ਛਾ ਗਿਆ ਏ
ਲੱਖਾਂ ਸੂਰਜਾਂ ਤੇ ਲੱਖਾਂ ਚੰਦਿਆਂ 'ਤੇ।
ਚਾਨਣ ਹੋ ਗਿਆ ਚਾਨਣੀ ਚੌਕ ਅੰਦਰ
ਸਿਦਕ ਨੱਚਿਆ ਆਰੇ ਦੇ ਦੰਦਿਆਂ 'ਤੇ।
ਆਰਾ ਖਿੱਚਦੇ ਹੋਏ ਜੱਲਾਦ ਬੋਲੇ
ਅਸਾਂ ਜ਼ੁਲਮ ਦਾ ਧੰਦਾ ਸਮਾਲਿਆ ਏ।
ਪੰਚਮ ਪਿਤਾ 'ਤੇ ਅਸਾਂ ਹੀ ਅੱਗ ਫੈਂਕੀ
ਕੁੰਦਨ ਜਹੇ ਸਰੀਰ ਨੂੰ ਜਾਲਿਆ ਏ।
ਤਾਰੂ ਸਿੰਘ ਦੀ ਖੋਪਰੀ ਅਸਾਂ ਲਾਹੀ
ਬੰਦ ਬੰਦ ਵੀ ਕਿਸੇ ਕਟਵਾ ਲਿਆ ਏ।
ਅਸੀਂ ਹੋਏ ਦਿਆਲ ਦਿਆਲੇ ਉੱਤੇ
ਉਹਨੂੰ ਉਬਲਦੀ ਦੇਗ ਉਬਾਲਿਆ ਏ।
ਓਸੇ ਲੱਕੜੀ ਦਾ ਆਖ਼ਿਰ ਮੁੱਲ ਪਇੰਦਾ
ਜਿਹੜੀ ਰੰਦ ਹੁੰਦੀ ਆ ਕੇ ਰੰਦਿਆਂ 'ਤੇ।
ਇਸ਼ਕ ਨਿੱਖਰਿਆ ਉਬਲਦੀ ਦੇਗ ਅੰਦਰ
ਸਿਦਕ ਨੱਚਿਆ ਆਰੇ ਦੇ ਦੰਦਿਆਂ 'ਤੇ।
ਮਤੀ ਦਾਸ ਦੀ ਆਤਮਾ ਬੋਲ ਉਠੀ
ਬੋਲ ਬੋਲਿਆ ਸਿਰੇ ਨਿਭਾ ਦਿਆਂਗੇ।
ਅਸੀਂ ਤੇਗ਼ ਬਹਾਦਰ ਦੇ ਹਾਂ ਸੇਵਕ
ਸੇਵਾ ਧਰਮ ਦੀ ਤੋੜ ਨਿਭਾ ਦਿਆਂਗੇ।

ਆਰਾ ਹੋਰ ਖਿੱਚੋ ਦੇਗਾਂ ਹੋਰ ਤਾਵੋ
ਜਿੰਦ ਧਰਮ ਤੋਂ ਘੋਲ ਘੁਮਾ ਦਿਆਂਗੇ।
ਸਾਡਾ ਬਚੇ ਨਾ ਬਚੇ ਬੇਸ਼ੱਕ ਕੁਝ ਵੀ
ਰੁੜ੍ਹਦੇ ਹਿੰਦ ਦਾ ਧਰਮ ਬਚਾ ਦਿਆਂਗੇ।
ਸਿੰਘਾਂ ਸਦਾ ਸ਼ਹੀਦੀ ਦੇ ਗੀਤ ਗਾਏ
ਸਿਦਕ ਦਿਲੀ ਦੇ ਸਾਫ਼ ਸੁਰੰਦਿਆਂ 'ਤੇ।
ਮਤੀ ਦਾਸ ਵੀ ਅੰਤ ਸ਼ਹੀਦ ਹੋ ਗਏ
ਸਿਦਕ ਨੱਚਿਆ ਆਰੇ ਦੇ ਦੰਦਿਆਂ 'ਤੇ।

***

ਗਰਨਾ ਸਾਹਿਬ

ਛੇਵੇਂ ਪਾਤਸ਼ਾਹ ਹਰ ਗੋਬਿੰਦ ਸਾਹਿਬ
ਸਿੱਖ ਧਰਮ ਨੂੰ ਸਦਾ ਪਰਚਾਰਦੇ ਰਹੇ।
ਗੁਰੂ ਨਾਨਕ ਦੇ ਨੂਰ 'ਚੋਂ ਨੂਰ ਲੈ ਕੇ
ਨ੍ਹੇਰ ਦਿਲਾਂ 'ਤੇ ਨੂਰ ਖਿੰਡਾਰਦੇ ਰਹੇ।
ਅੰਮ੍ਰਿਤਸਰ ਵਡਾਲੀ ਤੇ ਤਰਨ ਤਾਰਨ
ਤੇ ਕਰਤਾਰਪੁਰ ਦੀ ਸੰਗਤ ਤਾਰਦੇ ਰਹੇ।
ਦੇ ਕੇ ਦੰਡ ਬੇਦਰਦ ਜਰਵਾਣਿਆਂ ਨੂੰ
ਦਰਦਮੰਦਾਂ ਦੇ ਦਰਦ ਨਿਵਾਰਦੇ ਰਹੇ।
ਜਾਨਣ ਵਾਲੜੇ ਸਤਿਗੁਰੂ ਦਿਲਾਂ ਦੀਆਂ
ਦੇਖੋ ਆਣ ਕਿਧਰੇ ਜਾਣੀ ਜਾਣ ਪਹੁੰਚੇ।
ਆਖ਼ਿਰ ਤਾਰਦੇ ਤਾਰਦੇ ਸੰਗਤਾਂ ਨੂੰ
ਨਗਰ ਬੋਦਲਾਂ ਦੀ ਜੂਹ ਵਿਚ ਆਣ ਪਹੁੰਚੇ।
ਜਿਹੜੇ ਦੂਈ ਦੀ ਅੱਗ ਵਿਚ ਜਲੇ ਹੋਏ ਸਨ
ਸੀਨੇ ਉਹਨਾਂ ਦੇ ਠੰਢ ਵਰਤਾਉਣ ਆ ਗਏ।
ਅਰਸ਼ੀ ਨੂਰ ਨਰੰਜਣੀ ਜੋਤ ਸਤਿਗੁਰ
ਨਾਮ ਬਾਣੀ ਦਾ ਨੂਰ ਖਿੰਡਾਉਣ ਆ ਗਏ।
ਆਏ ਗੁਣੀ ਗਿਆਨੀ ਤੇ ਸੂਰਮੇ ਕਈ
ਢਾਡੀ ਬੀਰ ਰਸੀ ਵਾਰਾਂ ਗਾਉਣ ਆ ਗਏ।
ਇਕ ਦਿਨ ਸੈਰ ਕਰਦੇ ਕਰਦੇ ਗੁਰੂ ਛੇਵੇਂ
ਭਾਗ ਬੋਦਲਾਂ ਦੀ ਜੂਹ ਨੂੰ ਲਾਉਣ ਆ ਗਏ।
ਰਸਤੇ ਵਿਚ ਇਕ ਗਰਨੇ ਦੀ ਸੂਲ ਤਿੱਖੀ
ਸੱਚੇ ਸਤਿਗੁਰਾਂ ਦੇ ਚਰਨੀਂ ਆਣ ਲੱਗੀ।
ਫੁੱਲਾਂ ਨਾਲ ਤਾਂ ਹਰ ਕੋਈ ਪਿਆਰ ਕਰਦਾ
ਕਿਸਮਤ ਕੰਡਿਆਂ ਦੀ ਬਦਲੀ ਜਾਣ ਲੱਗੀ।

ਛੇਵੇਂ ਪਾਤਸ਼ਾਹ ਮਿੱਟੀ 'ਚ ਗੱਡ ਕੰਡਾ
ਮੁੱਖੋਂ ਆਖਿਆ ਗਰਨੇ ਮਹਾਨ ਹੈਂ ਤੂੰ।
ਸ਼ਾਨਦਾਰ ਹੈ ਬੀਬਾ ਭਵਿੱਖ ਤੇਰਾ
ਗੁਰੂ ਨਾਨਕ ਦੀ ਸਿੱਖੀ ਦੀ ਸ਼ਾਨ ਹੈਂ ਤੂੰ।
ਤੂੰ ਸਹਾਰਾ ਹੈਂ ਬੇ-ਸਹਾਰਿਆਂ ਦਾ
ਡਿੱਗੇ ਢੱਠਿਆਂ ਦਾ ਮਾਨ ਤਾਨ ਹੈਂ ਤੂੰ।
ਤੂੰ ਕੰਡਾ ਨਹੀਂ ਅੱਜ ਤੋਂ ਫੁੱਲ ਬਣ ਗਿਉਂ
ਮਹਿਕਾਂ ਵੰਡਦੀ ਇਕ ਮੁਸਕਾਨ ਹੈਂ ਤੂੰ।
ਤੂੰ ਅਸਾਂ ਫ਼ਕੀਰਾਂ ਦੇ ਚਰਨ ਪਰਸੇ
ਦੁਨੀਆਂ ਤੇਰੇ ਵੀ ਚਰਨਾਂ ਨੂੰ ਪਰਸਦੀ ਰਹੂ।
ਏਨੇ ਹੋਣਗੇ ਕੰਡੇ ਹੁਸੀਨ ਤੇਰੇ
ਦੁਨੀਆ ਤੇਰੇ ਦੀਦਾਰ ਨੂੰ ਤਰਸਦੀ ਰਹੂ।
ਗਰਨੇ ਆਖਿਆ ਪਾਤਸ਼ਾਹ! ਜੱਗ ਉੱਤੇ
ਕੋਈ ਹੋਰ ਦੁਖੀਆ ਮੇਰੇ ਨਾਲ ਦਾ ਨਹੀਂ।
ਕੰਡਾ ਹਾਂ ਹਰੇਕ ਦੀ ਕੰਡ ਤੱਕਦਾ
ਮੁੱਖ ਕੋਈ ਵੀ ਮੈਨੂੰ ਦਿਖਾਲਦਾ ਨਹੀਂ।
ਜਾਣੀ ਜਾਣ ਸੰਸਾਰ ਦੀ ਤੂੰ ਜਾਣੇਂ
ਕੋਈ ਹੋਰ ਮਹਿਰਮ ਮੇਰੇ ਹਾਲ ਦਾ ਨਹੀਂ।
ਜਾ ਕੇ ਦੇਖੋ ਪਹਾੜਾਂ ਦੇ ਵਿਚ ਮੈਨੂੰ
ਕੋਈ ਬਾਲਣ ਦੀ ਥਾਂ ਵੀ ਬਾਲਦਾ ਨਹੀਂ।
ਤਿੱਖੇ ਖਾਰ ਤੋਂ ਮਹਿਕਦਾ ਫੁੱਲ ਬਣ ਗਿਆਂ
ਕਿੰਨਾ ਦਾਤਿਆ ਖ਼ੁਸ਼ਨਸੀਬ ਹਾਂ ਮੈਂ।
ਤੇਰੇ ਚਰਨਾਂ ਦੀ ਧੂੜ ਪਰਸਣੇ ਲਈ
ਤੇਰੇ ਚਰਨਾਂ ਦੇ ਪੁੱਜਾ ਕਰੀਬ ਹਾਂ ਮੈਂ।
ਗੁਰਾਂ ਬਚਨ ਕੀਤਾ ਤੇਰੇ ਦਰਸ਼ਨਾਂ ਨੂੰ
ਸਦਾ ਸੰਗਤਾਂ ਆਉਂਦੀਆਂ ਰਹਿਣਗੀਆਂ।
ਬਾਣੀ ਗੁਰਾਂ ਦੀ ਪੜ੍ਹਦੀਆਂ ਰਹਿਣਗੀਆਂ
ਗੀਤ ਗੁਰਾਂ ਦੇ ਗਾਉਂਦੀਆਂ ਰਹਿਣਗੀਆਂ।

ਲੱਖਾਂ ਰਿਧੀਆਂ ਸਿਧੀਆਂ ਕਰਾਮਾਤਾਂ
ਏਥੇ ਸੀਸ ਨਿਵਾਉਂਦੀਆਂ ਰਹਿਣਗੀਆਂ।
ਤੇਰੇ ਫੁੱਲ ਦੀ ਤੇਰਿਆਂ ਕੰਡਿਆਂ 'ਤੇ
ਪਰੀਆਂ ਫੁੱਲ ਵਰਸਾਉਂਦੀਆਂ ਰਹਿਣਗੀਆਂ।
ਰਾਉ ਰੰਕ ਆਊ ਸ਼ਰਧਾ ਨਾਲ ਹਰ ਕੁਈ
ਨਾਮ ਬਾਣੀ 'ਚ ਆਤਮਾ ਰੰਗਦਾ ਰਹੂ।
ਕਾਮ ਧੇਨ ਤੇਰੀ ਕਰਦੀ ਰਹੂ ਪੂਜਾ
ਕਲਪ ਵਿਰਛ ਵੀ ਭਿਖਿਆ ਮੰਗਦਾ ਰਹੂ।
"ਦੇਖੋ ਖਾਲਸਾ ਜੀ ਤਿੱਖਾ ਖਾਰ ਸੀ ਇਹ
ਕਿਵੇਂ ਕਿਸਮਤ ਦਾ ਪਾਸਾ ਪਲਟਿਆ ਗਿਆ।
ਇਹਨੂੰ ਪੱਟਣ ਦੀ ਜਿਹਨੇ ਦਲੀਲ ਕੀਤੀ
ਬੇਈਮਾਨ ਜਹਾਨੋਂ ਹੀ ਪੱਟਿਆ ਗਿਆ।
ਜਿਹਨੇ ਕਟਿਆ ਇਕ ਵੀ ਟਾਹਣ ਇਹਦਾ
ਸਮਝ ਲਵੋ ਜ਼ਮਾਨੇ ਤੋਂ ਕਟਿਆ ਗਿਆ।
ਇਹਦੇ ਫੁੱਲਾਂ 'ਤੇ ਰੰਗ ਲਿਆਉਣ ਖ਼ਾਤਿਰ
ਗਾੜ੍ਹਾ ਖ਼ੂਨ ਸ਼ਹੀਦਾਂ ਦਾ ਝਟਿਆ ਗਿਆ।
ਗਰਨੇ ਸਾਹਿਬ ਤੇ ਗੁਰਾਂ ਦੀ ਹੋਈ ਬਖ਼ਸ਼ਿਸ਼
ਇਸ ਲਈ ਬਖ਼ਸ਼ਸ਼ਾਂ ਦਾ ਇਕ ਭੰਡਾਰ ਹੈ ਇਹ।
ਬਿਧੀ ਚੰਦ ਦੇ ਵਾਸਤੇ ਫੁੱਲ ਹੈ ਇਹ
ਪੈਂਦੇ ਖ਼ਾਨ ਲਈ ਤੇਜ਼ ਤਲਵਾਰ ਹੈ ਇਹ।
ਗਰਨਾ ਸਾਹਿਬ ਨੂੰ ਸੀਸ ਨਿਵਾਏ ਜਿਹੜਾ
ਉਹਦਾ ਦੁੱਖ ਦਰਿੱਦਰ ਸਭ ਦੂਰ ਹੁੰਦੈ।
ਉਹਦੀ ਹਾਜ਼ਰੀ ਉਹਦਾ ਹਰੇਕ ਸਜਦਾ
ਗੁਰੂ ਨਾਨਕ ਦੇ ਦਰ ਮਨਜ਼ੂਰ ਹੁੰਦੈ।
ਅੰਮ੍ਰਿਤ ਭਰੇ ਸਰੋਵਰ 'ਚ ਨ੍ਹਾ ਕੇ ਤੇ
ਪੁਤਲਾ ਖ਼ਾਕ ਦਾ ਵੀ ਨੂਰੋ ਨੂਰ ਹੁੰਦੈ।
ਗਰਨੇ ਸਾਹਿਬ ਦੇ ਜਿਹਨੇ ਦੀਦਾਰ ਕੀਤੇ
ਛੇਵੇਂ ਗੁਰੂ ਦਾ ਦਰਸ਼ਨ ਜ਼ਰੂਰ ਹੁੰਦੈ।

ਛੇਵੇਂ ਪਿਤਾ ਦੀ ਹੋਈ ਅਪਾਰ ਕਿਰਪਾ
ਜੋਤਾਂ ਏਸ ਥਾਂ ਜਗਦੀਆਂ ਰਹਿਣਗੀਆਂ।
ਜਦੋਂ ਤਿਕ ਨੇ ਧਰਤ ਆਕਾਸ਼ 'ਸਫ਼ਰੀ'
ਏਥੇ ਰੌਣਕਾਂ ਲਗਦੀਆਂ ਰਹਿਣਗੀਆਂ।

***

ਅਣਖੀ ਬਾਬਾ ਦੀਪ ਸਿੰਘ

ਦੀਪ ਸਿੰਘ ਬਾਬੇ ਖੰਡਾ ਹੱਥ ਫੜਕੇ
ਅਣਖੀ ਸਿੰਘਾਂ ਨੂੰ ਇਕ ਲਲਕਾਰ ਦਿੱਤੀ।
ਹਰੀ ਮੰਦਰ ਕੀ ਘੇਰਿਆ ਪਾਪੀਆਂ ਨੇ
ਖੰਜਰ ਸਾਡੇ ਕਲੇਜੇ 'ਚ ਮਾਰ ਦਿੱਤੀ।
ਸਿੰਘੋ ਨਸ਼ਾ ਚੜ੍ਹਾ ਲਿਆ ਬੁਜ਼ਦਿਲੀ ਦਾ
ਕਿਦਾਂ ਖੰਡੇ ਦੀ ਪਹੁਲ ਉਤਾਰ ਦਿੱਤੀ।
ਜੀਵਨ ਓਸ ਗੁਰ ਸਿੱਖ ਦਾ ਕੀ ਜਿਸਨੇ
ਹੋਵੇ ਗੁਰਾਂ ਦੀ ਬਾਣੀ ਵਿਸਾਰ ਦਿੱਤੀ।
ਲੀਕ ਭੁਇੰ 'ਤੇ ਮਾਰ ਕੇ ਕਿਹਾ ਬਾਬੇ
ਸੱਚਾ ਸਿੱਖ ਉਲਾਰ ਕੇ ਬਾਂਹ ਆ ਜਾਏ।
ਜਿਹਨੂੰ ਜਿੰਦ ਪਿਆਰੀ ਪਿਛਾਂਹ ਮੁੜ ਜਾਏ
ਜਿਹਨੂੰ ਸਿੱਖੀ ਪਿਆਰੀ ਅਗਾਂਹ ਆ ਜਾਏ।
ਅਣਖੀ ਬਚਨ ਸੁਣ ਕੇ ਬਾਬਾ ਦੀਪ ਸਿੰਘ ਦੇ
ਝੁੰਡ ਸਿੰਘਾਂ ਦਾ ਟੱਪ ਲਕਾਰ ਆਇਆ।
ਮਾਨੋਂ ਇਉਂ ਮੈਦਾਨ ਵਿਚ ਜਾਪਦਾ ਸੀ
ਕੋਈ ਅਜੀਤ ਆਇਆ ਕੁਈ ਜੁਝਾਰ ਆਇਆ।
ਹੈਸਨ ਸਿੰਘ ਸਵਾਏ ਮੈਦਾਨ ਅੰਦਰ
ਦਲ ਦੁਸ਼ਮਣਾਂ ਦਾ ਬੇ-ਸ਼ੁਮਾਰ ਆਇਆ।
ਛਾਂ ਕਰਨ ਸ਼ਹੀਦਾਂ ਦੇ ਸਿਰਾਂ ਉੱਤੇ
ਬਾਜ਼ ਗੁਰਾਂ ਦਾ ਖੰਭ ਖਿਲਾਰ ਆਇਆ।
ਦੀਪ ਸਿੰਘ ਬਾਬੇ ਇਹ ਅਰਦਾਸ ਕੀਤੀ
ਕਿਸ਼ਤੀ ਲੱਗ ਜਾਏ ਮੇਰੀ ਕਨਾਰੇ ਉੱਤੇ।

ਮੇਰਾ ਧੜ ਤੋਂ ਸੀਸ ਬੇ-ਸ਼ਕ ਲਹਿ ਜਾਏ
ਡਿੱਗੇ ਗੁਰਾਂ ਦੇ ਐਪਰ ਦੁਆਰੇ ਉੱਤੇ।
ਤਾੜ ਤਾੜ ਮੈਦਾਨ ਵਿਚ ਹੋਣ ਲੱਗੀ
ਹਰ ਜ਼ਿੰਦਗੀ ਦਾ ਭਾਂਡਾ ਤਿੜਕਦਾ ਗਿਆ।
ਖ਼ੂਨੀ ਖੰਡਾ ਮੈਦਾਨ ਵਿਚ ਵੈਰੀਆਂ ਦੀ
ਰੱਤ ਵਾਂਗ ਮਧਾਣੀ ਦੇ ਰਿੜਕਦਾ ਗਿਆ।
ਛਿੜਿਆ ਜੇਹਾ ਕਿ ਮੌਤ ਨੂੰ ਛੇੜ ਪੈ ਗਈ
ਰਣ ਵਿਚ ਲਹੂ ਕਾਹਦਾ ਕੇਸਰ ਛਿੜਕਦਾ ਗਿਆ।
ਸਿੰਘ ਬੁੱਕਦੇ ਗਏ ਵੈਰੀ ਕੰਬਦਾ ਗਿਆ
ਸਿੰਘ ਗੜਕਦੇ ਗਏ ਵੈਰੀ ਥਿੜਕਦਾ ਗਿਆ।
ਬਾਬੇ ਜੌਹਰ ਦਿਖਾਏ ਉਹ ਬੀਰਤਾ ਦੇ
ਹਰ ਵੈਰੀ ਨੂੰ ਭੁਇੰ ਤੇ ਪਟਕਦਾ ਗਿਆ।
ਖੰਡਾ ਸਾਰ ਦਾ ਬੱਕਰੇ ਖਾਣਿਆਂ ਨੂੰ
ਫੜਕੇ ਬੱਕਰੇ ਵਾਂਗਰਾਂ ਝਟਕਦਾ ਗਿਆ।
ਦੀਪ ਸਿੰਘ ਜੀ ਦਾ ਹਰ ਇਕ ਸਾਥੀ
ਆਪਣੇ ਸਾਥੀ ਦਾ ਸਾਥ ਨਿਭਾਈ ਜਾਵੇ।
ਮੌਤ ਖਾਣ ਨੂੰ ਪਇੰਦੀ ਸੀ ਖ਼ਾਲਸੇ ਨੂੰ
ਐਪਰ ਖ਼ਾਲਸਾ ਮੌਤ ਨੂੰ ਖਾਈ ਜਾਵੇ।
ਪੁੱਤਰ ਕਾਲ ਦਾ ਖੰਡਾ ਸੀ ਦੀਪ ਸਿੰਘ ਦਾ
ਹਰ ਵੈਰੀ ਨੂੰ ਅੰਦਰ ਲੰਘਾਈ ਜਾਵੇ।
ਕੀ ਦੇਖਿਆ ਕਿ ਬਾਬਾ ਸੀਸ ਆਪਣਾ
ਖੱਬੀ ਤਲੀ ਦੇ ਉੱਤੇ ਟਕਾਈ ਜਾਵੇ।
ਕਿਧਰੇ ਬਾਂਹ ਕਟ ਗਈ ਕਿਧਰੇ ਲੱਤ ਕੱਟ ਗਈ
ਕਿਧਰੇ ਵੀ ਸਬੂਤੇ ਨਾ ਅੰਗ ਰਹਿ ਗਏ।
ਲੜਦਾ ਸਿੰਘ ਨੂੰ ਸੀਸ ਬਗ਼ੈਰ ਤੱਕ ਕੇ
ਅੰਬਰ ਉੱਤੇ ਫ਼ਰਿਸ਼ਤੇ ਵੀ ਦੰਗ ਰਹਿ ਗਏ।

ਸਿਦਕੀ ਸਿੰਘ ਅਣਖੀਲੜਾ ਬੀਰ ਯੋਧਾ
ਇਕ ਜਾਦੂ ਹੀ ਨਵਾਂ ਦਿਖਾਈ ਜਾਵੇ।
ਉਹਦੇ ਖੰਡੇ ਨੂੰ ਲਗੇ ਪਿਆਸ ਜਿਉਂ ਜਿਉਂ
ਤਿਉਂ ਤਿਉਂ ਵੈਰੀ ਦੀ ਰੱਤ ਪਿਲਾਈ ਜਾਵੇ।
ਰੱਤ ਸਾਰੇ ਸ਼ਹੀਦਾਂ ਦੀ ਨੁੱਚੜ ਚੁੱਕੀ
ਮੁੜ੍ਹਕਾ ਫੇਰ ਵੀ ਸ਼ੇਰ ਨੂੰ ਆਈ ਜਾਵੇ।
ਹਰ ਵੈਰੀ ਨੂੰ ਪਿਛਾਂਹ ਹਟਾਈ ਜਾਵੇ
ਅੰਮ੍ਰਿਤਸਰ ਵੱਲ ਕਦਮ ਵਧਾਈ ਜਾਵੇ।
ਆਖ਼ਿਰ ਗੁਰੂ ਪਿਆਰੇ ਨੂੰ ਯਾਦ ਕਰਕੇ
ਹਿਰਦੇ ਵਿਚ ਇਹ ਸੂਰਮਾ ਕਹਿਣ ਲੱਗਾ।
ਮੇਰਾ ਸੀਸ ਪਰਕਰਮਾ ਦੇ ਵਿਚ ਡਿੱਗੂ
ਮੇਰਾ ਪਰਣ ਅਧੂਰਾ ਨਹੀਂ ਰਹਿਣ ਲੱਗਾ।
ਰਾਮਦਾਸ ਪਿਆਰੇ ਸੋਢੀ ਪਾਤਸ਼ਾਹਾ
ਤੇਰਾ ਸਿੱਖ ਸਦਾਉਂਦਾ ਤਾਂ ਸਿੱਖ ਸਾਂ ਮੈਂ।
ਮੇਰਾ ਸੀਸ ਕਟਿਆ ਆਪਣੇ ਧਰਮ ਖ਼ਾਤਿਰ
ਬੰਦ ਬੰਦ ਕਟਵਾਉਂਦਾ ਤਾਂ ਸਿੱਖ ਸਾਂ ਮੈਂ।
'ਕੱਲਾ ਸੀਸ ਕੀ ਆਪਣਾ ਸਰੀਰ ਸਾਰਾ
ਆਰੇ ਨਾਲ ਚਰਵਾਉਂਦਾ ਤਾਂ ਸਿੱਖ ਸਾਂ ਮੈਂ।
ਭਾਵੇਂ ਵੈਰੀ ਦੇ ਲਹੂ ਹਜ਼ਾਰ ਨ੍ਹਾਤਾ
ਤੇਰੇ ਸਰ 'ਚ ਨ੍ਹਾਉਂਦਾ ਤਾਂ ਸਿੱਖ ਸਾਂ ਮੈਂ।
ਸਿੱਖੀ ਖੰਡਿਉਂ ਤਿੱਖੀ ਹੈ ਪਾਤਸ਼ਾਹਾ
ਮੁਸ਼ਕਲ ਬਹੁਤ ਫੜਨਾ ਇਸ ਦਾ ਪਲੜਾ ਏ।
ਦੇ ਕੇ ਸੀਸ ਜੇ ਸਿੱਖੀ ਨਸੀਬ ਹੋ ਜਾਏ
ਤਾਂ ਵੀ ਸਮਝਾਂ ਕਿ ਸੌਦਾ ਸਵੱਲੜਾ ਏ।
ਕੌਣ ਆਖਦਾ ਕਿ ਕਿਸੇ ਸ਼ਤਰੂ ਨੇ
ਦੀਪ ਸਿੰਘ ਦਾ ਹੋਵੇ ਉਤਾਰਿਆ ਸੀਸ।

ਉਹਦਾ ਸੀਸ ਅਮਾਨਤ ਸੀ ਸਤਿਗੁਰਾਂ ਦੀ
ਉਹਨੇ ਗੁਰੂ ਚਰਨਾਂ ਉੱਤੋਂ ਵਾਰਿਆ ਸੀਸ।
ਹਰੀ ਮੰਦਰ ਪਰਕਰਮਾ ਦੇ ਵਿਚ ਡਿੱਗਾ
ਬਾਬੇ ਦੂਰ ਤੋਂ ਏਨਾ ਉਲਾਰਿਆ ਸੀਸ।
ਲੋਕ ਸਮਝੇ ਗੁਲਾਬ ਦਾ ਫੁੱਲ ਡਿੱਗਾ
ਕਿਸਨੇ ਫੁੱਲਾਂ ਦੇ ਨਾਲ ਸ਼ੰਗਾਰਿਆ ਸੀਸ।
ਆਸ਼ਕ ਮੌਤ ਦੀ ਨਹੀਂ ਪਰਵਾਹ ਕਰਦੇ
ਭੰਬਟ ਜਲ ਮਰਦੇ ਸ਼ਮ੍ਹਾਂ ਜਲੀ ਉੱਤੇ।
ਜਾਣਾ ਪੈਂਦਾ ਮਹਿਬੂਬ ਦੀ ਗਲੀ 'ਸਫ਼ਰੀ'
ਸੀਸ ਰੱਖ ਕੇ ਆਪਣਾ ਤਲੀ ਉੱਤੇ।

***

41

ਵਿਸਾਖੀ

ਚੜ੍ਹਿਆ ਆਣ ਵੈਸਾਖ ਮਹੀਨਾ ਝੂੰਮਰ ਪਾਉਂਦੀ ਆਈ ਵੈਸਾਖੀ।
ਤਖਤ ਕੇਸਗੜ੍ਹ ਸਭਾ ਸਜਾਕੇ ਕਲਗੀਧਰ ਨੇ ਇਹ ਗੱਲ ਆਖੀ।
ਲੋਹੇ ਦਾ ਦਿਲ ਕਰ ਲਉ ਸਿੰਘੋ ਤੇਗ਼ ਮੇਰੀ ਹੈ ਲੋਹੀ ਲਾਖੀ।
ਮੈਂ ਜੰਜੂਆਂ ਦੀ ਜਿੰਦ ਬਚਾਉਣੀ ਮੈਂ ਤਿਲਕਾਂ ਦੀ ਕਰਨੀ ਰਾਖੀ।

ਮੈਂ ਅੰਮ੍ਰਿਤ ਦੇ ਜਾਮ ਪਲਾਊਂ ਮੈਂ ਗਿੱਦੜਾਂ ਤੋਂ ਸ਼ੇਰ ਬਣਾਊਂ।
'ਸਵਾ ਲਾਖ ਸੇ ਏਕ ਲੜਾਊਂ ਤਬ੍ਹੀ ਗੋਬਿੰਦ ਸਿੰਘ ਨਾਮ ਧਰਾਊਂ।'

ਤੇਗ਼ ਮੇਰੀ ਵੱਲ ਝਾਤੀ ਮਾਰੋ ਸੀਸ ਚਾਹੀਦਾ ਸੀਸ ਚਾਹੀਦਾ।
ਉਠੋ ਵਤਨ ਦੇ ਪਹਿਰੇਦਾਰੋ ਸੀਸ ਚਾਹੀਦਾ ਸੀਸ ਚਾਹੀਦਾ।
ਓ ਮੇਰੇ ਸਿੰਘੋ ਸਰਦਾਰੋ ਸੀਸ ਚਾਹੀਦਾ ਸੀਸ ਚਾਹੀਦਾ।
ਉਠੋ ਹਉਸਲੇ ਮੂਲ ਨਾ ਹਾਰੋ ਸੀਸ ਚਾਹੀਦਾ ਸੀਸ ਚਾਹੀਦਾ।

ਤੇਗ਼ ਮੇਰੀ ਅੱਜ ਰੋਹ ਵਿਚ ਆਈ ਇਸ ਦਾ ਗੁੱਸਾ ਦੂਰ ਨੀ ਹੁੰਦਾ।
ਸੀਸ ਤੋਂ ਘੱਟ ਚੜ੍ਹਾਵਾ ਇਹਦੇ ਦਰ ਉੱਤੇ ਮਨਜ਼ੂਰ ਨੀ ਹੁੰਦਾ।

ਦਇਆ ਸਿੰਘ ਨੇ ਸਭ ਤੋਂ ਪਹਿਲਾਂ ਉਠਕੇ ਆਪਣੀ ਅਰਜ਼ ਗੁਜ਼ਾਰੀ।
ਤੇਰੇ ਵਰਗਾ ਦੁਨੀਆਂ ਉੱਤੇ ਹੈ ਕੁਈ ਦਾਤਾ ਪਰਉਪਕਾਰੀ।
ਇਹ ਸੌਦਾ ਕੋਈ ਘਾਟੇ ਦਾ ਨਹੀਂ ਸਰ ਦੇ ਕੇ ਮਿਲ ਜੈ ਸਰਦਾਰੀ।
ਕੀ ਮੰਗਿਆ ਏ ਸਰ ਮੰਗਿਆ ਏ ਇਹ ਕੀ ਮੰਗੀ ਵਸਤ ਨਿਕਾਰੀ।

ਸਾਰਾ ਭਾਰਤ ਜੇ ਸਿਰ ਦੇ ਦਏ ਇਹ ਕਹਿਣੋਂ ਮੈਂ ਰਹਿ ਨੀ ਸਕਦਾ।
ਤੇਗ਼ ਬਹਾਦਰ ਜੀ ਦਾ ਕਰਜ਼ਾ ਫਿਰ ਵੀ ਸਾਥੋਂ ਲਹਿ ਨੀ ਸਕਦਾ।

ਦਇਆ ਸਿੰਘ ਨੇ ਸਭ ਤੋਂ ਪਹਿਲਾਂ ਆਪਣੇ ਸਿਰ ਦੀ ਭੇਟ ਚੜ੍ਹਾਈ।
ਧਰਮ ਸਿੰਘ ਨੇ ਦੇਸ਼ ਧਰਮ ਤੋਂ ਆਪਣੀ ਜਿੰਦੜੀ ਘੋਲ ਘੁਮਾਈ।
ਹਿੰਮਤ ਸਿੰਘ ਨੇ ਹਿੰਮਤ ਕੀਤੀ ਮੋਇਆਂ ਦੇ ਵਿਚ ਹਿੰਮਤ ਪਾਈ।
ਮੋਹਕਮ ਸਿੰਘ ਤੇ ਸਾਹਿਬ ਸਿੰਘ ਵੀ ਦਿੱਤੀ ਜਿੰਦ ਸ਼ਹੀਦੀ ਪਾਈ।

ਪਹਿਲਾਂ ਸਤਿਗੁਰ ਤੇਗ਼ਾ ਫੜਕੇ ਖ਼ੁਦ ਪੰਜਾਂ ਦੇ ਸੀਸ ਉਤਾਰੇ।
ਫੇਰ ਭਲਾ ਸੁਰਜੀਤ ਕਿਵੇਂ ਉਹ ਕੀਤੇ ਹੈਸਨ ਪੰਜ ਪਿਆਰੇ।

ਪਾਕ ਨਬੀ ਜਦ ਮਹਿਸਰ ਵੇਲੇ ਮੋਈ ਖ਼ਲਕ ਜਗਾ ਸਕਦਾ ਹੈ।
ਹਜ਼ਰਤ ਈਸਾ ਇਕ ਮਾਈ ਦਾ ਮੋਇਆ ਪੁੱਤ ਜਿਵਾ ਸਕਦਾ ਹੈ।
ਸ਼ਿਵ ਜੀ ਜਦੋਂ ਗਨੇਸ਼ ਦੇ ਤਨ 'ਤੇ ਹਾਥੀ ਦਾ ਸਿਰ ਲਾ ਸਕਦਾ ਹੈ।
ਰਾਮ ਤੇ ਲਛਮਨ ਮੂਰਸ਼ਾ ਵਿਚੋਂ ਮੁੜ ਕੇ ਹੋਸ਼ 'ਚ ਆ ਸਕਦਾ ਹੈ।

ਜੋ ਦੁਨੀਆਂ 'ਤੇ ਹੋ ਨਹੀਂ ਸਕਦਾ ਜੇ ਉਹ ਕੀਤਾ ਜਾ ਸਕਦਾ ਹੈ।
ਗੁਰੂ ਗੋਬਿੰਦ ਸਿੰਘ ਵੀ ਮੋਇਆਂ ਵਿਚ ਮੁੜ ਕੇ ਜ਼ਿੰਦਗੀ ਪਾ ਸਕਦਾ ਹੈ।

ਹੇ ਕਲਗੀਧਰ ਗੁਰੂ ਗੋਬਿੰਦ ਸਿੰਘ ਤੇਰੀ ਮਹਿਮਾ ਅਪਰ ਅਪਾਰਾ।
ਤੂੰ ਖੰਡੇ ਦੀ ਧਾਰ ਦੇ ਵਿਚੋਂ ਪੈਦਾ ਕੀਤਾ ਪੰਥ ਪਿਆਰਾ।
ਏਸ ਪੰਥ ਦੇ ਚੋਜ ਨਿਰਾਲੇ ਏਸ ਪੰਥ ਦਾ ਖੇਲ ਨਿਆਰਾ।
ਕਦੇ ਸੀਸ 'ਤੇ ਚੌਰ ਝੁਲੇਂਦੇ ਕਦੇ ਸੀਸ 'ਤੇ ਖ਼ੂਨੀ ਆਰਾ।

ਪੰਥ ਖਾਲਸਾ ਪਰਉਪਕਾਰੀ ਬਾਦਸ਼ਾਹ ਦਰਵੇਸ਼ ਕਹਾਏ।
ਜਿਤਨੇ ਇਸ ਨੂੰ ਪੱਥਰ ਵੱਜੇ ਉਤਨੇ ਇਸਨੇ ਫੁੱਲ ਵਰਸਾਏ।

ਪੰਜ ਪਿਆਰੇ ਆਖਣ ਲੱਗੇ ਅੰਮ੍ਰਿਤ ਤੁਸਾਂ ਛਕਾ ਦਿੱਤਾ ਏ।
ਆਪਾਂ ਸਤਿਗੁਰ ਆਪੋ ਆਪਣਾ ਹਸ ਕੇ ਸਰ ਕਟਵਾ ਦਿੱਤਾ ਏ।
ਤਨ ਮਨ ਧਨ ਗੁਰੂ ਕੇ ਲੇਖੇ ਲਾਉਣਾ ਸੀ ਸੋ ਲਾ ਦਿੱਤਾ ਏ।
ਜਿੰਨਾ ਚੁਕਦਾ ਸੀ ਅੰਮ੍ਰਿਤ ਦਾ ਦਾਤਾ! ਮੁੱਲ ਚੁਕਾ ਦਿੱਤਾ ਏ।

ਤੁਹਾਨੂੰ ਵੀ ਹੇ ਦਸਮ ਪਾਤਸ਼ਾਹ ਏਸੇ ਰਸਤੇ ਆਉਣਾ ਪੈਣਾ।
ਇਹ ਅੰਮ੍ਰਿਤ ਦਾ ਮੁੱਲ ਆਪ ਨੂੰ ਸਾਡੇ ਵਾਂਗ ਚੁਕਾਉਣਾ ਪੈਣਾ।

ਕਲਗੀਧਰ ਨੇ ਉੱਤਰ ਦਿੱਤਾ ਮੈਂ ਵੀ ਫ਼ਰਜ਼ ਉਤਾਰ ਦਿਆਂਗਾ।
ਤੁਸੀਂ ਤਾਂ ਇਕ ਇਕ ਸਿਰ ਦਿੱਤਾ ਏ ਮੈਂ ਸਾਰਾ ਪਰਿਵਾਰ ਦਿਆਂਗਾ।
ਪਹਿਲੀ ਵਾਰ ਅਜੀਤ ਦਿਆਂਗਾ ਦੂਜੀ ਵਾਰ ਜੁਝਾਰ ਦਿਆਂਗਾ।
ਪਿਤਾ ਤਾਂ ਪਹਿਲਾਂ ਦੇ ਚੁੱਕਾ ਹਾਂ ਮਾਤਾ ਤੱਕ ਵੀ ਵਾਰ ਦਿਆਂਗਾ।

ਗੁਰ ਨਾਨਕ ਦੇ ਕਦਮਾਂ ਦੀ ਸਹੁੰ ਅੰਮ੍ਰਿਤ ਦਾ ਮੁੱਲ ਪਾ ਦੇਵਾਂਗਾ।
ਲਾਡ-ਲਡਿਕੇ ਦੋਂਹ ਲਾਲਾਂ ਨੂੰ ਨੀਹਾਂ ਵਿਚ ਚਿਣਵਾ ਦੇਵਾਂਗਾ।

ਸਿੰਘ ਸੂਰਮੇ ਅੰਮ੍ਰਿਤ ਪੀ ਕੇ ਮੌਤ ਦੇ ਮੂਹਰੇ ਖੜ੍ਹਦੇ ਦੇਖੇ।
ਪੰਥ ਦੀ ਚੜ੍ਹਦੀ ਕਲਾ ਦੀ ਖ਼ਾਤਿਰ ਚਰਖੜੀਆਂ 'ਤੇ ਚੜ੍ਹਦੇ ਦੇਖੇ।
ਲਾਟਾਂ ਉੱਤੇ ਸੜਦੇ ਦੇਖੇ ਦੇਗਾਂ ਦੇ ਵਿਚ ਕੜ੍ਹਦੇ ਦੇਖੇ।
ਪੈਰਾਂ ਉੱਤੇ ਕੌਮ ਖਲੋ ਜਾਏ ਤੋਪਾਂ ਮੂਹਰੇ ਖੜ੍ਹਦੇ ਦੇਖੇ।

ਅੰਮ੍ਰਿਤ ਪੀ ਕੇ ਸਿੰਘ ਸੂਰਮੇ ਰਣ ਵਿਚ ਜੌਹਰ ਦਿਖਾ ਸਕਦੇ ਨੇ।
ਢਿਡੋਂ ਭੁੱਖੇ ਬੀਰ ਖ਼ਾਲਸੇ ਮੌਤ ਡੈਣ ਨੂੰ ਖਾ ਸਕਦੇ ਨੇ।

ਨਵਾਂ ਗੁਰੂ ਜਿਸ ਬਣਨਾ ਹੈ ਤਾਂ ਅਸਲੀ ਵੇਸ ਬਣਾ ਕੇ ਆਵੇ।
ਛੋਟੀ ਉਮਰੇ ਸੀਸ ਪਿਤਾ ਦਾ ਧਰਮ ਦੇ ਲੇਖੇ ਲਾ ਕੇ ਜਾਵੇ।
ਭਾਰਤ ਮਾਂ ਦੇ ਪੁੱਤਰਾਂ ਖ਼ਾਤਿਰ ਆਪਣੇ ਪੁੱਤ ਕੁਹਾ ਕੇ ਆਵੇ।
ਮਾਛੀਵਾੜੇ ਦੇ ਕੰਡਿਆਂ ਨੂੰ ਆਪਣਾ ਲਹੂ ਪਿਲਾ ਕੇ ਆਵੇ।

ਕਲਗੀਧਰ ਨੇ ਵਣਜ ਵਿਹਾਜੇ ਐਸੇ ਕੁਈ ਵਿਹਾਜ ਕੇ ਦੱਸੇ।
ਪੰਜ ਪਿਆਰੇ ਸਾਜਣ ਵਾਲਾ ਇਕ ਪਿਆਰਾ ਸਾਜ ਕੇ ਦੱਸੇ।

ਗੁਰਗੱਦੀ 'ਤੇ ਕਿਉਂ ਬੈਠੇ ਜੋ ਲਾਲ ਤਵੀ 'ਤੇ ਬਹਿ ਨਹੀਂ ਸਕਦਾ।
ਮੌਤ ਤਸੀਹਾ ਸਹਿ ਸਕਦਾ ਸਿੱਖ ਧਰਮ ਦੀ ਹਾਨੀ ਸਹਿ ਨਹੀਂ ਸਕਦਾ।
ਜਲ ਬਿਨ ਮਛਲੀ ਰਹਿ ਸਕਦੀ ਏ ਸਿੱਖ ਗੁਰੂ ਬਿਨ ਰਹਿ ਨਹੀਂ ਸਕਦਾ।
ਪੰਥ ਖ਼ਾਲਸਾ ਆਪ ਗੁਰੂ ਹੈ ਗੁਰੂ ਗ਼ੈਰ ਨੂੰ ਕਹਿ ਨਹੀਂ ਸਕਦਾ।

ਝੂਠਾ ਅਤੇ ਪਾਖੰਡੀ ਟੋਲਾ ਸ਼ੇਰਾਂ ਵਿਚ ਖਲੋ ਨਹੀਂ ਸਕਦਾ।
ਗੁਰੂ ਗਰੰਥ ਦੇ ਬਿਨਾਂ ਅਸਾਡਾ ਹੋਰ ਗੁਰੂ ਕੋਈ ਹੋ ਨਹੀਂ ਸਕਦਾ।

***

ਸਰਹੰਦ ਦੀਏ ਦੀਵਾਰੇ

ਕੁਝ ਆਖ ਸਹੀ ਕੁਝ ਬੋਲ ਸਹੀ ਸਰਹੰਦ ਦੀਏ ਦੀਵਾਰੇ।
ਕਿੱਥੇ ਲੁਕਾਏ ਬੇ-ਦਰਦੇ ਦਸਮੇਸ਼ ਦੇ ਰਾਜ ਦੁਲਾਰੇ।

ਦਾਦੀ ਮਾਂ ਨੇ ਠੰਢੇ ਬੁਰਜੋਂ ਤੋਰੇ ਲਾਲ ਸਜਾ ਕੇ।
ਚਾਈਂ ਚਾਈਂ ਨੀਹਾਂ ਦੇ ਵਿਚ ਕਿਵੇਂ ਖਲੋ ਗਏ ਆ ਕੇ।
ਸੋਹਲ ਜਿਹੇ ਫੁੱਲਾਂ ਨੇ ਹਾਏ! ਪੱਥਰ ਕਿਵੇਂ ਸਹਾਰੇ।
ਕਿੱਥੇ ਲੁਕਾਂਏ ਬੇਦਰਦੇ......

ਓ ਜੱਲਾਦੋ ਖ਼ੂਨੀ ਕੰਧ ਨੂੰ ਹੋਰ ਜ਼ਰਾ ਚਮਕਾਉ।
ਮਾਂ ਗੁਜਰੀ ਦੇ ਲਹੂ 'ਚ ਇੱਟਾਂ ਡੋਬ ਡੋਬ ਕੇ ਲਾਉ।
ਇਹ ਸਿੱਖੀ ਦਾ ਮਹਿਲ ਸੋਹਣਿਉਂ ਹੋਰ ਵੀ ਚਮਕਾਂ ਮਾਰੇ।
ਕਿੱਥੇ ਲੁਕਾਏ ਬੇਦਰਦੇ......

ਕਾਂਡੀ ਕੰਬੇ ਤੇਸੀ ਤੜਫ਼ੇ ਰਾਜ ਵੀ ਗੋਤੇ ਖਾਏ।
ਦਸਮ ਪਿਤਾ ਦੇ ਲਾਲਾਂ ਉੱਤੇ ਕੰਧ ਉਸਰਦੀ ਜਾਏ।
ਕੰਧ ਵੇਖ ਕੇ ਸ਼ਾਹ ਮਨਸੂਰ ਵੀ ਕੰਧਾਂ ਨਾਲ ਸਿਰ ਮਾਰੇ।
ਕਿੱਥੇ ਲੁਕਾਏ ਬੇਦਰਦੇ......

ਸੂਬਾ ਕਹਿੰਦਾ ਨਿਉਂ ਜਾਉ ਬੱਚਿਓ ਮੰਨ ਲਓ ਮੇਰਾ ਕਹਿਣਾ।
ਫ਼ਤਿਹ ਸਿੰਘ ਨੇ ਆਖਿਆ ਤੇਰਾ ਜ਼ਾਲਮ ਰਾਜ ਨਹੀਂ ਰਹਿਣਾ।
ਫ਼ਤਿਹ ਗਜਾ ਗਏ 'ਸਫ਼ਰੀ' ਲਾਉਂਦੇ ਫਤਿਹ ਦੇ ਉਹ ਜੈਕਾਰੇ।
ਕਿੱਥੇ ਲੁਕਾਏ ਬੇਦਰਦੇ......

(ਇਹ ਗੀਤ ਪ੍ਰੋਫੈਸਰ ਸਰੂਪ ਸਿੰਘ ਨਵਾਂਸ਼ਹਿਰ ਦੀ ਆਵਾਜ਼ ਵਿਚ H.M.V. ਦਿੱਲੀ ਨੇ ਰੀਕਾਰਡ ਕਰਵਾਇਆ।)

43

ਗੁਰੂ ਬਾਣੀ

ਸਤਗੁਰ ਪਿਆਰੇ ਅਰਜਨ ਨੇ ਇਕ ਪਰਉਪਕਾਰ ਕਮਾਇਆ ਏ।
ਸਾਨੂੰ ਭਵਸਾਗਰ 'ਚੋਂ ਤਾਰਨ ਲਈ ਇਕ ਨਵਾਂ ਜਹਾਜ਼ ਬਣਾਇਆ ਏ।
ਇਹ ਜੋਤ ਨੂਰਾਨੀ ਗੁਰੂ ਗ੍ਰੰਥ ਸਾਡੇ ਲਈ ਜੀਵਨ ਜੋਤੀ ਏ।
ਇਹਦਾ ਇਕ ਇਕ ਅੱਖਰ ਹੀਰਾ ਹੈ ਇਹਦਾ ਇਕ ਇਕ ਅੱਖਰ ਮੋਤੀ ਏ।
ਇਹ ਦਾਤਾ ਦਾਤਾਂ ਵੰਡਦਾ ਹੈ ਏਥੇ ਦਾਤੇ ਸੀਸ ਨਿਵਾਉਂਦੇ ਨੇ।
ਏਥੇ ਕਾਮ ਧੇਨ ਤੇ ਕਲਪ ਵਿਰਛ ਨਿਤ ਮੰਗਾਂ ਮੰਗਣ ਆਉਂਦੇ ਨੇ।
ਮੈਂ ਡਿੱਠਾ ਕੁਲ ਜ਼ਮਾਨੇ ਨੂੰ ਹਰ ਸ਼ੈ ਜਗਤ ਦੀ ਡਿੱਠੀ ਏ।
ਗੁੜ ਸ਼ੱਕਰ ਮਿਸ਼ਰੀ ਮਾਖਿਉਂ ਤੋਂ ਨਾਨਕ ਦੀ ਬਾਣੀ ਮਿੱਠੀ ਏ।
ਨਹੀਂ ਵਾਰ ਜਮਾਂ ਦੀ ਆ ਸਕਦੀ ਜੇ ਪੜ੍ਹੋ ਏਸ ਦੀਆਂ ਵਾਰਾਂ ਨੂੰ।
ਜਪੁਜੀ ਤੇ ਸ਼ਬਦ ਹਜ਼ਾਰੇ ਵੀ ਲਾ ਗਏ ਨੇ ਪਾਰ ਹਜ਼ਾਰਾਂ ਨੂੰ।
ਸੁਖਮਨੀ ਮਨੀ ਹੈ ਸੁੱਖਾਂ ਦੀ ਇਹ ਗੁਰ ਅਰਜਨ ਫ਼ਰਮਾਂਦਾ ਏ।
ਰਹਿਰਾਸ ਪੜ੍ਹੋ ਤਾਂ ਜੀਵਨ ਦਾ ਹਰ ਕੰਮ ਰਾਸ ਹੋ ਜਾਂਦਾ ਏ।
ਏਥੇ ਰਿੱਧੀ ਸਿੱਧੀ ਕਰਾਮਾਤ ਹਰ ਵੇਲੇ ਸੀਸ ਨਿਵਾਉਂਦੀ ਏ।
ਮੁਕਤੀ ਵੀ ਏਸ ਦੁਆਰੇ ਤੋਂ ਪਈ ਮੁਕਤੀ ਮੰਗਣ ਆਉਂਦੀ ਏ।
ਇਕ ਜੋਤ ਅਲਾਹੀ ਅਰਸ਼ਾਂ ਤੋਂ ਧਰਤੀ 'ਤੇ ਉੱਤਰ ਆਈ ਏ।
ਇਹਦਾ ਦਰਸ ਉਹਨੂੰ ਹੀ ਹੁੰਦਾ ਹੈ ਜਿਹਦੇ ਹਿਰਦੇ ਵਿਚ ਸਫ਼ਾਈ ਏ।
ਸਭ ਟੁੱਟ ਗਏ ਬੰਨ੍ਹ ਚੋਰਾਸੀ ਦੇ ਇਹ ਬੀੜ ਜਦੋਂ ਤੋਂ ਬੰਨ੍ਹੀ ਗਈ।
ਇਹ ਰੱਬ ਦੀ ਜੋਤੀ ਗਿਣੀ ਗਈ ਇਹ ਰੱਬ ਦੀ ਸੂਰਤ ਮੰਨੀ ਗਈ।
ਉਹ ਧੰਨ ਸ੍ਰੀ ਗੁਰੂ ਅਰਜਨ ਹੈ ਜਿਨ ਰੱਬੀ ਜੋਤ ਜਗਾਈ ਏ।
ਠਾਰਨ ਲਈ ਜਗਤ ਜਲੰਦੇ ਨੂੰ ਸਤਿਨਾਮ ਦੀ ਛਹਿਬਰ ਲਾਈ ਏ।
ਇਹ ਧੁਰ ਕੀ ਬਾਣੀ ਆਈ ਏ ਜਿਨ ਸਗਲੀ ਚਿੰਤ ਮਿਟਾਈ ਏ।
ਸੂਰਜ ਰੁਸ਼ਨਾਉਂਦਾ ਦੁਨੀਆ ਨੂੰ ਇਹਦੀ ਹਿਰਦਿਆਂ ਵਿਚ ਰੁਸ਼ਨਾਈ ਏ।
ਇਸ ਗੁਰੂ ਗਰੰਥ ਦੀ ਜੋਤੀ ਵਿਚ ਦਿਸਦਾ ਪਰਤੱਖ ਨਜ਼ਾਰਾ ਹੈ।
ਇਕ ਸਫ਼ੇ ਤੇ ਨਾਨਕ ਬੈਠਾ ਹੈ ਦੂਜੇ ਰਵੀਦਾਸ ਪਿਆਰਾ ਹੈ।
ਏਥੇ ਸੋਨੇ ਵਾਂਗੂੰ ਉਘੜੀਆਂ ਸਭ ਲਿਖਤਾਂ ਸ਼ੇਖ ਫ਼ਰੀਦ ਦੀਆਂ।
ਏਥੇ ਕਲੀਆਂ ਬਣਕੇ ਮਹਿਕਦੀਆਂ ਸਧਨੇ ਦੀ ਪਾਕ ਉਮੀਦ ਦੀਆਂ।

ਏਥੇ ਰੱਬ ਬਰਾਬਰ ਮਿਲਿਆ ਹੈ ਸਨਮਾਨ ਕਬੀਰ ਜੁਲਾਹੇ ਨੂੰ।
ਏਥੇ ਨਾਮ ਦੇਵ ਵੀ ਛੀਂਬਾ ਕੁਈ ਬੈਠਾ ਹੈ ਖੱਟ ਕੇ ਲਾਹੇ ਨੂੰ।
ਏਥੇ ਸੈਨ ਨਾਈ ਵੀ ਉਧਰ ਗਿਆ ਏਥੇ ਰੁਤਬਾ ਪਾਇਆ ਧੰਨੇ ਨੇ।
ਇਹਦੇ ਇਕ ਇਕ ਸੁੰਦਰ ਪੰਨੇ 'ਤੇ ਖਿਲਰੇ ਹੋਏ ਸੁੰਦਰ ਪੰਨੇ ਨੇ।
ਜਦ ਮਨ ਚਿਤ ਲਾ ਕੇ ਸੁਣੇ ਕੁਈ ਗੁਰ ਨਾਵੇਂ ਦਿਆਂ ਸਲੋਕਾਂ ਨੂੰ।
ਤਦ ਲੱਭਦਾ ਭਾਰ ਹਕੀਕਤ ਦਾ ਕਲਜੁਗ ਦੇ ਭੁੱਲੜ ਲੋਕਾਂ ਨੂੰ।
ਜਦ ਰਾਗੀ ਇਸ ਗੁਰਬਾਣੀ ਨੂੰ ਸੁਰਤਾਲ ਦੇ ਅੰਦਰ ਗਾਉਂਦੇ ਨੇ।
ਅੰਬਰ ਤੋਂ ਆਣ ਫ਼ਰਿਸ਼ਤੇ ਵੀ ਇਸ ਦਰ 'ਤੇ ਸੀਸ ਨਿਵਾਉਂਦੇ ਨੇ।
ਇਹ ਜੋਤੀ ਜੇ ਕਰ ਪਲਕ ਲਈ ਦੁਨੀਆਂ ਤੋਂ ਮੁੱਖ ਛੁਪਾ ਜਾਵੇ।
ਅੰਬਰ ਢੈ-ਢੇਰੀ ਹੋ ਜਾਵੇ ਧਰਤੀ 'ਤੇ ਪਰਲੋ ਆ ਜਾਵੇ।
ਇਹ ਬਾਣੀ ਏਂ, ਗੁਰਬਾਣੀ ਏਂ ਤੇ ਇਹ ਰਤਨਾਂ ਦੀ ਖਾਣੀ ਏਂ।
ਇਹ ਨੂਰ ਖਿੰਡਾਇਆ ਨਾਨਕ ਨੇ ਗੁਰ ਅਰਜਨ ਰਮਜ਼ ਪਛਾਣੀ ਏਂ।
ਉਹ ਧੰਨ ਸ੍ਰੀ ਗੁਰੂ ਅਰਜਨ ਹੈ ਜਿਨ ਰੱਬੀ ਜੋਤ ਜਗਾਈ ਏ।
ਬਾਣੀ ਦੀ ਖ਼ਾਤਿਰ ਕੇਸਾਂ ਵਿਚ ਜਿਨ ਸੜਦੀ ਰੇਤ ਪੁਆਈ ਏ।
ਗੁਰਬਾਣੀ ਖ਼ਾਤਿਰ ਮਨੀ ਸਿੰਘ ਸੀਨੇ 'ਤੇ ਕਸ਼ਟ ਉਠਾਇਆ ਏ।
ਬਾਣੀ ਨਹੀਂ ਕੀਤੀ ਬੰਦ ਸਗੋਂ ਉਸ ਬੰਦ ਬੰਦ ਕਟਵਾਇਆ ਏ।
ਤਾਰੂ ਸਿੰਘ ਕਿਤਨਾ ਤਾਰੂ ਸੀ ਜਿਨ ਸਾਗਰ ਨੂੰ ਹੱਥ ਪਾਇਆ ਏ।
ਬਾਣੀ ਦਾ ਅੰਮ੍ਰਿਤ ਪੀਣ ਲਈ ਖੋਪਰ ਦਾ ਕੌਲ ਬਣਾਇਆ ਏ।
ਨੀਹਾਂ ਵਿਚ ਲਾਲ ਖਲੋਤੇ ਰਹੇ ਕਈ ਜ਼ਾਲਮ ਇੱਟਾਂ ਲਾਉਂਦੇ ਰਹੇ।
ਇੱਟਾਂ ਦੇ ਥੱਲੇ ਆਏ ਹੋਏ ਜੋਧੇ ਗੁਰਬਾਣੀ ਗਾਉਂਦੇ ਰਹੇ।
ਜੀਵਨ ਨੀ ਮਿਲਣਾ ਵਾਰ ਵਾਰ ਨਾ 'ਸਫ਼ਰੀ' ਵਕਤ ਗੁਆਇਆ ਕਰ।
ਗੁਰਬਾਣੀ ਹਰਦਮ ਪੜ੍ਹਿਆ ਕਰ ਗੁਰਬਾਣੀ ਹਰਦਮ ਗਾਇਆ ਕਰ।

***

ਅੰਮ੍ਰਿਤ ਦੀ ਸ਼ਕਤੀ

ਤੇਰੇ ਖੰਡੇ ਬਾਟੇ ਅੰਮ੍ਰਿਤ ਦੀ ਦਾਤਾ ਤਾਸੀਰ ਨਿਆਰੀ ਏ।
ਸਿੱਖੀ ਨੂੰ ਖ਼ਤਮ ਕਰੇਂਦੀ ਹੋਈ ਹਰ ਕੁਟਲ ਹਕੂਮਤ ਹਾਰੀ ਏ।
ਪਰ ਭਾਰਤ ਦੇ ਵਿਚ ਹਾਲੀਂ ਵੀ ਸਿੰਘਾਂ ਦਾ ਪਲੜਾ ਭਾਰੀ ਏ।
ਵਾਰੀ ਸਿਰ ਸਿੰਘੋ ਸਿਰ ਦੇਵੋ ਸਤਿਗੁਰ ਨੇ ਤੇਗ਼ ਉਭਾਰੀ ਏ।
ਇਕ ਸਿੰਘ ਸਭਾ ਵਿਚ ਕੂਕ ਪਿਆ "ਹਰ ਵਾਰੀ ਮੇਰੀ ਵਾਰੀ ਏ"।
ਇਹ ਕੌਮ ਮੁਕਾਇਆਂ ਨਹੀਂ ਮੁੱਕਦੀ ਪਰ ਜਬਰ ਅਜੇ ਵੀ ਜਾਰੀ ਏ।
ਤੇਰੇ ਖੰਡੇ ਬਾਟੇ ਅੰਮ੍ਰਿਤ ਦੀ ਦਾਤਾ ਤਾਸੀਰ ਨਿਆਰੀ ਏ।

ਤੂੰ ਕੇਸਗੜ੍ਹ ਐ ਕਲਗੀਧਰ ਇਕ ਕੌਤਕ ਨਵਾਂ ਰਚਾ ਦਿੱਤਾ।
ਤੱਕ ਸੀਸ ਕਟਾਉਂਦੇ ਸਿੰਘਾਂ ਨੂੰ ਅੰਬਰ ਨੇ ਸੀਸ ਨਿਵਾ ਦਿੱਤਾ।
ਸਾਡੇ ਪੰਜ ਸੀਸ, ਤਿਰੇ ਪੰਜ ਕੱਕੇ, ਪੰਜ ਬਾਣੀਆਂ ਬਾਣ ਚਲਾ ਦਿੱਤਾ।
ਪੰਜ ਦੂਤ ਮਰੇ, ਪੰਜ ਸਿੰਘ ਤਰੇ, ਪੰਜਾਂ ਦਾ ਪੰਥ ਚਲਾ ਦਿੱਤਾ।
ਇਸ ਪੰਥ ਖ਼ਾਲਸੇ ਨੂੰ ਬਖਸ਼ੀ ਸਤਿਗੁਰ ਨੇ ਸ਼ਕਤੀ ਭਾਰੀ ਏ।
ਤੇਰੇ ਖੰਡੇ ਬਾਟੇ ਅੰਮ੍ਰਿਤ ਦੀ............

ਇਹ ਅੰਮ੍ਰਿਤ ਪੀਤਾ ਖੰਡੇ ਦਾ ਨਹੀਂ ਕਦੇ ਅਕਾਰਥ ਜਾ ਸਕਦਾ।
ਨਹੀਂ ਜਾਚ ਅਟਕ ਨੂੰ ਅਟਕਣ ਦੀ ਸਿੰਘ ਅਟਕ ਨੂੰ ਵੀ ਅਟਕਾ ਸਕਦਾ।
ਬਿਰਛਾਂ ਦੇ ਪੱਤਰ ਖਾ ਕੇ ਵੀ ਸਿੰਘ ਮੌਤ ਡੈਣ ਨੂੰ ਖਾ ਸਕਦਾ।
ਜੇ ਮੱਸਾ ਰੰਗੜ ਹਰਿਮੰਦਰ ਨਾਚੀ ਦਾ ਨਾਚ ਨਚਾ ਸਕਦਾ।
ਉਹਦੀ ਕਬਰ ਤੋਂ ਜਾ ਕੇ ਪੁੱਛ ਲਵੋ ਅਸੀਂ ਰਕਮ ਕਿਸ ਤਰ੍ਹਾਂ ਤਾਰੀ ਏ।
ਤੇਰੇ ਖੰਡੇ ਬਾਟੇ ਅੰਮ੍ਰਿਤ ਦੀ............

ਅਸੀਂ ਮੋਏ ਸਾਂ ਅਸੀਂ ਮੁੱਕੇ ਸਾਂ ਸਿੰਘ ਅਮਰ ਬਣਾਏ ਅੰਮ੍ਰਿਤ ਨੇ।
ਇਸ ਸਾਹ ਸਤ ਹੀਣੇ ਭਾਰਤ ਵਿਚ ਸਾਹ ਮੁੜ ਕੇ ਪਾਏ ਅੰਮ੍ਰਿਤ ਨੇ।
ਮਹਿਮੂਦ ਗ਼ਜ਼ਨਵੀ ਅਹਿਮਦ ਸ਼ਾਹ ਸਭ ਮਾਰ ਭਜਾਏ ਅੰਮ੍ਰਿਤ ਨੇ।
ਭਾਰਤ 'ਚੋਂ ਮੁਗ਼ਲ ਹਕੂਮਤ ਦੇ ਖੁਰ ਖੋਜ ਮਿਟਾਏ ਅੰਮ੍ਰਿਤ ਨੇ।

ਦਸ ਲੱਖ ਸੀ ਫ਼ੌਜ ਔਰੰਗੇ ਦੀ ਅਸਾਂ ਚਾਲੀਆਂ ਕੋਲੋਂ ਹਾਰੀ ਏ।
ਤੇਰੇ ਖੰਡੇ ਬਾਟੇ ਅੰਮ੍ਰਿਤ ਦੀ............

ਸਿੰਘ ਜਦੋਂ ਵੀ ਮੌਜ 'ਚ ਆਉਂਦੇ ਤਾਂ ਇਹ ਮਿਹਰ ਦੀ ਵਰਸ਼ਾ ਲਾ ਦੇਂਦੇ।
ਤੇ ਜਿੱਤੀਆਂ ਹੋਈਆਂ ਸਲਤਨਤਾਂ ਇਹ ਮੁੜ ਵਾਪਿਸ ਪਰਤਾ ਦੇਂਦੇ।
ਹਰਮੰਦਰ ਇਨ੍ਹਾਂ ਦਾ ਢਾਏ ਕੋਈ ਇਹ ਸਭ ਕੁਝ ਉਸ ਦਾ ਢਾਹ ਦੇਂਦੇ।
ਤਲਵਾਰ ਪਕੜ ਕੇ ਕੁਲ ਲੇਖਾ ਉਹਦਾ ਸਣੇ ਵਿਆਜ ਚੁਕਾ ਦੇਂਦੇ।
ਇਨ੍ਹਾਂ ਵਰ੍ਹੀਂ ਸਤਾਰੀਂ ਡਾਇਰ ਦੀ ਜਾ ਲੰਡਨ ਭੁਗਤ ਸੁਆਰੀ ਏ।
ਤੇਰੇ ਖੰਡੇ ਬਾਟੇ ਅੰਮ੍ਰਿਤ ਦੀ............

ਸਿੰਘ ਪੰਥ ਦੀ ਚੜ੍ਹਦੀ ਕਲਾ ਲਈ ਆ ਚਰਖੜੀਆਂ 'ਤੇ ਚੜ੍ਹਦਾ ਏ।
ਦੇਗਾਂ ਵਿਚ ਪੈ ਕੇ ਕੜ੍ਹਦਾ ਏ ਭਠਿਆਂ ਵਿਚ ਪੈ ਕੇ ਸੜਦਾ ਏ।
ਧੜ ਉੱਤੇ ਬਿਲਕੁਲ ਸੀਸ ਨਹੀਂ ਧੜ 'ਕੱਲਾ ਰਣ ਵਿਚ ਲੜਦਾ ਏ।
ਸਿੰਘ ਚਰਨ ਗੁਰਾਂ ਦੇ ਫੜਦਾ ਏ ਤਾਂ ਮੌਤ ਨੂੰ ਉਡ ਕੇ ਫੜਦਾ ਏ।
ਨਹੀਂ ਧਾਰ ਤੇਗ਼ ਦੀ ਪੋਹ ਸਕਦੀ ਜਿਹੜਾ ਬੰਦਾ ਅੰਮ੍ਰਿਤਧਾਰੀ ਏ।
ਤੇਰੇ ਖੰਡੇ ਬਾਟੇ ਅੰਮ੍ਰਿਤ ਦੀ............

ਨਨਕਾਣੇ ਜੈਤੋ ਗੰਗਸਰ ਕਈ ਫਨੀਅਰ ਕਾਲੇ ਸ਼ੂਕੇ ਨੇ।
ਕੋਈ ਭੱਠ ਵਿਚ ਕੋਈ ਜੰਡ ਨਾਲ ਬਣ ਬੈਠੇ ਅੱਗ ਭਬੂਕੇ ਨੇ।
ਫੂਕੋ ਬੇਦਰਦ ਫ਼ਰੰਗੀ ਨੂੰ ਜਿਨ ਫੁੱਲ ਵਤਨ ਦੇ ਫੂਕੇ ਨੇ।
ਤੋਪਾਂ ਦੇ ਇੰਜਣ ਸਹਿਮ ਗਏ ਪਰ ਕੂਕੇ ਏਦਾਂ ਕੂਕੇ ਨੇ।
ਗੁਰ ਸਿੱਖੋ ਸਾਨੂੰ ਗੁਰਸਿੱਖੀ ਪ੍ਰਾਣਾਂ ਤੋਂ ਵੱਧ ਪਿਆਰੀ ਏ।
ਤੇਰੇ ਖੰਡੇ ਬਾਟੇ ਅੰਮ੍ਰਿਤ ਦੀ............

ਸਿਰਲੱਥ ਵਤਨ ਦੇ ਨੌਜਵਾਨ ਅੱਜ ਜਿਹਲਾਂ ਦੇ ਵਿਚ ਤਾੜੇ ਗਏ।
ਸਨਤਾਲੀ ਵਿਚ ਸਿੰਘ ਉਜੜੇ ਫੇਰ ਚੌਰਾਸੀ ਵਿਚ ਉਜਾੜੇ ਗਏ।
ਨਨਕਾਣੇ ਵਾਲੇ ਸਾਕੇ ਤੋਂ ਵੀ ਵਧ ਕੇ ਪੜ੍ਹੇ ਪਹਾੜੇ ਗਏ।
ਓਦੋਂ ਇਕ ਲਛਮਣ ਸੜਿਆ ਸੀ ਅੱਜ ਸੈਆਂ ਲਛਮਣ ਸਾੜੇ ਗਏ।
ਭਾਰਤ ਦੇ ਫ਼ਿਰਕੂ ਟੋਲੇ ਨੇ ਸਾਨੂੰ ਮਾਰੀ ਜ਼ਰਬ ਕਰਾਰੀ ਏ।
ਤੇਰੇ ਖੰਡੇ ਬਾਟੇ ਅੰਮ੍ਰਿਤ ਦੀ............

ਕੰਨੀ ਕਤਰਾਵੋ ਨਾ ਸਿੰਘੋ, ਹੁਣ ਖੋਹਲ ਸਮੇਂ ਦੇ ਕੰਨ ਦਿਓ।
ਹਿੰਮਤ ਦਾ ਮਾਰੋ ਬੰਨ੍ਹ ਕੋਈ ਜ਼ਾਲਮ ਦਾ ਬਿਸਤਰ ਬੰਨ੍ਹ ਦਿਓ।
ਜੇ ਸਿੱਖ ਹੋ ਤੇਗ਼ ਬਹਾਦਰ ਦੇ ਜੇ ਦਸਮ ਪਿਤਾ ਨੂੰ ਮੰਨਦੇ ਓ।
ਆਰਾ ਨਾ ਸੀਸ ਫਿਰਾਵੋ ਹੁਣ ਆਰੇ ਦੇ ਦੰਦੇ ਭੰਨ ਦਿਓ।
'ਸਫ਼ਰੀ' ਹੁਣ ਬਿਪਤਾ ਨਹੀਂ ਸਹਿਣੀ ਅਸਾਂ ਪਹਿਲਾਂ ਬੜੀ ਸਹਾਰੀ ਏ।
ਤੇਰੇ ਖੰਡੇ ਬਾਟੇ ਅੰਮ੍ਰਿਤ ਦੀ............

***



ਸ੍ਰੀ ਕਿਰਪਾਲ ਬਿਲੂ

ਪ੍ਰਧਾਨ, ਪੰਜਾਬੀ ਕਲਚਰਲ ਸੋਸਾਇਟੀ

ਨਿਊਯਾਰਕ, ਅਮਰੀਕਾ.